# ਦੇਸ ਦੁਆਬਾ

www.PunjabiLibrary.com

ਕਰਮਜੀਤ ਸਿੰਘ

ਆਪਣੀ
ਨਾਨੀ
ਲਾਭੀ
ਤੇ
ਮਾਤਾ
ਰਤਨ ਕੌਰ
ਦੇ
ਨਾਂ

## ਸਿਰਲੇਖ ਸੂਚੀ

ਸ਼ੁਭ ਇੱਛਾ
ਇਸ ਸੰਗ੍ਰਹਿ ਬਾਰੇ
ਧਰਮੀ ਮਾਪੇ
ਵੀਰਾ ਮਾਂ ਕੋਲੋਂ ਤੁਰਿਆ
ਸੁਹਣਾ ਕੌਂਤ ਹੋਵੇ
ਸੌਂਕਣ ਗੁੱਤੋਂ ਫੜ ਲਈ
ਯਾਰੀ ਨਹੀਂ ਟੁੱਟਣੀ
ਨੌਕਰ ਪਰਦੇਸੀ
ਲੋਕ ਨਾਇਕ
ਜ਼ਮਾਨਾ ਬਲ਼ੀਆਂ ਦਾ
ਨੂੰਹ ਸੱਸ ਦਾ ਮੁਕਾਬਲਾ
ਦੇਰ ਭਾਵੇਂ ਮੱਝ ਚੁੰਘ ਜਾਏ
ਛੇੜ ਛਾੜ
ਸੁਹਾਗ
ਘੋੜੀਆਂ

3

## ਸ਼ੁਭ ਇੱਛਾ

ਨਿੱਕੇ ਹੁੰਦਿਆ ਇਕ ਟੱਪਾ ਸੁਣਦੇ ਹੁੰਦੇ ਸਾਂ ।
ਛੱਡ ਕੇ ਦੇਸ ਦੁਆਬਾ ਅੰਬੀਆਂ ਨੂੰ ਤਰਸੇਂਗੀ ।

'ਆਪੂੰ' ਦੁਆਬੇ ਦਾ ਜੰਮ-ਪਲ ਨਾ ਹੋਣ ਕਰਕੇ ਉਦੋਂ ਇਹ ਟੱਪਾ ਸੁਣਕੇ 'ਦੇਸ ਦੁਆਬਾ' ਦੂਰ-ਪਾਰ ਦਾ ਕੋਈ ਮੁਲਕ ਜਾਪਦਾ ਸੀ, ਇਥੋਂ ਦੇ ਅੰਬਾਂ ਦੇ ਬਾਗਾਂ ਦਾ ਰੋਮਾਂਸ ਮਨ ਨੂੰ ਖਿੱਚ ਪਾਉਂਦਾ ਸੀ ਤੇ 'ਦੁਆਬਾ' ਦੇਖਣ ਦੀ ਰੀਝ ਅੰਦਰੋਂ-ਅੰਦਰੀ ਕਰਵਟਾਂ ਲੈਂਦੀ ਸੀ । ਫਿਰ ਜਦੋਂ ਹੁਸ਼ਿਆਰਪੁਰ, ਟਾਂਡਾ, ਉੜਮੁੜ, ਨਵਾਂ ਸ਼ਹਿਰ, ਜਲੰਧਰ, ਫਗਵਾੜਾ, ਗੁਰਾਇਆ ਤੇ ਦੁਆਬੇ ਦੇ ਕੁਝ ਪਿੰਡਾਂ ਵਿਚ ਜਾਣ ਦਾ ਮੌਕਾ ਬਣਿਆ ਤਾਂ ਸਾਰਾ ਰੋਮਾਂਸ ਕਾਫੂਰ ਹੋ ਗਿਆ ਤੇ ਦੇਖਿਆ ਕਿ 'ਦੁਆਬਾ' ਕੋਈ ਆਪਣੇ 'ਮਾਲਵੇ' ਨਾਲੋਂ ਵਿਸ਼ੇਸ਼ ਵੱਖਰਾ ਖਿੱਤਾ ਨਹੀਂ ਤੇ ਉਥੇ ਕੋਈ ਅੰਬਾਂ ਦੇ ਅਨੋਖੇ ਬਾਗ਼ ਨਹੀਂ । ਉਦੋਂ ਤੱਕ ਇਹ ਗਿਆਨ ਵੀ ਹੋ ਚੁੱਕਾ ਸੀ ਕਿ ਇਸ ਟੱਪੇ ਵਿਚ 'ਦੇਸ' ਸ਼ਬਦ ਕਿਸੇ ਮੁਲਕ ਲਈ ਨਹੀਂ, ਸਗੋਂ ਇਕ ਵਿਸ਼ੇਸ਼ ਸੰਸਕ੍ਰਿਤਕ ਦੇਸ (Cultural Space) ਲਈ ਆਇਆ ਹੈ । ਡਾ : ਕਰਮਜੀਤ ਸਿੰਘ ਦੇ ਲੋਕ-ਗੀਤ ਸੰਗ੍ਰਹਿ 'ਦੇਸ ਦੁਆਬਾ' ਨੂੰ ਪੜ੍ਹ ਕੇ ਦੁਆਬੇ ਦੀ ਸੰਸਕ੍ਰਿਤੀ ਦਾ ਰਸੀਆਂ ਅੰਬੀਆਂ ਵਰਗਾ ਰਸ ਮਾਣਦਿਆਂ ਇਸ ਗੱਲ ਦਾ ਵੀ ਬੋਧ ਹੋਇਆ ਕਿ ਮਾਨਵ ਲਈ ਆਪਣੇ ਪਿੰਡ, ਆਪਣੀ ਧਰਤੀ ਤੇ ਆਪਣੀ ਕਲਚਰ ਦੀ ਜਕੜ ਕਿੰਨੀ ਮਜ਼ਬੂਤ ਹੁੰਦੀ ਹੈ ਤੇ ਕਿਨ੍ਹਾਂ ਮਜ਼ਬੂਰੀਆਂ ਵੱਸ ਉਹ ਆਪਣੇ 'ਦੇਸ' ਨੂੰ ਛੱਡਦਾ ਹੈ ਤੇ ਉਸ ਵੱਲ ਪਰਤਣ ਦਾ ਤਰਸੇਵਾਂ ਜਾਂ ਉਦਰੇਵਾਂ (Nostalgia) ਭੋਗਦਾ ਹੈ :–

ਅੱਗੇ ਅੱਗੇ ਜਾਂਵਦੀ ਵੇ ਪਿੱਛੇ ਮੁੜ ਦੇਖਦੀ,
ਨਜਰੀਂ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ !
ਹੋਰ ਧੀਆਂ ਦਿੱਤੀਆਂ ਨੀ ਦੇਸ ਦੁਆਬੜੇ,
ਮੈਂ ਕਿਉਂ ਦਿਤੜੀ ਵੇ ਚੰਦਰੇ ਪਹਾੜ ਵੇ ।

'ਪਹਾੜ' ਆਪਣੇ ਆਪ ਵਿਚ 'ਚੰਦਰਾ' ਨਹੀਂ (ਪਹਾੜੀ ਖਿੱਤੇ ਦੇ ਲੋਕਾਂ ਲਈ 'ਪਹਾੜੇ ਦਾ ਜੀਣ' ਹੀ ਸਭ ਤੋਂ ਵਧੀਆ ਜੀਣ ਹੈ), ਕੇਵਲ ਉਸ ਲਈ ਚੰਦਰਾ ਹੈ ਜਿਸ ਦਾ ਆਪਣਾ 'ਦੇਸ ਦੁਆਬਾ' ਹੈ ।

'ਦੇਸ ਦੁਆਬਾ' ਪੁਸਤਕ ਦੇ ਲਗਭਗ ਸਾਰੇ ਗੀਤ ਔਰਤਾਂ ਦੇ ਗਾਏ ਹੋਏ ਹਨ ਤੇ ਇਨ੍ਹਾਂ ਦਾ ਬਹੁਤਾ ਸੰਬੰਧ ਵਿਆਹ-ਸ਼ਾਦੀਆਂ ਨਾਲ ਜਾਂ 'ਦੁਆਬਣ' ਮੁਟਿਆਰ ਦੇ ਸਹੁਰੇ ਘਰ ਦੇ ਜੀਵਨ ਨਾਲ ਹੈ ਤੇ ਉਸ ਦੇ ਜੀਵਨ ਵਿਚ ਬਾਬਲ ਦੇ ਦੇਸ ਦਾ ਉਦਰੇਵਾਂ ਭਰਪੂਰ ਰੂਪ ਵਿਚ ਮੌਜੂਦ ਹੈ । ਦੁਆਬੇ ਦੇ ਹੀ ਨਹੀਂ, ਸਮੁੱਚੇ ਪੰਜਾਬ ਦੇ ਲੋਕ ਗੀਤਾਂ ਦਾ ਇਹ ਸਾਂਝਾ ਅਨੁਭਵ ਹੈ ਤੇ ਆਪਣੇ ਅੰਤਮ ਰੂਪ ਵਿਚ ਇਹ ਸਮੁੱਚੀ ਮਾਨਵਤਾ ਦਾ ਸਾਂਝਾ ਅਨੁਭਵ ਹੈ । ਉਦਰੇਵੇਂ ਦੇ ਕਾਰਣ ਵੱਖੋ ਵੱਖਰੇ ਹੋ ਸਕਦੇ ਹਨ, ਪਰ ਉਦਰੇਵਾਂ ਸਦੀਵੀ ਤੇ ਸਰਬਵਿਆਪਕ ਹੈ । ਆਧੁਨਿਕ ਸੋਚ ਦਾ ਮਾਲਕ ਉਦਰੇਵੇਂ ਨੂੰ ਉਤਲੀ ਉਪਭਾਵਕਤਾ ਕਹਿ ਕੇ ਇਸ ਉੱਤੇ ਨੱਕ ਚਾੜ੍ਹਦਾ ਹੈ, ਖਿੱਝਦਾ ਹੈ, ਪਰ ਜੇ ਉਹ ਆਪਣੇ ਅੰਦਰ ਝਾਤੀ ਮਾਰ ਕੇ ਵੇਖੇ ਤਾਂ ਉਹ ਵੀ ਆਪਣੇ ਪਿੰਡ, ਸ਼ਹਿਰ, ਦੇਸ ਜਾਂ ਘਰ ਤੋਂ ਓਦਰਿਆ ਹੋਇਆ ਮਹਿਸੂਸ ਕਰੇਗਾ । ਰੇਮੰਡ ਵਿਲੀਅਮਜ਼ ਦਾ ਕਥਨ ਹੈ :

'Nostalgia, it can be said, is universal and persistant; only other man'snostalgia offend.' (The Country and the City, P.12).

ਲੋਕ ਗੀਤ ਇਕੱਠੇ ਕਰਨ ਪਿੱਛੇ ਵੀ ਇਕ ਕਾਰਨ ਇਹ ਉਦਰੇਵਾਂ ਹੈ । ਸਾਡੀ ਪੁਰਾਣੀ ਪੇਂਡੂ ਕਲਚਰ ਨਵੇਂ ਸਨਅਤੀਕਰਣ ਜਾਂ ਸ਼ਹਿਰੀਕਰਣ ਦੇ ਪ੍ਰਭਾਵ ਹੇਠ ਨਕਾਰੀ ਜਾ ਰਹੀ ਹੈ, ਤੇ ਜਿਵੇਂ ਹੀ ਸਾਡੇ ਵਿਚੋਂ ਕੋਈ ਪਿੰਡ ਤੋਂ ਉੱਠ ਸ਼ਹਿਰ ਦਾ ਵਾਸੀ ਹੋ ਜਾਂਦਾ ਹੈ ਤਿਉਂ ਹੀ ਪੇਂਡੂ ਸੰਸਕ੍ਰਿਤੀ ਦਾ ਮੋਹ ਉਸ ਵਿਚ ਵਧਰੇ ਜਾਗਦਾ ਹੈ, ਜਿਸ ਨੂੰ ਉਹ ਛੱਡ ਚੁੱਕਾ ਹੈ ਜਾਂ ਛੱਡ ਰਿਹਾ ਹੈ । ਇਸ ਦਾ ਇਕ ਕਾਰਨ ਇਹ ਵੀ ਹੈ ਕਿ ਨਵੀਂ ਸ਼ਹਿਰੀ ਸੰਸਕ੍ਰਿਤੀ ਉਨ੍ਹਾਂ ਮਾਨਵੀ ਮੁੱਲਾਂ (ਸਾਂਝ, ਪਿਆਰ, ਹਮਦਰਦੀ, ਸਾਦਗੀ, ਆਦਿ ਤੋਂ ਊਣੀਂ ਹੈ ਜਿਨ੍ਹਾਂ ਦਾ ਚਰਚਾ ਪੁਰਾਣੀ ਸੰਸਕ੍ਰਿਤੀ ਦੇ ਪ੍ਰਸੰਗ ਵਿਚ ਆਮ ਹੁੰਦਾ ਹੈ । ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਮਾਨਵੀ ਕਦਰਾਂ ਦਾ ਥੋੜ ਪ੍ਰਾਪਤ ਲੋਕ-ਗੀਤਾਂ ਦੀ ਨਾਇਕਾ ਨੂੰ ਵੀ ਮਹਿਸੂਸ ਹੁੰਦੀ ਹੈ :--

ਦੂਰੋਂ ਤਾਂ ਚਲ ਕੇ ਆਈ ਨੀ ਮਾਏ, ਕਿਨੇ ਨਾ ਦਿੱਤਾ ਪਿਆਰ ।
ਨੀ ਸੁਣ ਮੇਰੀਏ ਲਾਡਲੀਏ ਮਾਏ, ਕਿਨੇ ਨਾ ਕਿਹਾ ਤੂੰ ਬੈਠ ।

'ਜੋ ਹੈ' ਤੇ ਜੋ 'ਚਾਹੀਦਾ ਹੈ' ਦਾ ਦਵੰਦ ਇਨ੍ਹਾਂ ਲੋਕ-ਗੀਤਾਂ ਵਿਚ ਥਾਂ-ਪੁਰ-ਥਾਂ ਮਿਲਦਾ ਹੈ । ਇਸ ਤੋਂ ਇਲਾਵਾ, ਹਥਲੀ ਪੁਸਤਕ ਤੋਂ ਦੁਆਬੇ ਦੇ ਰਸਮ ਰਿਵਾਜ, ਉਸ ਇਲਾਕੇ ਵਿਚ ਸਿੰਘ ਸਭਾ ਲਹਿਰ ਦੇ ਸੁਧਾਰਾਂ ਦਾ ਪ੍ਰਭਾਵ, ਦੁਆਬੀ, ਉਪਭਾਖਾ, ਸਥਾਪਤੀ ਦੇ ਸਮਰਥਨ ਤੇ ਵਿਰੋਧ ਦੇ ਰੂਪ ਵਿਚ ਵਰਗ-ਵਿਰੋਧ, ਸਥਾਪਿਤ ਨੈਤਿਕ ਮੁੱਲਾਂ ਦੀ ਸਿੱਖਿਆ ਤੇ ਕਾਮ ਨਾਲ ਸੰਬੰਧਤ ਭਾਵਨਾਵਾਂ ਦਾ ਵਿਰੋਧ, ਆਦਿਕ ਦਾ ਅਧਿਐਨ ਵੀ ਕੀਤਾ ਜਾ ਸਕਦਾ ਹੈ ।

ਡਾ: ਕਰਮਜੀਤ ਸਿੰਘ ਦੁਆਬੇ ਦੇ ਰਹਿਣ ਵਾਲਾ ਹੈ ਤੇ ਮੇਰੇ ਸੂਝਵਾਨ ਤੇ ਉੱਦਮੀ ਵਿਦਿਆਰਥੀਆਂ ਵਿਚੋਂ ਹੈ । ਉਸ ਦੇ ਜਿੰਨੀ ਮਿਹਨਤ ਨਾਲ ਇਹ ਲੋਕਗੀਤ ਇਕੱਤਰ ਕੀਤੇ ਹਨ ਉਸ ਦਾ ਅੰਦਾਜ਼ਾ ਇਨ੍ਹਾਂ ਨੂੰ ਪੜ੍ਹ ਕੇ ਹੀ ਲਾਇਆ ਜਾ ਸਕਦਾ ਹੈ । ਇਨ੍ਹਾਂ ਵਿਚੋਂ ਸ਼ਾਇਦ ਹੀ ਕੋਈ ਗੀਤ ਅਜਿਹਾ ਲੱਭੇ ਜਿਹੜਾ ਪਹਿਲਾਂ ਵੀ ਕਿਸੇ ਲੋਕਗੀਤ ਸੰਗ੍ਰਹਿ ਵਿਚ ਸ਼ਾਮਲ ਹੋਵੇ । ਇਹ ਠੀਕ ਹੈ ਕਿ ਪੰਜਾਬ ਦੇ ਹਰ ਖਿੱਤੇ ਦਾ ਲੋਕਗੀਤ ਆਪਣਾ ਰੂਪ ਵਟਾ ਕੇ ਕਿਸੇ ਦੂਸਰੇ ਖਿੱਤੇ ਵਿਚ ਪ੍ਰਚਲਤ ਹੋ ਜਾਂਦਾ ਹੈ, ਪਰ 'ਪੰਜਾਬੀ ਲੋਕਗੀਤ' ਦਾ ਮੁਹਾਂਦਰਾ ਇਨ੍ਹਾਂ ਵੰਨ-ਸੁਵੰਨੇ ਰੂਪਾਂ ਦੀ ਤੁਲਨਾ ਵਿਚੋਂ ਹੀ ਪਛਾਣਿਆ ਜਾ ਸਕਦਾ ਹੈ । ਇਸ ਪੱਖੋਂ ਦੁਆਬੇ ਦੇ ਲੋਕਗੀਤਾਂ ਦਾ ਇਹ ਇਕੱਤਰੀਕਰਣ ਹੋਰ ਵੀ ਮਹੱਤਵਪੂਰਣ ਹੈ । ਮੈਂਨੂੰ ਭਰੋਸਾ ਹੈ ਕਿ ਡਾ : ਕਰਮਜੀਤ ਸਿੰਘ ਇਸ ਤੋਂ ਬਾਅਦ ਦੁਆਬੇ ਦੇ ਹੋਰ ਲੋਕ ਗੀਤਾਂ (ਵਿਸ਼ੇਸ਼ ਕਰਕੇ ਮਰਦਾਂ ਨਾਲ ਸੰਬੰਧਤ ਗੀਤਾਂ ਨਾਲ ਵੀ ਸਾਡੀ ਸਾਂਝ ਪਵਾਏਗਾ ਤੇ 'ਦੇਸ ਦੁਆਬੇ' ਤੋਂ ਬਾਹਰ ਦੇ ਵਸਨੀਕ ਇਨ੍ਹਾਂ 'ਅੰਬੀਆਂ' ਨੂੰ ਤਰਸਦੇ ਨਹੀਂ ਰਹਿਣਗੇ । ਇਸ ਨਾਲ ਹਰ ਇਕ ਦੀ ਆਪੋ ਆਪਣੇ ਖਿੱਤੇ ਦੇ ਯਥਾਰਥਕ ਲੋਕ-ਜੀਵਨ ਦੀ ਸਮਝ ਵਿਚ ਵੀ ਵਾਧਾ ਹੋਵੇਗਾ ।

ਸ਼ੁਭ ਕਾਮਨਾਵਾਂ ਨਾਲ

ਕੇਸਰ ਸਿੰਘ 'ਕੇਸਰ'
23-5-1982

# ਇਸ ਸੰਗ੍ਰਹਿ ਬਾਰੇ

ਮੈਂ ਆਪਣੇ ਦੋਸਤ ਡਾ: ਨਾਹਰ ਸਿੰਘ ਦਾ ਥੀਸਸ 'ਮਲਵਈ ਲੋਕ-ਗੀਤਾਂ ਦਾ ਰੂਪਾਤਮਕ ਅਧਿਐਨ' ਪੜ੍ਹ ਰਿਹਾ ਸਾਂ, ਜਦੋਂ ਮੈਨੂੰ ਮਹਿਸੂਸ ਹੋਇਆ ਕਿ ਪੰਜਾਬੀ ਖੋਜੀਆਂ ਤੇ ਵਿਦਵਾਨਾਂ ਦਾ ਧਿਆਨ ਦੁਆਬੇ ਦੇ ਲੋਕ-ਗੀਤਾਂ ਵਲ ਘੱਟ ਹੀ ਗਿਆ ਹੈ। ਅੰਮ੍ਰਿਤਾ ਪ੍ਰੀਤਮ, ਸਤਿਆਰਥੀ, ਐਮ, ਐਸ. ਰੰਧਾਵਾ ਤੇ ਵਣਜਾਰਾ ਬੇਦੀ ਦੇ ਸੰਪਾਦਿਤ ਸੰਗ੍ਰਹਿਆਂ ਨੂੰ ਵਾਚਣ ਤੋਂ ਬਾਦ ਵੀ ਮੇਰਾ ਇਹ ਅਹਿਸਾਸ ਕਾਇਮ ਰਿਹਾ। ਇਸੇ ਗੱਲ ਨੇ ਹੀ ਮੈਨੂੰ ਆਪਣੇ ਇਲਾਕੇ ਦੇ ਲੋਕਗੀਤ ਇਕੱਠੇ ਕਰਨ ਲਈ ਪ੍ਰੇਰਿਆ। ਇਕ ਸਾਲ ਵਿਚ ਮੈਂ ਹੁਸ਼ਿਆਰਪੁਰ ਦੇ ਬਾਦੋਵਾਲ, ਭੇਖੋਵਾਲ ਹਰਿਆਣਾ ਤਾਜਪੁਰ, ਕਲਾਂ, ਲਾਂਬੜਾ ਸਕੂਲ, ਭੁਲਾਣਾ, ਸੱਜਣ, ਮੁਕੇਰੀਆਂ, ਮੋਹਰੀਚੱਕ, ਮੁਕੀਮਪੁਰ, ਤਿਹਾੜਾ, ਦੁਰਮੀਵਾਲ ਤੇ ਟਾਂਡਾ ਆਦਿ ਪਿੰਡ ਅਤੇ ਕਸਬਿਆਂ ਵਿਚ ਫਿਰਿਆ। ਮੈਂ ਆਪਣੀਆਂ ਰਿਸ਼ਤੇਦਾਰੀਆਂ ਰਾਹੀਂ ਪਿੰਡਾਂ ਵਿਚ ਜਾ ਕੇ ਇਸਤ੍ਰੀਆਂ ਨੂੰ ਇਕੱਠਿਆਂ ਕੀਤਾ ਤੇ ਉਨ੍ਹਾਂ ਤੋਂ ਗੀਤ ਟੇਪ ਕਰਵਾਏ। ਮੈਨੂੰ ਲਾਭੀ, ਕਿਸ਼ਨੋ, ਰਤਨ ਕੌਰ, ਬਚਨੋ, ਕਰਮੋ ਸਵਰਨ ਕੌਰ, ਕੁਲਦੀਪ ਕੌਰ, ਮਾਟੇ, ਬਚਨੀ, ਸ਼ੈਂਕਰੀ, ਸਿਮਰੋ ਵਿਦਿਆ ਤੇ ਛਿੱਨੋ ਦਾ ਸਭ ਤੋਂ ਵੱਧ ਸਹਿਯੋਗ ਪ੍ਰਾਪਤ ਹੋਇਆ ਸਭ ਤੋਂ ਵੱਧ ਗੀਤ ਪਿੰਡ ਮੋਹਰੀ ਚੱਕ ਤੋਂ ਮਿਲੇ।

ਗੀਤ ਇਕੱਠੇ ਕਰਦੇ ਸਮੇਂ ਕਈ ਤਜਰਬੇ ਹੋਏ ਜਿਨ੍ਹਾਂ ਨੂੰ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ। ਇਕ ਤਜਰਬਾ ਇਹ ਸੀ ਕਿ ਸਾਡੀਆਂ ਖੁਲ੍ਹੀਆਂ ਡੁਲ੍ਹੀਆਂ ਕੁਦਰਤੀ ਪਵ੍ਰਿਤ ਭਾਵਨਾਵਾਂ ਉਪਰ ਧਾਰਮਿਕਤਾ ਨੇ ਬੜਾ ਪੁੱਠਾ ਪ੍ਰਭਾਵ ਪਾਇਆ ਹੈ। ਤਾਜਪੁਰ ਕਲਾਂ ਦੀ ਬਚਨੋ ਨੂੰ ਜਦੋਂ ਗਾਉਣ ਨੂੰ ਕਿਹਾ ਤਾਂ ਉਸ ਨੇ ਇਹ ਕਹਿਕੇ ਗਾਉਣ ਤੋਂ ਇਨਕਾਰ ਕਰ ਦਿੱਤਾ ਕਿ 'ਸਾਡਾ ਤਾਂ ਹੁਣ ਮਤਾ ਹੀ ਹੋਰ ਹੋ ਗਿਆ।' ਧਾਰਮਿਕ ਬਾਣਾ ਪਾਉਣ ਕਰਕੇ ਉਹ ਸੱਚੀਆਂ ਭਾਵਨਾਵਾਂ ਦੇ ਗੀਤ ਗਾਉਣ ਤੋਂ ਵੀ ਇਨਕਾਰੀ ਸੀ। ਜਦੋਂ ਇਕ ਘੰਟੇ ਦੀ ਲਗਾਤਾਰ ਗੱਲਬਾਤ ਤੋਂ ਮਗਰੋਂ ਉਸਨੂੰ ਮਨਾਇਆ ਤਾਂ ਉਹ 'ਪੁਰਾਣਾ ਮਤਾ' ਟੇਪ ਦੇ ਹਵਾਲੇ ਕਰਨ ਲਈ ਤਿਆਰ ਹੋਈ। ਮੇਰੀ ਵਲੋਂ ਹੁਣ ਤਕ ਇਕੱਠੇ ਕੀਤੇ ਸਾਰੇ ਗੀਤ ਇਸਤ੍ਰੀਆਂ ਵਲੋਂ ਗਾਏ ਗਏ ਹਨ। ਇਹ ਸਾਰੇ ਦੇ ਸਾਰੇ ਟੇਪ ਰੂਪ ਵਿਚ ਮੌਜੂਦ ਹਨ। ਮੈਂ ਚਾਹੁੰਦਾ ਹੈ ਕਿ ਇਨ੍ਹਾਂ ਨੂੰ ਕਿਸੇ ਤਰ੍ਹਾਂ ਰੱਖਿਆ ਜਾਵੇ ਕਿਉਂਕਿ ਲਿਖੇ ਨੂੰ ਪੜ੍ਹਨ ਦਾ ਅਤੇ ਗਾਏ ਨੂੰ ਸੁਣਨ ਦਾ ਬਿਲਕੁਲ ਵੱਖਰਾ ਅਨੁਭਵ ਹੈ। ਜੇਕਰ ਗੀਤਾਂ ਨੂੰ ਗਾਏ ਰੂਪ ਵਿਚ ਸੁਣਿਆ ਨਾ ਜਾਵੇ ਤਾਂ ਲਿਖਤੀ ਰੂਪ ਵਿਚ ਇਨ੍ਹਾਂ ਨੂੰ ਮਾਣਿਆ ਨਹੀਂ ਜਾ ਸਕਦਾ। ਅਸਲੀ ਲੋਕ-ਭਾਵਨਾਵਾਂ ਲੈਅ ਵਿਚ ਹੀ ਪ੍ਰਗਟ ਹੁੰਦੀਆਂ ਹਨ।

ਹੁਸ਼ਿਆਰਪੁਰ ਵਿਚ 'ਗੀਤ' ਸ਼ਬਦ ਲੰਮੇ ਹੇਕਾਂ ਵਾਲੇ ਲੋਕ ਗੀਤਾਂ ਅਤੇ ਢੋਲਕੀ ਦੇ ਗੀਤਾਂ ਲਈ ਵਰਤਿਆ ਜਾਂਦਾ ਹੈ। ਆਮ ਤੌਰ ਤੇ ਢੋਲਕੀ ਦੀ ਥਾਂ ਤੇ ਆਟਾ ਗੁੰਨ੍ਹਣ ਵਾਲੀ ਪਿੱਤਲ ਦੀ ਵੱਡੀ ਪਰਾਤ ਵਰਤੀ ਜਾਂਦੀ ਹੈ। ਇਕ ਇਸਤ੍ਰੀ ਪੁੱਠੀ ਪਰਾਤ ਰੱਖ ਕੇ ਖੱਬਾ ਹੱਥ ਉਸ ਉਪਰ ਹਥਿਆਲ਼ੀ ਉਤਾਂਹ ਨੂੰ ਕਰਕੇ ਰੱਖਦੀ ਹੈ ਤੇ ਸੱਜਾ ਹੱਥ ਸਿੱਧਾ ਪਰਾਤ ਉਪਰ ਰੱਖਿਆ ਜਾਂਦਾ ਹੈ। ਦੋ ਦੋ ਬਾਰ ਸੱਜਾ ਤੇ ਖੱਬਾ ਹੱਥ ਬਾਰੀ ਬਾਰੀ ਪਰਾਤ ਉਪਰ ਪੈਂਦੇ ਹਨ। ਦੋ ਬਾਰ ਸੱਜਾ ਹੱਥ ਖੱਬੇ ਹੱਥ ਉਪਰ ਇਉਂ ਵੱਜਦਾ ਹੈ ਕਿ ਸੱਜਾ ਹੱਥ ਪਰਾਤ ਨਾਲ ਵੀ ਟਕਰਾਏ। ਇਉਂ ਠੱਪ ਠੱਪ, ਠਿੱਪ ਠਿੱਪ, ਠੱਪ ਠੱਪ ਠਿੱਪ, ਠਿੱਪ, ਦਾ ਤਾਲ ਗੀਤ ਮੁਤਾਬਕ ਤੇਜ ਤੇ ਹੌਲ਼ੀ ਚਲਦਾ ਰਹਿੰਦਾ ਹੈ।

ਇਸਤ੍ਰੀਆਂ ਲੰਮੇ ਹੇਕਾਂ ਦੇ ਗੀਤ ਸਮੂਹਾਂ ਵਿਚ ਗਾਉਂਦੀਆ ਹਨ। ਉਹ ਦੋ ਜੁੱਟ ਬਣਾ ਲੈਂਦੀਆਂ ਹਨ। ਦੋਨੋਂ ਜੁੱਟ ਬਾਰੀ ਬਾਰੀ ਇਕੋ ਪੰਗਤੀ ਦਾ ਦੁਹਰਾ ਕਰਦੇ ਹਨ। ਇਉਂ ਇਕ ਜੁੱਟ ਨੂੰ ਨਾਲ਼ੋ ਨਾਲ਼ ਸਾਹ ਵੀ ਆਉਂਦਾ ਰਹਿੰਦਾ ਹੈ। ਅੱਜ ਕਲ ਲੰਮੇ ਹੇਕਾਂ ਵਾਲ਼ੇ ਗੀਤ ਪਿੰਡਾਂ ਵਿਚ ਘੱਟ ਗਾਏ ਜਾਂਦੇ ਹਨ। ਕਾਰਣ ਇਹ ਹੈ ਕਿ ਨਵੀਆਂ ਕੁੜੀਆਂ ਲੰਮੀ ਹੇਕ ਦੇ ਗੀਤ ਗਾ ਨਹੀਂ ਸਕਦੀਆਂ, ਪਰ ਢੋਲਕੀ ਦੇ ਗੀਤਾਂ ਨੂੰ ਗਾਉਂਦੀਆਂ ਉਹ ਬਜ਼ੁਰਗ ਇਸਤਰੀਆ ਦੀ ਬਾਰੀ ਵੀ ਨਹੀਂ ਆਉਣ ਦਿੰਦੀਆਂ।

ਹੁਸ਼ਿਆਰਪੁਰ ਵਿਚ ਇਹ ਰੀਤ ਹੈ ਕਿ ਕੁੜੀ ਦੇ ਵਿਆਹ ਤੇ ਗਾਉਣ ਦੇ ਆਰੰਭ ਵਿਚ ਘੱਟੋ ਘੱਟ ਪੰਜ ਸੁਹਾਗ ਅਤੇ ਮੁੰਡੇ ਦੇ ਵਿਆਹ ਤੇ ਪੰਜ ਘੋੜੀਆਂ ਅਵੱਸ਼ ਗਾਈਆਂ ਜਾਂਦੀਆਂ ਹਨ । ਇਨ੍ਹਾਂ ਤੋਂ ਬਾਅਦ ਲੰਮੇ ਹੇਕਾਂ ਵਾਲ਼ੇ ਗੀਤ ਅਤੇ ਫਿਰ ਢੋਲਕੀ ਦੇ ਗੀਤ ਗਾਏ ਜਾਂਦੇ ਹਨ । ਘੋੜੀਆਂ ਮੁੰਡੇ ਦੇ ਵਿਆਹ ਉਤੇ ਅਤੇ ਸੁਹਾਗ ਕੁੜੀ ਦੇ ਵਿਆਹ ਉਤੇ ਗਾਏ ਜਾਂਦੇ ਹਨ, ਪਰੰਤੂ ਲੰਮੇ ਹੇਕਾਂ ਵਾਲ਼ੇ ਗੀਤ ਅਤੇ ਢੋਲਕੀ ਦੇ ਬਹੁਤੇ ਗੀਤ ਸਾਂਝੇ ਹੀ ਦੋਨਾਂ ਮੌਕਿਆਂ ਤੇ ਗਾ ਲਏ ਜਾਂਦੇ ਹਨ । ਇਸ ਲਈ ਲੰਮੇ ਗੀਤਾਂ ਨੂੰ ਰੂਪ ਪੱਖੋਂ ਵੱਖਰੇ ਹੀ ਮੰਨਣਾ ਚਾਹੀਦਾ ਹੈ । ਆਮ ਤੌਰ ਤੇ ਬਜ਼ੁਰਗ ਇਸਤਰੀਆਂ ਗੀਤਾਂ ਨੂੰ ਅਧੂਰਾ ਨਹੀਂ ਛੱਡਦੀਆਂ ਕਿਉਂਕਿ ਉਨ੍ਹਾਂ ਦਾ ਹਿਹ ਵਿਚਾਰ ਹੈ ਕਿ ਅਧੂਰਾ ਗੀਤ ਗਾਉਣ ਨਾਲ਼ ਗਿਲੜ੍ਹ ਹੋ ਜਾਂਦਾ ਹੈ ।

ਲੋਕ ਗੀਤ ਇਕੱਠੇ ਕਰਦਿਆਂ ਇਹ ਤੀਬਰ ਅਹਿਸਾਸ ਹੁੰਦਾ ਹੈ ਕਿ ਇਨ੍ਹਾਂ ਲੋਕ-ਗੀਤਾਂ ਦਾ ਖਜ਼ਾਨਾ ਅਥਾਹ ਹੈ ਤੇ ਇਨ੍ਹਾਂ ਨੂੰ ਇਕੱਠਿਆਂ ਕਰਨ ਲਈ ਪੂਰੀ ਉਮਰ ਵੀ ਘੱਟ ਹੈ । ਹਰ ਪੰਜ ਮੀਲ ਤੋਂ ਅਗਾਂਹ ਕਈ ਨਵੇਂ ਗੀਤ ਪ੍ਰਚਲਿਤ ਹਨ । ਲੋਕ-ਗੀਤਾਂ ਦੇ ਸਫ਼ਰ ਦਾ ਇੱਕੋ ਇੱਕ ਤੇ ਮੁੱਖ ਸਾਧਨ ਲੜਕੀਆਂ ਦੇ ਦੂਰ ਨੇੜੇ ਦੇ ਵਿਆਹ ਹਨ । ਇਕ ਲੜਕੀ ਜਦੋਂ ਇਕ ਪਿੰਡ ਤੋਂ ਦੂਜੇ ਪਿੰਡ ਵਿਚ ਵਿਆਹੀ ਜਾਂਦੀ ਹੈ ਤਾਂ ਉਹ ਆਪਣੇ ਨਾਲ਼ ਲੋਕ ਗੀਤਾਂ ਦਾ ਦਾਜ ਵੀ ਲੈ ਜਾਂਦੀ ਹੈ । ਆਪ ਨੂੰ ਆਉਂਦੇ ਪੂਰੇ ਗੀਤ ਉਹ ਦੂਸਰੇ ਪਿੰਡ ਪੁਚਾ ਦਿੰਦੀ ਹੈ ਤੇ ਓਥੋਂ ਦੇ ਨਵੇਂ ਗੀਤ ਆਪਣੇ ਪਿੰਡ ਲੈ ਆਉਂਦੀ ਹੈ । ਆਪਣੇ ਪਿੰਡ ਦੇ ਅੱਧ-ਪਚੱਦੇ ਗੀਤਾਂ ਨੂੰ ਸਹੁਰੇ ਪਿੰਡ ਦੇ ਗੀਤਾਂ ਨਾਲ਼ ਰਲ਼ਾ ਕੇ ਉਹ ਨਵੀਨ ਗੀਤਾਂ ਦੀ ਸਿਰਜਣਾ ਕਰਦੀ ਹੈ । ਇਉਂ ਪਰੰਪਰਾ ਵਿਚੋਂ ਨਵੀਨਤਾ ਪ੍ਰਗਟ ਹੁੰਦੀ ਰਹਿੰਦੀ ਹੈ ਤੇ ਲੋਕ ਗੀਤਾਂ ਦਾ ਪ੍ਰਵਾਹ ਅਗਾਂਹ ਤੁਰਿਆ ਰਹਿੰਦਾ ਹੈ । ਉਹ ਗੀਤ ਅਲੋਪ ਹੁੰਦੇ ਹਨ ਜਿਹੜੇ ਲੰਮੀਆਂ ਹੇਕਾਂ ਕਰਕੇ ਜਾਂ ਕਿਸੇ ਹੋਰ ਕਾਰਣ ਨਵੀਂ ਪੀੜ੍ਹੀ ਅਪਣਾ ਨਹੀਂ ਸਕਦੀ । ਬਜ਼ੁਰਗ ਇਸਤ੍ਰੀਆਂ ਦੇ ਨਾਲ਼ ਹੀ ਇਹ ਗੀਤ ਖਤਮ ਹੋ ਜਾਂਦੇ ਹਨ । ਇਨ੍ਹਾਂ ਗੀਤਾਂ ਨੂੰ ਮਰਨ ਤੋਂ ਬਚਾਉਣ ਲਈ ਹੀ ਸਾਡੇ ਅੱਜ ਦੇ ਲੇਖਕ ਯਤਨਸ਼ੀਲ ਹਨ । ਪਰ ਉਹ ਗੀਤਾਂ ਦਾ ਕੇਵਲ ਲਿਖਤੀ ਰੂਪ ਹੀ ਦਿੰਦੇ ਹਨ, ਮੌਲਿਕ ਤਰਜ਼ਾਂ ਨੂੰ ਸਾਂਭਣ ਵੱਲ ਅਜੇ ਪੂਰਾ ਧਿਆਨ ਨਹੀਂ ਦਿੱਤਾ ਗਿਆ ।

ਇਹ ਗੱਲ ਬਿਲਕੁਲ ਸੱਚ ਹੈ ਕਿ ਨਵੀਂ ਸਭਿਅਤਾ ਦੇ ਵਿਕਾਸ ਨਾਲ਼ ਲੋਕ-ਗੀਤ ਅਲੋਪ ਹੋ ਰਹੇ ਹਨ । ਵੱਡੇ ਸ਼ਹਿਰਾਂ ਵਿਚ ਹੁਣ ਵਿਆਹ ਤੋਂ ਦਸ ਪੰਦਰਾਂ ਦਿਨ ਪਹਿਲਾਂ ਗਾਉਣ ਨਹੀਂ ਬਿਠਾਇਆ ਜਾਂਦਾ । ਸਿਰਫ ਇਕ ਇਕ ਦਿਨ ਪਹਿਲਾਂ 'ਗਾਉਣ' ਦੀ ਥਾਂ 'ਲੇਡੀ ਸੰਗੀਤ' ਹੁੰਦਾ ਹੈ, ਜਿਸ ਵਿਚ ਲੋਕ ਗੀਤਾਂ ਨੂੰ ਫਿਲਮੀ ਤਰਜ਼ਾਂ ਉਪਰ ਢਾਲ਼ਿਆ ਗਿਆ ਹੁੰਦਾ ਹੈ ਜਾਂ ਫਿਰ ਕੇਵਲ ਫਿਲਮੀ ਸੰਗੀਤ ਹੀ ਪ੍ਰਧਾਨ ਹੁੰਦਾ ਹੈ । ਇਸਦੇ ਬਾਵਜੂਦ ਪਿੰਡਾਂ ਵਿੱਚੋਂ ਕਸਬਿਆਂ ਜਾਂ ਵੱਡਿਆਂ ਸ਼ਹਿਰਾਂ ਵਿਚ ਆਈ ਇਕ ਪੀੜ੍ਹੀ ਤਾਂ ਗੀਤਾਂ ਨੂੰ ਬਚਾਕੇ ਰੱਖਣ ਦਾ ਯਤਨ ਕਰਦੀ ਹੈ, ਪ੍ਰੰਤੂ ਇਹ ਯਤਨ ਬੜਾ ਨਿਗੂਣਾ ਜਿਹਾ ਹੁੰਦਾ ਹੈ । ਇਹ ਪੀੜ੍ਹੀ ਹੀ ਮੂਲ਼ ਗੀਤਾਂ ਨੂੰ ਫਿਲਮੀ ਤਰਜ਼ਾਂ ਉਪਰ ਢਾਲ਼ਦੀ ਹੈ ਤੇ ਨਵੀਂ ਪੀੜ੍ਹੀ ਇਸਦਾ ਵੀ ਤਿਆਗ ਕਰ ਦਿੰਦੀ ਹੈ । ਇਸ ਪ੍ਰਕ੍ਰਿਆਂ ਵਿਚ ਕੁਝ ਨਵੇਂ ਗੀਤਾਂ ਦਾ ਜਨਮ ਅਵੱਸ਼ ਹੁੰਦਾ ਹੈ ਜੋ ਨਵੀਨ ਸਭਿਆਚਾਰ ਨੂੰ ਆਪਣੇ ਵਿਚ ਸਮੇਟਦੇ ਹਨ । ਹੁਸ਼ਿਆਰਪੁਰ ਵਿਚ ਗਾਏ ਜਾਂਦੇ ਹੇਠ ਲਿਖੇ ਗੀਤ ਇਸ ਦੀ ਉਦਾਹਰਣ ਹਨ ।

--ਪਾਣੀ ਮਾਰ ਉਛਾਲ਼ੀ ਆਇਆ ਵਗਦੀ ਨ੍ਹੈਰ ਦੇ ਕੰਢੇ ।
ਸਾਨੂੰ ਕੌਲਜ ਇਕ ਪੁਆ ਦਿਓ ਵਗਦੀ ਨ੍ਹੈਰ ਦੇ ਕੰਢੇ ।
ਪੜ੍ਹਨਗੀਆਂ ਕੁੜੀਆ, ਕਿਤਾਬਾਂ ਚੱਕਣਗੇ ਮੁੰਡੇ ।
ਪਾਣੀ ਮਾਰ ਉਛਾਲ਼ੀ ਆਇਆ ਵਗਦੀ ਨ੍ਹੈਰ ਦੇ ਕੰਢੇ ।
--''ਵੇ ਮੈਂ ਕਾਲਜ ਦੇ ਵਿਚ ਪੜ੍ਹੀ ਹੋਈ ਆਂ ।

ਕਾਨ੍ਹਾਂ ਤੇਰਿਆਂ ਦੁੱਖਾਂ ਨਾਲ ਸੜੀ ਹੋਈ ਆਂ ।"
"ਲੱਖ ਲ੍ਹਾਨਤ ਤੇਰੇ ਪੜ੍ਹਨੇ ਦੀ,
ਕਿੱਥੇ ਸਿੱਖ ਲਈ ਏ ਲਾਮਤ ਲੜਨੇ ਦੀ"

ਹੁਸ਼ਿਆਰਪੁਰ ਵਿਚ ਪ੍ਰਾਪਤ ਸਾਰੀਆ ਬ੍ਰਿਆਈਆਂ (ਮੁੰਡਾ ਜੰਮਣ ਸਮੇਂ ਗਾਏ ਜਾਂਦੇ ਗੀਤ) ਅਣਛਪੀਆਂ ਤੇ ਬਹੁਮੁੱਲੀਆਂ ਹਨ । ਲੰਮੇ ਗੀਤ ਜੋ ਇਸ ਸੰਗ੍ਰਹਿ ਵਿਚ ਆਏ ਹਨ ਉਨ੍ਹਾਂ ਦੇ ਵਿਸ਼ੇ ਹਨ-ਦੁਆਬੇ ਤੋਂ ਬਾਹਰ ਪਹਾੜੀ ਇਲਾਕੇ ਲੜਕੀ ਲਈ ਪੇਸ਼ ਆਉਂਦੀਆਂ ਮੁਸ਼ਕਲਾਂ ਨੌਕਰ ਪਤੀ ਨਾਲ ਜੁੜੇ ਦੁੱਖ-ਸੁੱਖ, ਮਿਲਾਪ ਤੇ ਵਿਛੋੜੇ, ਅਨਜੋੜ ਵਰ ਸੰਬੰਧੀ ਗਿਲੇ ਸ਼ਿਕਵੇ, ਸੱਸ ਨੂੰਹ ਦੀ ਆਪਸੀ ਤਕਰਾਰ, ਦਿਓਰ ਭਰਜਾਈ ਦੀਆਂ ਲੜਾਈਆਂ ਤੇ ਚੁਹਲਬਾਜ਼ੀਆਂ, ਹੋਰਨਾਂ ਰਿਸ਼ਤੇਦਾਰੀਆਂ ਦੇ ਝੇੜੇ, ਆਰਥਿਕ ਤੰਗੀਆਂ ਕਾਰਣ ਸ਼ੌਕਾਂ ਦਾ ਗਲ਼ ਘੁੱਟ ਹੋਣ ਹੋਣ ਨਾਲ ਉਪਜੀਆਂ ਭਾਵਨਾਵਾਂ ਵੀਰ ਤੇ ਭੈਣ ਦੇ ਰੁਸੇਵੇਂ ਮਨੇਵੇਂ ਤੇ ਪਿਆਰ, ਨੂੰਹਾਂ ਦੀ ਬਲੀਸੌਂਕਣਪੁਣੇ ਤੋਂ ਪੈਦਾ ਹੋਏ ਦੁਖਾਂਤ ਤੇ ਸਮਾਜ ਵਿਚ ਅਪ੍ਰਵਾਨ ਪਿਆਰ ਦੀਆਂ ਲੁਕਵੀਆਂ ਚੀਸਾਂ । ਇਹਨਾਂ ਲੰਮੇ ਗੀਤਾਂ ਵਿਚ ਦੁੱਖਾਂ ਸੁੱਖਾਂ ਨੂੰ ਕਾਵਿ-ਕਹਾਣੀਆ ਵਿਚ ਵੀ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਵਿਚੋਂ ਦੁਆਬੇ ਦਾ ਵਾਤਾਵਰਣ ਤੇ ਜੀਵਨ ਝਲਕਾਂ ਮਾਰਦਾ ਹੈ, ਜਿਹਨਾਂ ਤੇ ਦੁਆਬੇ ਦੇ ਲੋਕ ਗੀਤਾਂ ਦੀ ਵੱਖਰੀ ਹੋਂਦ ਵੀ ਸਥਾਪਿਤ ਹੁੰਦੀ ਹੈ । ਜਿਵੇਂ :--

--ਹੋਰ ਧੀਆਂ ਦਿੱਤੀਆਂ ਦੇਸ ਦੁਆਦੜੇ, ਮੈਂ ਕਿਉਂ ਦਿੱਤੜੀ ਵੇ ਚੰਦਰੇ ਪਹਾੜ ਵੇ ।

--ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਸਰੀ ਵੇ ।

ਪ੍ਰਾਪਤ ਲੋਕ-ਗੀਤਾਂ ਵਿਚ ਕਦੇ ਕਦਾਈ ਨਸੀਬਾਂ ਦੀ ਗੱਲ ਨੂੰ ਛੱਡ ਕੇ, ਹੋਰ ਦਾਰਸ਼ਨਿਕ ਕਿਸਮ ਦੇ ਵਿਚਾਰਾਂ ਨੂੰ ਕੋਈ ਥਾਂ ਨਹੀਂ ਦਿੱਤੀ ਗਈ । ਇਸ ਸੰਗ੍ਰਹਿ ਵਿਚ ਘੋੜੀਆਂ ਤੇ ਸੁਹਾਗ ਵੀ ਦਿੱਤੇ ਗਏ ਹਨ । ਘੋੜੀਆਂ ਵਿਚ ਮੁੱਖ ਤੌਰ ਤੇ ਵ੍ਹਿਆਂਦੜ ਦੇ ਜੰਜੇ ਚੜ੍ਹਨ ਨੂੰ ਕਿਸੇ ਰਾਜੇ ਮਹਾਰਾਜੇ ਦੀ ਚੜ੍ਹਨ ਨਾਲ ਉਪਮਾ ਦਿੱਤੀ ਗਈ ਹੈ । ਘੋੜੀ, ਕਲਗੀ, ਸਿਹਰਾ, ਜੋੜ-ਜਾਮਾਂ, ਡੋਲ਼ਾ ਆਦਿ ਜਾਗੀਰਦਾਰੀ ਸ਼ਾਨ ਦੇ ਚਿੰਨ੍ਹ ਹਨ । ਵਿਆਹ ਨਾਲ ਜੁੜੀਆਂ ਰੀਤਾਂ ਜਿਵੇਂ ਵਾਂਗ ਫੜਾਈ, ਸੁਰਮਾ ਪੁਆਈ ਤੇ ਲਾਵਾਂ ਆਦਿ ਦਾ ਜ਼ਿਕਰ ਵੀ ਇਨ੍ਹਾਂ ਘੋੜੀਆਂ ਵਿਚ ਬਾਰ-ਬਾਰ ਆਇਆ ਹੈ । ਘੋੜੀਆ ਦੀ ਸਮੁੱਚੀ ਭਾਵਨਾ ਉਤਸ਼ਾਹ ਪੂਰਣ ਹੈ । ਇਸਦੇ ਉਲਟ ਸੁਹਾਗਾਂ ਵਿਚ ਕਰੁਣਾਂ ਭਾਵ ਵਧੇਰੇ ਉਜਾਗਰ ਹੁੰਦਾ ਹੈ, ਲੜਕੀ ਦੇ ਮਾਪਿਆਂ ਦੀ ਨਿਰਮਾਣਤਾ, ਧੀ ਤੋਂ ਮਾਪਿਆਂ ਦੇ ਵਿਛੋੜੇ ਦਾ ਦੁੱਖ ਤੇ ਧੀ ਦੇ ਪਰਦੇਸੀ ਹੋਣ ਦੀ ਭਾਵਨਾ ਨੂੰ ਕਰੁਣਾਮਈ ਸੁਰਾਂ ਵਿਚ ਅਲਾਪਿਆ ਗਿਆ ਹੈ ।

ਇਕ ਗੱਲ ਇਨ੍ਹਾਂ ਗੀਤਾਂ ਦੇ ਉਚਾਰਣ ਬਾਰੇ ਵੀ ਕਹਿਣਾ ਜ਼ਰੂਰੀ ਸਮਝਦਾ ਹਾਂ । ਦੁਆਬੀ ਦਾ ਉਚਾਰਣ ਮਾਝੇ ਤੇ ਮਾਲਵੇ ਵਿਚ ਬੋਲੀ ਜਾਂਦੀ ਪੰਜਾਬੀ ਤੋਂ ਵੱਖਰਾ ਹੈ । ਹਰਕੀਰਤ ਸਿੰਘ ਵਰਗੇ ਵਿਦਵਾਨਾਂ ਨੇ ਦੁਆਬੀ ਨੂੰ ਵੱਖਰੀ ਉਪਭਾਸ਼ਾ ਮੰਨਣ ਤੋਂ ਹੀ ਇਨਕਾਰ ਕੀਤਾ ਹੈ । ਇਹ ਵਿਚਾਰ ਇਸ ਕਰਕੇ ਬਣਾਇਆ ਗਿਆ ਹੈ । ਕਿਉਂਕਿ ਦੁਆਬੀ ਉਪਰ ਨਿੱਠ ਕੇ ਕੰਮ ਨਹੀਂ ਕੀਤਾ ਗਿਆ । ਸਾਡੇ ਮਿੱਤਰ ਕਰਨੈਲ ਸਿੰਘ ਨੇ ਕਦੇ ਦੁਆਬੀ ਉਪਰ ਖੋਜ ਕਾਰਜ ਆਰੰਭਿਆ ਸੀ, ਪਰੰਤੂ ਦੁਆਬੀ ਦੀ ਬਦਕਿਸਮਤੀ ਕਿ ਉਹ ਵੀ ਦੋ ਸਾਲਾਂ ਬਾਦ ਸਾਰਾ ਕੰਮ ਵਿਚ ਵਿਚਾਲ਼ੇ ਛੱਡ ਕੇ ਸਰਕਾਰੀ ਨੌਕਰੀ ਵਿਚ ਚਲਿਆ ਗਿਆ । ਪਟਿਆਲ਼ੇ ਬੈਠੇ ਹਰਕੀਰਤ ਸਿੰਘ ਜੀ ਦੁਆਬੇ ਦੇ ਪਿੰਡਾਂ ਵਿਚ ਆ ਨਹੀਂ ਸਕਦੇ ਤੇ ਦੁਆਬੀਏ ਆਪ ਆਪਣੀ ਉਪ-ਭਾਸ਼ਾ ਪ੍ਰਤੀ ਅਜੇ ਪੂਰਣ ਸੁਚੇਤ ਨਹੀਂ ਹੋਏ । ਹਰਕੀਰਤ ਸਿੰਘ ਵਲੋਂ ਦੁਆਬੀ ਨੂੰ ਮਲਵਈ ਉਪਭਾਸ਼ਾ ਵਿਚ ਸ਼ਾਮਲ ਕਰਨ ਪਿੱਛੇ ਸ਼ਾਇਦ ਇਸਨੂੰ ਕੇਂਦਰੀ ਬੋਲੀ ਬਣਾਉਣ ਦਾ ਉਦੇਸ਼ ਹੀ ਲੁਕਿਆ ਹੋਇਆ ਹੈ । ਕੁਝ ਲੇਖਕ ਪੈਦਾ ਹੋ ਰਹੇ ਹਨ ਤੇ ਸਾਹਿਤ ਸਭਾਵਾਂ ਦਾ ਗਠਨ ਵੀ ਹੋ ਰਿਹਾ ਹੈ ਇਨ੍ਹਾਂ ਨੂੰ ਇਸ ਪਾਸੇ ਵਧੇਰੇ ਧਿਆਨ ਦੇਣਾ ਪਵੇਗਾ ।

ਮੇਰਾ ਯਤਨ ਹੈ ਕਿ ਗੀਤਾਂ ਦੇ ਉਚਾਰਣ ਨੂੰ ਹੂ-ਬਹੂ ਹੀ ਰੱਖਿਆ ਜਾਵੇ । ਇਸ ਪੁਸਤਕ ਵਿਚ ਦਿੱਤੇ ਸ਼ਬਦ-ਜੋੜ ਸ਼ਾਇਦ ਪਹਿਲੀ ਨਜ਼ਰੇ ਪਾਠਕਾਂ ਨੂੰ ਓਪਰੇ ਲੱਗਣ ਪਰੰਤੂ ਸ਼ਬਦ ਇਸੇ ਤਰ੍ਹਾਂ ਹੀ ਬੋਲੇ ਜਾਂਦੇ ਹਨ । ਕੁਝ ਸ਼ਬਦਾਂ ਨੂੰ ਅਜੇ ਵੀ ਉਚਾਰਣ ਮੁਤਾਬਕ ਨਹੀਂ ਦਿੱਤਾ ਜਾ ਸਕਿਆ ਕਿਉਂਕਿ ਪ੍ਰੈਸ ਵਿਚ ਕੁਝ ਅੱਖਰਾਂ ਦੀ ਅਣਹੋਂਦ ਹੈ । ਜਿਵੇਂ ਸ਼ਬਦ 'ਉਹ' ਨੂੰ ਊੜੇ ਦੇ ਖੁਲ੍ਹੇ ਮੂੰਹ ਹੇਠ ਹਾਹਾ ਪਾਉਣ ਨਾਲ ਹੀ ਸ਼ੁੱਧ ਉਚਾਹਰਣ ਬਣਦਾ ਹੈ, ਪਰ ਅਜਿਹੀ ਵਿਵਸਥਾ ਨਹੀਂ ਹੋ ਸਕੀ । ਇਸੇ ਤਰ੍ਹਾਂ 'ਖੁਲ੍ਹਾ' ਦਾ ਸਹੀ ਉਚਾਰਣ ਉਦੋਂ ਬਣਦਾ ਹੈ ਜਦੋਂ ਖਖੇ ਦੇ ਪੈਰ ਵਿਚ ਅੱਧਾ ਹਾਹਾ, ਆਵੇ, ਪਰੰਤੂ ਖਖੇ ਦੇ ਹੇਠ ਔਂਕੜ ਕਾਰਣ ਹਾਹਾ ਪੈ ਸਕਣਾ ਸੰਭਵ ਨਹੀਂ । ਫਿਰ ਵੀ ਯਤਨ ਕੀਤਾ ਗਿਆ ਹੈ ਕਿ ਉਚਾਰਣ ਵੱਧ ਤੋਂ ਵੱਧ ਠੀਕ ਫੜਿਆ ਜਾਵੇ । ਸਾਰੇ ਗੀਤਾਂ ਦਾ ਉਚਾਰਣ ਉਹੀ ਰੱਖਿਆ ਗਿਆ ਹੈ, ਜੋ ਗਾਉਣ ਸਮੇਂ ਸੀ । ਗਾਉਣ ਸਮੇਂ ਕਈ ਵਾਰ ਇਕੋ ਪੰਗਤੀ ਵਿਚ ਇਕ ਸ਼ਬਦ ਦਾ ਉਚਾਰਣ ਉਸ ਦੀ ਥਾਂ ਕਾਰਣ ਵੱਖਰਾ ਹੋ ਜਾਂਦਾ ਹੈ । ਇਸਨੂੰ ਇਵੇਂ ਹੀ ਰਹਿਣ ਦਿੱਤਾ ਗਿਆ ਹੈ । ਗਾਉਣ ਸਮੇਂ ਜਿਨ੍ਹਾਂ ਪੰਗਤੀਆ ਦਾ ਦੁਹਰਾ ਆਉਂਦਾ ਹੈ ਉਸ ਦੁਹਰਾ ਨੂੰ ਦਰਸਾਉਣ ਲਈ ਪੰਗਤੀਆਂ ਦੇ ਅੰਤ ਤੇ ।2 । ਦਾ ਅੰਕ ਲਾਇਆ ਗਿਆ ਹੈ ।

ਮੇਰੀ ਜ਼ਿੰਦਗੀ ਦੇ ਅਸਲੀ ਪ੍ਰੇਰਣਾ ਸ੍ਰੋਤ ਡਾ: ਕੇਸਰ ਸਿੰਘ ਹਨ । ਅੱਜ ਤੱਕ ਜੇ ਕਿਸੇ ਦੀ ਮੈਂ ਵਿਚਾਰਧਾਰਕ ਅਧੀਨਗੀ ਕਬੂਲ ਕੀਤੀ ਹੈ ਤਾਂ ਉਹ ਡਾ: ਸਾਹਿਬ ਹੀ ਹਨ । ਉਨ੍ਹਾਂ ਨੇ ਲਗਾਤਾਰ ਇਸ ਪਾਸੇ ਉਤਸ਼ਾਹ ਦਿੱਤਾ । ਉਨ੍ਹਾਂ ਨੇ ਹੀ 'ਸ਼ੁਭ ਇਛਾਵਾਂ' ਭੇਜ ਕੇ ਮੈਂਨੂੰ ਆਪਣਾ ਰਿਣੀ ਬਣਾਇਆ ਹੈ । ਉਨ੍ਹਾਂ ਦਾ ਧੰਨਵਾਦ ਜਿਨੀ ਵਾਰ ਕਰਾਂ ਥੋੜ੍ਹਾਂ ਹੈ ਸ੍ਰ: ਸੁਰਜਨ ਸਿੰਘ, ਪ੍ਰੋ: ਸੀ.ਸੈਫ. ਅਤੇ ਮਿੱਤਰ ਅਮਰੀਕ ਸਿੰਘ ਦਾ ਵੀ ਸਹਾਇਤਾ ਲਈ ਧੰਨਵਾਦੀ ਹਾਂ । ਧੰਨਵਾਦੀ ਹਾਂ ਸ੍ਰ: ਕੁਲਤਾਰ ਸਿੰਘ ਹੁਰਾਂ ਦਾ ਜਿਨ੍ਹਾਂ ਨੇ ਮੇ ਰੀ ਗ਼ੈਰ ਹਾਜਰੀ ਵਿਚ ਨਾ ਕੇਵਲ ਪਰੂਫ ਹੀ ਪੜ੍ਹੇ ਸਗੋਂ ਪੁਸਤਕ ਨੂੰ ਹੁਣ ਦੇ ਰੂਪ ਤਕ ਵੀ ਪੁਚਾਇਆ । ਸੁਭਾਸ਼ ਹੁਰਾਂ ਦਾ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ ਜਿਨ੍ਹਾਂ ਨੇ ਪ੍ਰੈਸ ਦੇ ਹੋਰ ਲਾਹੇਵੰਦ ਕੰਮ ਛੱਡ ਕੇ ਮੇਰੀ ਪੁਸਤਕ ਛਾਪਣੀ ਆਰੰਭੀ । ਹਰੀਸ਼, ਪਵਨ ਤੇ ਦੂਸਰੇ ਕਰਮਚਾਰੀਆਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਲਗਦੀ ਵਾਹੇ ਮੇਰੇ ਦੱਸੇ ਸ਼ਬਦ-ਜੋੜਾਂ ਅਨੁਸਾਰ ਪੁਸਤਕ ਨੂੰ ਮਿਹਨਤ ਤੇ ਲਗਨ ਨਾਲ ਕੰਪੋਜ਼ ਕੀਤਾ । ਆਪਣੀ ਪਤਨੀ ਦਾ ਧੰਨਵਾਦੀ ਹਾਂ ਜਿਸ ਨੇ ਇਸਤਰੀਆਂ ਨੂੰ ਪ੍ਰੇਰ ਕੇ ਗੀਤ ਟੇਪ ਕਰਾਉਣ ਵਿਚ ਮੇਰੀ ਮਦਦ ਕੀਤੀ । ਉਹਨਾਂ ਸਾਰੀਆਂ ਇਸਤਰੀਆਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣੇ ਗੀਤਾਂ ਦੇ ਖਜ਼ਾਨੇ ਨੂੰ ਨਿੱਜੀ ਜਾਂ ਸਮੂਹਕ ਤੌਰ ਤੇ ਮੇਰੇ ਸਪੁਰਦ ਕਰਕੇ ਇਸ ਨੂੰ ਸੰਗ੍ਰਹਿ ਰਾਹੀਂ ਪਾਠਕਾਂ ਤੱਕ ਪਹੁੰਚਾਉਣ ਦੇ ਯੋਗ ਬਣਾਇਆ ।

ਇਕੱਠੇ ਕੀਤੇ ਜਾ ਚੁੱਕੇ ਗੀਤਾਂ ਦੀ ਵੱਡੀ ਪੁਸਤਕ ਛੱਪ ਸਕਦੀ ਸੀ, ਪਰ ਸੀਮਤ ਸਾਧਨਾਂ ਕਾਰਣ ਮੈਂ ਅਜਿਹਾ ਨਹੀਂ ਕਰ ਸਕਿਆ । ਰਹਿੰਦੇ ਲੋਕ ਗੀਤਾਂ ਨੂੰ ਕਿਸੇ ਅਗਲੇ ਸੰਗ੍ਰਹਿ ਵਿਚ ਦੇਣ ਦਾ ਯਤਨ ਕਰਾਂਗਾ ।

ਕਰਮਜੀਤ ਸਿੰਘ
ਲੈਕਚਰਾਰ, ਪੰਜਾਬੀ ਵਿਭਾਗ
ਕੁਰਕੂਸ਼ੇਤਰ ਯੂਨਵਰਸਿਟੀ,
ਕੁਰਕੂਸ਼ੇਤਰ ।

ਮਈ 22, 1982.

## ;ਧਰਮੀ ਮਾਪੇ;

## ਹੋਰ ਧੀਆਂ ਦਿੱਤੀਆਂ ਦੇਸ ਦੁਆਬੜੇ

ਚਿੱਟੀਏ ਚਾਦਰੇ ਨੀ ਮੱਛੀ ਕੰਡੇ ਸੀਤੀਏ,
ਤੇਰੇ ਤੇ ਕਿਨ ਡੋਲਿਆ ਅਤਰ ਫੁਰੇਲ[1] ਵੇ ।
ਬਾਬਲ ਚਾਦਰ ਸੀਤੀਏ, ਨੀ ਮਾਈ ਚਾਦਰ ਸੀਤੀਏ,
ਬੀਰੇ ਨੇ ਡੋਲਿਆ ਨੀ ਅਤਰ ਫਰੇਲ[1] ਵੇ ।
ਅੱਗੇ ਅੱਗੇ ਜਾਂਵਦੀ ਵੇ ਪਿੱਛੇ ਮੁੜ ਦੇਖਦੀ,
ਨਜਰੀਂ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ !
ਹੋਰ ਧੀਆਂ ਦਿੱਤੀਆਂ ਨੀ ਦੇਸ ਦੁਆਬੜੇ,
ਮੈਂ ਕਿਉਂ ਦਿੱਤੜੀ ਵੇ ਚੰਦਰੇ ਪਹਾੜ ਵੇ ।
ਹੋਰ ਧੀਆਂ ਖਾਂਦੀਆਂ ਵੇ, ਕੁੱਟ ਕੁੱਟ ਚੂਰੀਆਂ,
ਮੈਂ ਕਿਉਂ ਖਾਂਵਦੀ ਵੇ, ਬਾਥੂਏ ਦਾ ਸਾਗ ਵੇ !
ਹੱਥ ਮੇਰੀ ਰਾਂਬੜੀ ਵੇ, ਮੋਢੇ ਮੇਰੇ ਤਾਂਗੜੀ[3],
ਘਾਉ ਖੁਤੇਂਦੜੀ ਵੇ, ਟਿਬਿਆਂ ਦੇ ਹੇਠ ਵੇ ।
ਅੱਗੇ ਅੱਗੇ ਜਾਂਵਦੀ ਵੇ, ਪਿੱਛੇ ਮੁੜ ਦੇਖਦੀ,
ਨਜਰੀਂ ਨਾਂ ਆਂਵਦਾ ਵੇ ਬਾਬਲ ਤੇਰਾ ਦੇਸ ਵੇ ।
ਉੂਚੇ ਚੜ੍ਹ ਦੇਖਦੀ ਵੇ, ਨੀਵੇਂ ਬ੍ਹੈ ਕੇ ਰੋਂਵਦੀ,
ਨਜਰੀਂ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ ।
ਰੋਟੀਆਂ ਪਕਾਂਵਦੀ ਵੇ, ਹੱਥ ਜਲ਼ ਜਾਂਵਦੇ,
ਹੁਣ ਚੇਤਾ ਆਂਵਦਾ ਨੀ ਮਾਏ ਤੇਰਾ ਰਾਜ ਵੇ ।

## ਲੱਗ ਰਹੀਆਂ ਕੰਧਾਂ ਦੇ ਨਾਲ

ਸੁਣ ਮੇਰੀਏ ਮਾਏ, ਰਈਆਂ ਕੰਧਾਂ ਦੇ ਨਾਲ਼ ।
ਇਕ ਜੁ ਮੁੱਖੀ ਉਡ ਗਈ ਨੀ ਮਾਏ ਸਾਰੀਆਂ ਉਡ ਗਈਆਂ ਨਾਲ਼ ।
ਨੀ ਸੁਣ ਮੇਰੀਏ ਮਾਏ, ਲਗ ਰਈਆਂ ਕੰਧਾਂ ਦੇ ਨਾਲ਼ ।
ਦੂਰੋਂ ਤਾਂ ਚਲ ਕੇ ਆਈ ਨੀ ਮਾਏ, ਕਿਨੇ ਨਾ ਦਿੱਤਾ ਪਿਆਰ ।
ਨੀ ਸੁਣ ਮੇਰੀਏ ਲਾਡਲੀਏ ਮਾਏ, ਕਿਨੇ ਨਾ ਕਿਹਾ ਤੂੰ ਬੈਠ ।
ਤਾਇਆ ਤਾਂ ਚਾਚਿਆਂ ਬ੍ਹੇੜਾ ਜਾ ਭਰਿਆ ਕਿਨੇ ਨਾ ਦਿੱਤਾ ਪਿਆਰ ।
ਨੀ ਸੁਣ ਰਾਣੀਏ ਮਾਏ, -ਕਿਨੇ ਨਾ ਦਿੱਤਾ ਪਿਆਰ ।
ਬੀਰੇ ਤੇ ਭਾਬੀਆਂ ਬ੍ਹੇੜਾ ਜੁ ਭਰਿਆ, ਬੀਰੇ ਨੇ ਦਿੱਤਾ ਪਿਆਰ ।
ਮੇਰੇ ਲਾਡਲਿਆ ਬੀਰਾ, ਬੀਰੇ ਨੇ ਦਿੱਤਾ ਪਿਆਰ ।
ਭਾਬੋ ਨੇ ਦਿੱਤਾ ਰੱਤਾ ਪਲੰਘ ਨੀ ਮਾਏ ਭਾਬੀਆਂ ਨੇ ਦਿੱਤਾ ਪਿਆਰ ।
ਨੀ ਸੁਣ ਰਾਣੀਏ ਮਾਏ, ਭਾਬੀਆਂ ਨੇ ਦਿੱਤਾ ਪਿਆਰ ।

## ਮਾਵਾਂ ਧੀਆਂ ਦਾ ਬੜਾ ਈ ਵਿਛੋੜਾ

ਉਚੀ ਟ੍ਰਾਲੀ ਤੇ ਘੁਗੀਆਂ ਦਾ ਜੋੜ, ਮਾਵਾਂ ਧੀਆਂ ਦਾ ਬੜਾ ਈ ਵਿਛੋੜਾ।
ਰੱਬਾ ਕਿਤੇ ਮਿਲ਼ੀਏ।
ਕਿਤੇ ਮਿਲ਼ੀਏ ਤਾਂ ਮਿਲ਼ ਮੇਰੀਏ ਮਾਏ,
ਹੁਣ ਤਾਂ ਪੈ ਗਈਆਂ ਵੱਸ ਪਰਾਏ, ਰੱਬਾ ਕਿਤੇ ਮਿਲ਼ੀਏ।
ਕਿਤੇ ਮਿਲ਼ੀਏ ਤਾਂ ਮਿਲ਼  ਪਈਏ ਜੰਡ,
ਗੱਲਾਂ ਕਰੀਏ ਤਾਂ ਪੈ ਜਾਏ ਠੰਡ, ਰੱਬਾ ਕਿਤੇ ਮਿਲ਼ੀਏ।
ਕਿਤੇ ਮਿਲ਼ੀਏ ਤਾਂ ਮਿਲ਼ ਪਈਏ ਖੂਹ ਤੇ,
ਗੱਲਾਂ ਕਰ ਲਈਏ ਮਾਵਾਂ ਧੀਆਂ ਮੂੰਅ ਤੇ, ਰੱਬਾ ਕਿਤੇ ਮਿਲ਼ੀਏ।
ਚਿੱਟੀ ਚਾਦਰ ਤਾਂ ਪੱਲੇ ਪਜੀਰੀ,
ਮਾਵਾਂ ਬਾਝੋਂ ਬੜੀ ਦਲਗੀਰੀ, ਰੱਬਾ ਕਿਤੇ ਮਿਲ਼ੀਏ।
ਚਿੱਟੀ ਚਾਦਰ ਤਾਂ ਪੱਲੇ ਪਤਾਸਾ,
ਮਾਵਾ ਦਿੰਦੀਆਂ ਨੇ ਬੜਾ ਈ ਦਿਲਾਸਾ, ਰੱਬਾ ਕਿਤੇ ਮਿਲ਼ੀਏ।
ਚਿੱਟੀ ਚਾਦਰ ਤਾਂ ਪੱਲੇ ਰਾਈ,
ਮਾਂ ਬਣਦੀ ਨਾ ਸਕੀ ਚਾਚੇ ਤਾਈ, ਰੱਬਾ ਕਿਤੇ ਮਿਲ਼ੀਏ!
ਡੱਠਾ ਪਲੰਘ ਤੇ ਵਿਛਿਆ ਵਛੌਣਾ,
ਜਿਥੇ ਮਾਵਾਂ ਧੀਆਂ ਨੇ ਹੈ ਸੌਣਾ, ਰੱਬਾ ਕਿਤੇ ਮਿਲ਼ੀਏ।
ਉਚੀ ਟ੍ਰਾਲੀ ਤੇ ਘੁਗੀਆਂ ਦਾ ਜੋੜਾ,
ਮਾਵਾਂ ਧੀਆਂ ਦਾ ਬੜਾ ਈ ਵਿਛੋੜਾ, ਰੱਬਾ ਕਿਤੇ ਮਿਲ਼ੀਏ।

## ਧਰਮੀ ਸੀ ਮਾਪੇ ਧੀਆਂ ਨੂੰ ਪਾਲਦੇ

ਠੂਠੀ ਕਰਾਈ ਵੇ ਵਿਚ ਲਹੌਰ ਦੇ, ਫੁੱਲਾਂ ਦਾ ਨਾਮਾ ਵੇ ਸਾਨੂੰ ਮੋੜ ਦੇ ।2।
ਧਰਮੀ ਸੀ ਮਾਪੇ ਧੀਆਂ ਨੂੰ ਪਾਲਦੇ, ਵੈਰੀ ਸੀ ਸੌਹਰੇ ਰਾਹਾਂ ਦੇ ਵਿਚ ਰੋਲਦੇ ।2।
ਬੀਬੀ ਨਣਾਏ ਵੀਰੇ ਨੂੰ ਮੋੜ ਦੇ, ਜੇ ਸਾਡੀ ਲੋੜ ਤਾਂ ਪਈਏ ਤੋਰ ਦੇ ।2।
ਕਾਂਟੇ ਕਰਾਏ ਵੇ ਵਿਚ ਲਹੌਰ ਦੇ, ਬਾਲ਼ੀਆਂ ਦਾ ਨਾਮਾ ਵੇ ਸਾਨੂੰ ਮੋੜ ਦੇ ।2।
ਗਜਰੇ ਕਰਾਏ ਵੇ ਵਿਚ ਲਹੌਰ ਦੇ, ਵੰਗਾਂ ਦਾ ਨਾਮਾ ਵੇ ਸਾਨੂੰ ਮੋੜ ਦੇ ।2।
ਧਰਮੀ ਸੀ ਮਾਪੇ ਧੀਆਂ ਨੂੰ ਪਾਲ਼ਦੇ, ਵੈਰੀ ਸੀ ਸੌਹਰੇ ਰਾਹਾਂ ਦੇ ਵਿਚ ਰੋਲ਼ਦੇ ।2।
ਹਾਰ ਕਰਾਇਆ ਵੇ ਵਿਚ ਲਹੌਰ ਦੇ, ਪੈਂਡਲ ਦਾ ਨਾਮਾ ਵੇ ਸਾਨੂੰ ਮੋੜਦੇ ।2।
ਧਰਮੀ ਸੀ ਮਾਪੇ ਧੀਆਂ ਨੂੰ ਪਾਲ਼ਦੇ, ਵੈਰੀ ਸੀ ਸੌਹਰੇ ਰਾਹਾਂ ਦੇ ਵਿਚ ਰੋਲ਼ਦੇ ।2।
ਬੀਬੀ ਨਣਾਨੇ ਵੀਰੇ ਨੂੰ ਮੋੜਦੇ, ਜੇ ਸਾਡੀ ਲੋੜ ਤਾਂ ਪਈਏ ਤੋਰ ਦੇ ।2।

## ਬਾਬਲ ਸੁਧਰਮੀ ਦਾ ਦੇਸ

ਕਣਕ ਤਾਂ ਛੋਲਿਆਂ ਦਾ ਖੇਤ, ਹੌਲ਼ੀ, ਹੌਲ਼ੀ ਨਿਸਰ ਗਿਆ।
ਬਾਬਲ ਸਧਰਮੀ ਦਾ ਦੇਸ, ਹੌਲ਼ੀ ਹੌਲ਼ੀ ਵਿਸਰ ਗਿਆ।
ਮਾਤਾ ਐਡੇ ਬੋਲ ਨ ਬੋਲ, ਅਸੀਂ ਤੇਰੇ ਨਾ ਆਵਾਂਗੇ।
ਬਾਬਲ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ।

ਕਣਕ ਤਾਂ ਛੋਲਿਆਂ ਦਾ ਦੇਸ, ਹੌਲ਼ੀ ਹੌਲ਼ੀ ਨਿਸਰ ਗਿਆ ।
ਚਾਚੇ ਸਧਰਮੀ ਦਾ ਦੇਸ, ਹੌਲ਼ੀ ਹੌਲ਼ੀ ਵਿਸਰ ਗਿਆ ।
ਚਾਚੀ ਐਡੇ ਬੋਲ ਨਾ ਬੋਲ, ਅਸੀਂ ਤੇਰੇ ਨਾ ਆਵਾਂਗੇ ।
ਚਾਚੇ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ ।
ਕਣਕ ਤਾਂ ਛੋਲਿਆਂ ਦਾ ਦੇਸ, ਹੌਲ਼ੀ ਹੌਲ਼ੀ ਨਿਸਰ ਗਿਆ ।
ਵੀਰੇ ਸਧਰਮੀ ਦੇ ਦੇਸ, ਹੌਲ਼ੀ, ਹੌਲ਼ੀ ਵਿਸਰ ਗਿਆ ।
ਭਾਬੋ ਐਡੇ ਬੋਲ ਨਾ ਬੋਲ, ਅਸੀਂ ਤੇਰੇ ਨਾ ਆਵਾਂਗੇ ।
ਵੀਰੇ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ ।

## ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ

ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ, ਬਨੇਰਾ ਸਾਡਾ ਕਿਉਂ ਮਲਿਆ ॥2॥
ਸਾਨੂੰ ਲਿਖ ਲਿਖ ਚਿੱਠਿਆਂ ਆਈਆਂ, ਆਈਆਂ ਨੀ ਸੌਰੇ ਜਾਣ ਦੀਆਂ ॥2॥
ਸਾਡੀ ਰੋ ਰੋ ਕੇ ਪੁੱਛਦੀ ਏ ਮਾਈ, ਧੀਏ ਨੀਂ ਕਦੋਂ ਆਵੇਂਗੀ ॥2॥
ਸਾਡੀ ਜੋਗੀਆਂ ਵਾਲੜੀ ਫੇਰੀ, ਮਾਏ ਨੀ ਫੇਰਾ ਪਾਵਾਂਗੀ ॥2॥
ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ, ਬਨੇਰਾ ਸਾਡਾ ਕਿਉਂ ਨਿਮਿਆ ॥2॥
ਸਾਨੂੰ ਲਿਖ ਲਿਖ ਚਿੱਠਿਆਂ ਆਈਆਂ, ਆਈਆਂ ਨੀ ਸੌਰੇ ਜਾਣ ਦੀਆਂ ॥2॥
ਸਾਡੀ ਰੋ ਰੋ ਕੇ ਪੁੱਛਦੀ ਏ ਚਾਚੀ ਭਤੀਜੀ ਨੀ ਕਦੋਂ ਆਵੇਂਗੀ ॥2॥
ਸਾਡੀ ਜੋਗੀਆਂ ਵਾਲੜੀ ਫੇਰੀ, ਚਾਚੀ ਨੀ ਫੇਰਾ ਪਾਵਾਂਗੀ ॥2॥

## ਸ਼ੱਕਰ ਦੀ ਭਰੀ ਵੇ ਪਰਾਤ

ਸ਼ੱਕਰ ਦੀ ਭਰੀ ਏ ਪਰਾਤ, ਮਿਸਰੀ ਦੀ ਇਕ ਵੇ ਡੋਲ਼ੀ ।
ਬਾਬਲ ਦੀਆਂ ਸੁਣ ਲੈਂਦੀ ਚਾਰ ਮਾਈ ਦੀ ਇਕ ਨਾ ਜਰੀ ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡਲ਼ੀ ।
ਵੀਰੇ ਦੀਆਂ ਸੁਣ ਲੈਂਦੀ ਚਾਰ, ਭਾਬੋ ਦੀ ਇਕ ਨਾ ਜਰੀ ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡਲ਼ੀ ।
ਤਾਏ ਦੀਆਂ ਸੁਣ ਲੈਂਦੀ ਚਾਰ, ਤਾਈ ਦੀ ਇਕ ਵੇ ਡਲ਼ੀ ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡਲ਼ੀ ।
ਚਾਚੇ ਦੀਆਂ ਸੁਣ ਲੈਂਦੀ ਚਾਰ, ਚਾਚੀ ਦੀ ਇਕ ਨਾ ਜਰੀ ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡਲ਼ੀ ।
ਮਾਮੇ ਦੀਆਂ ਸੁਣ ਲੈਂਦੀ ਚਾਰ, ਮਾਮੀ ਦੀ ਇਕ ਨਾ ਜਰੀ ।

## ਮੇਰੇ ਵਿਹੜੇ ਦਿਆ ਤਰਖਾਣਾ

ਮੇਰੇ ਵ੍ਹਿੜੇ ਦਿਆ ਤਰਖਾਣਾ, ਮੇਰਾ ਚਰਖਾ ਖੂਬ ਬਣਾਣਾ ।
ਮੇਰਾ ਚਰਖਾ ਬਣਾਈਂ ਦਿਲ ਦੇਕੇ, ਹੁਣ ਅਸਾਂ ਨਈਉਂ ਰ੍ਹੈਣਾ ਪੇਕੇ ।
ਮੇਰਾ ਚਰਖਾ ਬਣਾਈਂ ਦਿਲ ਲਾ ਕੇ ਹੁਣ ਅਸਾਂ ਨਈਉਂ ਰ੍ਹੈਣਾ ਮਾਪੇ ।

ਨੀ ਸ੍ਹੈਂ ਚੱਲੀ ਸਹੇਲੀਓ ਚੱਲੀ, ਮੇਰੀ ਮਾਈ ਰਹੇਗੀ ਕੱਲੀ ।
ਮੇਰੇ ਵਿਹੜੇ ਦਿਆ ਤਰਖਾਣਾ, ਮੇਰਾ ਚਰਖਾ ਖੂਬ ਬਣਾਣਾ ।

## ਵੀਰਾ ਮਾਂ ਕੋਲੋਂ ਤੁਰਿਆ

## ਆਵਾਂਗਾ ਭੈਣੇ ਫੱਗਣ ਚੇਤ ਨੂੰ

"ਹੁਣ ਕਦ ਆਵੇਂਗਾ ਵੇ ਹੰਸਾ ਵੀਰ ਮੇਰਾ, ਹੁਣ ਕਦ ਆਵੇਂਗਾ ਵੀਰਾ ਮੇਰੇ ਦੇਸ ਨੂੰ ।"
"ਹੁਣ ਮੈਂ ਆਵਾਂਗਾ ਨੀ ਹੰਸੀ ਭੈਣ ਮੇਰੀ, ਹੁਣ ਆਵਾਂਗਾ ਭੈਣੇ, ਫੱਗਣ ਚੇਤ ਨੂੰ ।"
"ਟਿਕੀਆਂ ਪਕਾ ਲਵਾਂਗੀ, ਹੰਸਾ ਵੀਰ ਮੇਰਾ, ਹੁਣ ਵੇ ਆਜਾ ਵੀਰਾ ਮੇਰੇ ਦੇਸ ਨੂੰ ।"
"ਕੁੰਡਾ ਖੁਲਦੇ ਨੀ ਹੰਸੀ ਭੈਣ ਮੇਰੀ, ਕੁੰਡਾ, ਖੋਲ੍ਹਦੇ ਭੈਣੇ ਆਪਣੀ ਡੇਰੜੀ ਦਾ ।"
"ਕੁੰਡਾ ਸੱਸ ਦਾ ਵੇ, ਹੰਸਾ ਵੀਰ ਮੇਰਾ, ਕੰਧ ਟੱਪ ਆ ਜਾ ਵੀਰਾ, ਮੇਰੇ ਘਰ ਨੂੰ ।"
"ਕੰਧ ਟੱਪ ਆਵਾਂ ਨਾ ਹੰਸੀ ਭੈਣ ਮੇਰੀ, ਚੋਰ ਕਹਾਵਾਂਗਾ ਭੈਣੇ ਤੇਰੇ ਦੇਸ਼ ਦਾ ।"
"ਦੋਰੇ ਕਪੜੇ ਵੇ ਗਲ਼ ਅਸਾਡੇ ਵੇ, ਹੰਸਾ ਵੀਰ ਮੇਰਾ ਤੇਰੇ ਕਪੜੇ ਵੀਰਾ ਚਿੱਟੇ ਦੁੱਧ ਵੇ ।"
"ਕਿੱਥੇ ਰੱਖਾਂ ਹੀ ਸੁੱਚਾ ਤੇਵਰ ਨੀ, ਹੰਸੀ ਭੈਣ ਮੇਰੀ, ਕਿੱਥੇ ਰੱਖਦਾਂ ਭੈਣੇ ਰਾਣੀ ਹਾਰ ਨੀ ।"
"ਪੀੜੇ ਰੱਖਦੇ ਵੇ ਸੁੱਚਾ ਤੇਵਰ ਵੇ, ਹੰਸਾ ਵੀਰ ਮੇਰਾ, ਕੀਲੀ ਟੰਗ ਦੇ ਵੀਰਾ ਰਾਣੀ ਹਾਰ ਵੇ"
"ਆ ਕੌਣ ਕੱਤਦੀ ਨੀ, ਹੰਸੀ ਭੈਣ ਮੇਰੀ, ਆਹ ਕੌਣ ਕੱਤਦੀ ਭੈਣੇ ਸੁੰਦਰ ਮੋਰਨੀ ।"
"ਇਹ ਮੇਰੀ ਨਣੇ ਵੇ, ਹੰਸਾ ਵੀਰ ਮੇਰਾ, ਇਹ ਮੇਰੀ ਨਣਦੇ ਵੀਰਾ ਕਾਲ਼ੀ ਭੂਤਨੀ ।"
"ਇਹ ਮੈਨੂੰ ਮੰਗਦੇ ਨੀ, ਹੰਸੀ ਭੈਣ ਮੇਰੀ, ਇਹ ਮੈਨੂੰ ਮੰਗਦੇ ਭੈਣੇ ਸੁੰਦਰ ਮੋਰਨੀ ।"
"ਸੱਤ ਕੁੜਮਾਈਆਂ ਤੈਨੂੰ ਆਈਆ, ਹੰਸਾ ਵੀਰ ਮੇਰਾ, ਇਹ ਕੀ ਕਰਨੀ ਕਾਲ਼ੀ ਭੂੰਡ ਵੇ"
"ਕੋਠੇ ਚੜ੍ਹਦੀ ਆ ਹਾਕਾਂ ਮਾਰਦੀ ਆਂ, ਉਹ ਸਰਦਾਰ ਸੌਂਰਿਅ ।"
"ਧੀ ਤੇਰੀ ਤੁਰ ਗਈ ਸੌਂਰਿਆ, ਹੰਸੇ ਵੀਰ ਨਾ ।"

## ਵੀਰਾ ਆ ਗਿਆ ਸਿਖਰ ਦੁਪਿਹਰੇ

ਚਰਖਾ ਕੱਤਦੀ ਦਾ ਮੋਢਾ ਨੀ ਫੁਰਿਆ,
ਮੈਂ ਕੀ ਓ ਜਾਣਾ ਵੀਰਾ ਮਾਂ ਕੋਲੋਂ ਤੁਰਿਆ ।2 ।
ਮਾਏ ਨੀ ਵੀਰਾ ਆ ਗਿਆ ਈ ਵਡੜੇ ਸਵੇਰੇ,
ਬਹੀ ਸੀ ਰੋਟੀ ਉਤੇ ਮੱਖਣਾਂ ਦੇ ਪੇੜੇ ।2 ।
ਮਾਏ ਨੀ ਵੀਰਾ ਆ ਗਿਆ ਈ ਵਡੜੇ ਦੁਪਿਹਰੇ,
ਸੂਈ ਸੂਈ ਪਗੜੀ ਕਲਗੀ ਲੈ ਲਸ਼ਕਾਰੇ ।2 ।
ਮਾਏ ਨੀ ਵੀਰਾ ਆ ਗਿਆ ਵਡੜੇ ਸਵੇਲੇ,
ਚੁੱਕਾਂਗੀ ਚਰਖਾ ਰੋਟੀ ਕਰਾਂਗੀ ਸਵੇਲੇ ।
ਚਰਖਾ ਕਤਦੀ ਦਾ ਮੋਢਾ ਨੀ ਫੁਰਿਆ,
ਮੈਂ ਕੀ ਓ ਜਾਣਾ ਵੀਰਾ ਮਾਂ ਕੋਲੋਂ ਤੁਰਿਆ ।

## ਮਾਏ ਨੀ ਪੱਲੇ ਬੰਨ੍ਹ ਦੇਵੀਂ ਬੜੀਆਂ

ਮਾਏ ਨੀ ਮੇਰੀ ਰੰਗਲੀ ਸੀ ਚਰਖੀ, ਬੀਰਨ ਪਾਸ ਦੇ ਭੇਜੀਂ ।2 ।

ਧੀਏ ਨੀ ਤੇਰਾ ਵੀਰ ਨਿਆਣਾ, ਓਅ ਤਾਂ ਰਾਹ ਵੀ ਨਾ ਜਾਣੇ ।2 ।
ਮਾਏ ਨੀ ਪੱਲੇ ਬ੍ਹਨ ਦੇਵੀਂ ਆਟਾ, ਵੀਰਾ ਪੁੱਛਦਾ ਪੁਛੇਂਦਾ ਏ ਬਾਟਾਂ ।2 ।
ਮਾਏ ਨੀ ਪੱਲੇ ਬ੍ਹਨ ਦੇਵੀਂ ਬੜੀਆਂ ਮਾਏ ਵੀਰਾ ਪੁੱਛਦਾ ਸੀ ਗਲ਼ੀਆਂ ।2 ।
ਮਾਏ ਨੀ ਪੱਲੇ ਬ੍ਹਨ ਦੇਵੀਂ ਪੇੜੇ, ਮਾਏ ਨੀ ਬੀਰਨ ਬੈਠਾ ਸੀ ਵ੍ਹੇੜੇ ।2 ।
ਮਾਏ ਨੀ ਬੀਰਾ ਕਦ ਮਿਲ਼ਿਆ, ਮਾਏ ਨੀ ਭੈਣਾ ਛਮ ਛਮ ਰੋਈ ਨੀ ।2 ।
ਭੈਣੇ ਨੀ ਤੈਂਨੂੰ ਕ੍ਹਾਦਾ ਸੀ ਦੁੱਖ, ਕ੍ਹਾਦੇ ਦੁੱਖ ਤੂੰ ਰੋਈ ਨੀ ।2 ।
ਬੀਰਾ ਮੇਰੀ ਸੱਸ ਲੜਾਕੀ, ਨਣਦ ਅਗਨੀ ਦਾ ਪੂਲਾ ।2 ।
ਭੈਣੇ ਸੱਸ ਕ੍ਹਲ ਮਰ ਜਾਣਾ, ਨਣਦ ਸੌਂਰੇ ਘਰ ਜਾਣਾ ।2 ।

## ਬੀਰੇ ਰੁੱਸਿਆ ਨਾ ਜਾ ਵੇ

ਬੀਰੇ ਮਹਿਲ ਪੁਆਏ ਪ੍ਹੈਲੀ ਇੱਟ ਮੈਂ ਲਾਉਨੀਆਂ ।
ਮੇਰਿਆ ਬਾਂਕਿਆ ਬੀਰਾ, ਤੇਰੇ ਡਿੱਠੇ ਮੈਂ ਜੀਨੀਆਂ ।
ਬੀਰਾ ਰੁੱਸਿਆ ਨਾ ਜਾ ਵੇ, ਮ੍ਹਉਰਾ ਖਾ ਕੇ ਮਰ ਜਾਨੀਆਂ ।
ਕੋਈ ਮੋੜ ਲਿਆਵੇ, ਡਿਗਦੀ ਢ੍ਹੇਂਦੀ ਉੱਠ ਬ੍ਹੈਨੀਆਂ ।
ਬੀਰੇ ਤਾਲ ਲੁਆਏ, ਪ੍ਹੈਲੀ ਚੁੱਭੀ ਮੈਂ ਲਾਉਨੀਆਂ ।
ਮੇਰਿਆ ਬਾਂਕਿਆ ਬੀਰਾ, ਤੇਰੇ ਡਿੱਠੇ ਮੈਂ ਜੀਨੀਆਂ ।
ਬੀਰਾ ਰੁੱਸਿਆ ਨਾ ਜਾ ਵੇ, ਮ੍ਹਉਰਾ ਖਾ ਕੇ ਮਰ ਜਾਨੀਆਂ ।
ਕੋਈ ਮੋੜ ਲਿਆਵੇ, ਡਿਗਦੀ ਢ੍ਹੇਂਦੀ ਉੱਠ ਬ੍ਹੈਨੀਆਂ ।
ਬੀਰੇ ਬਾਗ ਲੁਆਏ, ਪਹਿਲਾਂ ਬੂਟਾ ਮੈਂ ਲਾਉਨੀਆਂ ।
ਮੇਰਿਆ ਬਾਂਕਿਆ ਬੀਰਾ, ਤੇਰੇ ਡਿੱਠੇ ਮੈਂ ਜੀਨੀਆਂ ।
ਬੀਰਾ ਰੁੱਸਿਆ ਨਾ ਜਾ ਵੇ ਮ੍ਹਉਰਾ ਖਾ ਕੇ ਮਰ ਜਾਨੀਆਂ ।
ਕੋਈ ਮੋੜ ਲਿਆਵੇ, ਡਿਗਦੀ ਢ੍ਹੇਂਦੀ ਉੱਠ ਬਹਿਨੀਆਂ ।

## ਵੇ ਜੋਗੀ ਬਣ ਵੀਰਿਆ

ਭੈਣ ਦਿਆ ਸੋਹਣਿਆ ਬੀਰਾ ਵੇ, ਭੈਣ ਦਾਣੇ ਭੁਨਾਏ ਹੋਏ ਨੇ ।2 ।
ਵੇ ਆ ਕੇ ਤੂੰ ਚੱਬ ਵੀਰਿਆ ਵੇ, ਤੇਰੇ ਦੋਸਤ ਆਏ ਹੋਏ ਨੇ ।2 ।
ਵੇ ਭੈਣ ਦਿਆ ਸੋਹਣਿਆ ਵੀਰਾ ਵੇ, ਭੈਣ ਰਿੱਧੇ ਕਰੇਲੇ ਨੇ ।2 ।
ਵੇ ਆ ਕੇ ਤੂੰ ਖਾ ਲੈ ਵੀਰਿਆ, ਜ਼ਿੰਦਗੀ ਦੇ ਮੇਲੇ ਨੇ ।2 ।
ਵੇ ਭੈਣ ਦਿਆ ਸੋਹਣਿਆ ਬੀਰਾ ਵੇ, ਥਾਲੀ ਦੁਧੇ ਦੀ ਭਰੀ ਹੋਈ ਆ ।2 ।
ਵੇ ਆ ਕੇ ਤੂੰ ਪੀ ਲੈ ਵੀਰਿਆ ਵੇ, ਭੈਣ ਗੁੱਸੇ ਦੀ ਭਰੀ ਹੋਈ ਆ ।2 ।
ਵੇ ਭੈਣ ਦਿਆ ਸੋਹਣਿਆ ਬੀਰਾ ਵੇ, ਬਾਗੇ'ਚ ਗਲਾਸ ਪਿਆ ।2 ।
ਵੇ ਆ ਕੇ ਤੂੰ ਮਿਲ ਵੀਰਿਆ ਵੇ, ਦਿਲ ਬੜਾ ਉਦਾਸ ਹੋਇਆ ।2 ।
ਵੇ ਭੈਣ ਦਿਆ ਸੋਹਣਿਆ ਬੀਰਾ ਵੇ, ਵੰਝ ਸੁਟਦੀਆਂ ਢਾਬਾਂ ਤੇ ।2 ।
ਵੇ ਦੁੱਖ ਸੁੱਖ ਭੈਣ ਭਰਾ, ਲਿਖ ਲਈਏ, ਕਿਤਾਬਾਂ ਤੇ ।2 ।
ਵੇ ਭੈਣ ਦਿਆ ਸੋਹਣਿਆ ਬੀਰਾ ਵੇ, ਵੰਝ ਸੁਟਦੀਆਂ ਪੱਤਲਾਂ ਤੇ ।2 ।

ਵੇ ਜੋਗੀ ਬਣ ਵੀਰਿਆ ਵੇ, ਫ਼ੇਰਾ ਪਾ ਜਾ ਵਤਨਾਂ ਤੇ ।2 ।

## ਨ੍ਹੈਰ ਕੰਢੇ ਦੇਈਂ ਬਾਬਲਾ

ਹਾਲ ਓਇ ਨਿੱਕੀ ਸੀ ਮੈਂ ਉਚੇ ਲਾਮਾਂ ਲੈ ਲਈਆਂ ।
ਲਾਮਾ ਲੈ ਲਈਆਂ, ਦਿੱਲੀ ਵਾਲੇ ਰਾਹ ਜਾਨੀ ਓਇ ।
ਹਾਲ ਓਇ ਨ੍ਹੈਰ ਕੰਢੇ ਦਈਂ ਬਾਬਲਾ ਗੋਤਾ ਆਊਗਾ ।
ਗੋਤਾ ਆਊਗਾ ਧੜੰਮ ਛਾਲ ਮਾਰਾਂਗੀ ਓਇ, ਹਾਲ ਓਇ ।
ਨ੍ਹੈਰ ਕੰਢੇ ਧੋਵਾਂ ਕਪੜੇ, ਵੀਰ ਲੁਕਿਆ ।
ਵੀਰ ਲੁਕਿਆ ਲੋਈ ਦੀ ਬੁਕਲ ਮਾਰ ਕੇ ਸੀ ਓਇ ।
ਹਾਲ ਓਇ, ਲੋਕਾਂ ਮੈਨੂੰ ਮੇ੍ਹਣਾ ਦੇਵਣਾ ਤੇਰਾ ਵੀਰ ਤੇ,
ਤੇਰਾ ਵੀਰ ਮਿਲਣ ਨਹੀਂ ਆਇਆ ਸੀ ਓਇ ।
ਹਾਲ ਓਇ ਅਧੀ ਰਾਤੀਂ ਖਤ ਲਿਖਿਆ, ਦਿਨ ਚ੍ਹੜਦੇ ਨੂੰ ।
ਦਿਨ ਚ੍ਹੜਦੇ ਨੂੰ ਵੀਰ ਮਨਾਂਲਾਂਗੀ ਓਇ ।
ਹਾਲ ਓਇ ਵੀਰ ਤੇਰਾ ਪੁੱਛਦਾ ਫਿਰੇ, ਮੇਰੀ ਭੈਣ ਦਾ,
ਮੇਰੀ ਭੈਣ ਦਾ ਤਬੇਲੜਾ ਕ੍ਹੇੜਾ ਨੀ ਓਇ ।
ਹਾਲ ਓਇ ਸਈਆਂ ਨੇ ਸੱਚ ਦੱਸਿਆ, ਚਿੱਟਾ ਝੌਂਪੜਾ ।
ਚਿੱਟਾ ਝੌਂਪੜਾ, ਫੁੱਲਾਂ ਵਾਲੇ ਵ੍ਹੇੜਾ ਨੀ ਓਇ ।
ਹਾਲ ਓਇ ਵੀਰ ਮੇਰੇ ਪਾਣੀ ਮੰਗਿਆ, ਦੁੱਧ ਦਈਂ ਨੀਂ,
ਦੁੱਧ ਦਈਂ ਨੀ ਨਣਾਨੇ ਕੁੜਿਆ ਨੀ ਓਇ ।
ਹਾਲ ਓਇ ਸੱਸੇ ਤੇਰੇ ਮੱਝ ਮਰ ਜਾਏ ਮੇਰੇ ਵੀਰ ਨੂੰ,
ਮੇਰੇ ਵੀਰ ਨੂੰ ਘੜੇ ਦਾ ਪਾਣੀ ਦਿੱਤੜਾ ਨੀ ਓਇ ।
ਹਾਲ ਓਇ ਰੁੱਖੀ ਸੁੱਖੀ ਖਾ ਲੈ ਵੀਰਨਾ, ਅੱਡ ਹੋਮਾਂਗੀ,
ਅੱਡ ਹੋਮਾਂਗੀ ਤੇ ਘਿਉ ਸ਼ੱਕਰ ਪਾਮਾਂਗੀ ਓਇ ।
ਹਾਲ ਓਇ ਨਿੱਕੀ ਸੀ ਮੈਂ ਉਚੇ ਟਿੱਲੇ ਲਾਮਾਂ ਲੈ ਲਈਆਂ ।
ਲਾਮਾਂ ਲੈ ਲਈਆਂ, ਦਿੱਲੀ ਵਾਲੇ ਰਾਹ ਜਾਨੀ ਓਇ ।

## ਬੀਰਾ ਰਹਿੰਦਾ ਮੇਮਾਂ ਦੇ ਮੰਦਰ ਤੇ

ਵਿਕਣੇ ਆਈਆਂ ਨੀ ਸੋਨੇ ਦੀਆਂ ਗਾਗਰਾਂ ।2 ।
ਇਕ ਮੇਰੀ ਗਾਗਰ ਦਾ ਮੁੱਲ ਕਹਾ ਦਿਓ ।2 ।
ਗਾਗਰ ਲੈਣੀਆਂ ਵੀਰੇ ਦੇ ਵਾਸਤੇ ।2 ।
ਬੀਰਾ ਮੇਰਾ ਨੀ ਵਿਚ ਜਲੰਧਰ ਦੇ ।2 ।
ਬੀਰਾ ਰ੍ਹੈਂਦਾ ਨੀ, ਮੇਮਾਂ ਦੇ ਮੰਦਰ ਤੇ ।2 ।
ਬੀਰਾ ਮੇਰਾ ਨੀ, ਵਿਚ ਲਹੌਰ ਦੇ ।2 ।
ਸ਼ੀਸ਼ੇ ਜੜਦਾ ਨੀ ਚਿੱਟੇ ਬਲੌਰ ਦੇ ।2 ।
ਬੀਰਾ ਰ੍ਹੈਂਦਾ ਨੀ, ਵਿਚ ਕਲਕੱਤੇ ਦੇ ।2 ।

ਲੜ ਲਾਇਆ ਨੀ, ਕਿਸ ਕਪੱਤੇ ਦੇ ।2 ।
ਵਿਕਣੇ ਆਈਆਂ ਨੀ, ਸੋਨੇ ਦੀਆਂ ਗਾਗਰਾਂ ।2 ।

## ਰੱਤੇ ਡੋਲ਼ੇ ਆਵਾਂ ਆਪਣੇ ਵੀਰੇ ਦੇ ਨਾਲ਼

ਮਾਏ ਮੋਤੀ ਚਿਣਾਂ, ਮੋਤੀ ਚਿਣਾਂ, ਲੜੀਆਂ ਕਰਾਂ ਨੀ ਮੈਂ ਚਾਰ ।2 ।
ਬਾਬਲ ਦੇਉ, ਛੋਡੀ, ਏਨਾਂ ਨਦੀਆਂ ਤੋਂ ਪਾਰ ।2 ।
ਧੀਏ ਲਾਗੀ ਭੇਜਾਂ, ਲਾਗੀ ਭੇਜਾਂ, ਤੈਨੂੰ ਲਵਾਂ ਨੀ ਮੰਗਾਂ ।2 ।
ਦਿਲ ਦੁਖੀ ਹੋਵੇ, ਦੁਖੀ ਹੋਵੇ, ਭੈੜੇ ਲਾਗੀ ਦੇ ਨਾਲ਼ ।2 ।
ਧੀਏ ਵੀਰਾ ਭੇਜਾਂ, ਬੀਰਾਂ ਭੇਜਾਂ, ਤੈਂਨੂੰ ਲਵਾਂ ਨੀ ਮੰਗਾ ।2 ।
ਰੱਤੇ ਡੋਲ਼ੇ ਆਵਾਂ, ਡੋਲ਼ੇ ਆਵਾਂ, ਆਪਣੇ ਬੀਰੇ ਦੇ ਨਾਲ਼ ।2 ।
ਮਾਏ ਮੋਤੀ ਚਿਣਾਂ ਮੋਤੀ ਚਿਣਾਂ, ਲੜੀਆਂ ਕਰਾਂ ਨੀ ਮੈਂ ਚਾਰ ।2 ।
ਤਾਏ ਦੇਓ ਛੋਡੀ, ਦੇਓ ਛੋਡੀ, ਭਤੀਜੀ ਨਦੀਆਂ ਤੋਂ ਪਾਰ ।2 ।
ਧੀਏ ਲਾਗੀ ਭੇਜਾਂ, ਲਾਗੀ, ਭੇਜਾਂ, ਤੈਂਨੂੰ ਲਵਾਂ ਨੀ ਮੰਗਾ ।2 ।
ਦਿਲ ਦੁਖੀ ਹੋਵੇ, ਦੁਖੀ ਹੋਵੇ, ਭੈੜੇ ਲਾਗੀ ਦੇ ਨਾਲ਼ ।2 ।
ਧੀਏ ਬੀਰਾ ਭੇਜਾਂ, ਬੀਰਾ ਭੇਜਾਂ, ਤੈਨੂੰ ਲਵਾਂ ਨੀ ਮੰਗਾ ।2 ।
ਰੱਤੇ ਡੋਲ਼ੇ ਆਵਾਂ, ਰੱਤੇ ਡੋਲੇ ਆਵਾਂ ਆਪਣੇ ਬੀਰੇ ਦੇ ਨਾਲ਼ ।2 ।

## ਬੀਰੇ ਉਸਾਰੀਆਂ ਉਹ ਬਾਰੀਆਂ

ਕਿੱਕਰੇ ਨੀ ਕੰਡਿਆਂ ਵਾਲ਼ੀਏ, ਕਿੰਨ ਮੋੜੇ ਤੇਰੇ ਡਾਲ਼ੇ ।
ਹਰਿਆਂ ਪੱਤਾ ਵਾਲ਼ੇ, ਵਧਾਵੇ ਨੂੰ ਵਲ ਜਾਨੀਆਂ ।
ਇਨੀਂ ਰਾਹੀਂ ਰਾਜਾ ਰਾਮ ਲੰਘਿਆ, ਉਨੇ ਮੋੜੇ ਮੇਰੇ ਡਾਲ਼ੇ ।
ਹਰਿਆਂ ਪੱਤਾਂ ਵਾਲ਼ੇ, ਵਧਾਵੇ ਨੂੰ ਵਲ ਜਾਨੀਆਂ ।
ਕਿੰਨ ਉਸਾਰੀਆਂ ਉਹ ਬਾਰੀਆਂ, ਕਿੰਨ ਉਸਾਰੀਆਂ ਉਹ ਬਾਰੀਆਂ ।
ਕਿਨੇ ਲਿਖੇ ਤਿੱਤਰ ਮੋਰ, ਵਧਾਵੇ ਨੂੰ ਬਲ ਜਾਨੀਆਂ ।
ਬੀਰੇ ਉਸਾਰੀਆਂ ਉਹ ਬਾਰੀਆਂ, ਬੀਰੇ ਉਸਾਰੀਆਂ ਉਹ ਬਾਰੀਆਂ ।
ਭਾਬੋ ਲਿਖੇ ਤਿੱਤਰ ਮੋਰ, ਵਧਾਵੇ ਨੂੰ ਬਲ ਜਾਨੀਆਂ ।
ਕੌਣ ਸੁੱਤਾ ਚੁੜ ਉਹ ਬਾਰੀਆਂ, ਕੌਣ ਸੁੱਤਾ ਚੁੜ ਉਹ ਬਾਰੀਆਂ ।
ਕੌਣ ਝੋਲੇ ਠੰਡੀ ਹਵਾ, ਵਧਾਵੇ ਨੂੰ ਬਲ ਜਾਨੀਆਂ ।
ਬਾਹੀਂ ਗੋਰੀਏ ਤੇਰੇ ਲਾਲ ਚੂੜਾ, ਬਾਹੀਂ ਤੇਰੇ ਗੋਰੀਏ ਲਾਲ ਚੂੜਾ ।
ਨੈਣਾਂ ਨੂੰ ਸੁਰਮੇ ਸਲ਼ਾਈ, ਵਧਾਵੇ ਨੂੰ ਵਲ ਜਾਨੀਆਂ ।

## ਸੁਹਣਾ ਕੌਂਤ ਹੋਵੇ

ਲਾਡੋ ਰਾਣੀ ਲਊਂਗਾ ਬਚਾ

ਲੌਢੇ ਵੇਲੇ ਉੱਠ ਕੇ ਸਵੇਰ ਵੇਲੇ ਉੱਠ ਕੇ ਕੱਚੀ ਮੂਲੀ ਖਾ ਲਈ ਐ ।
ਭਲਾ ਜੀ ਮੈਨੂੰ ਤੇਰੀ ਸਓਂ ਕੱਚੀ ਮੂਲੀ ਖਾ ਲਈ ਐ ।

ਬ੍ਹਾਰੋਂ ਆਇਆ ਸੁਉਰਾ ਮੇਰਾ, "ਨੂੰਹ ਰਾਣੀ ਕਿਉਂ ਪਈ ਐ ।
ਭਲਾ ਜੀ ਮੈਨੂੰ ਤੇਰੀ ਸਉਂ ਨੋਂਹ ਰਾਣੀ ਕਿਉਂ ਪਈ ਐ ।"
"ਸੱਦੋ ਵੈਦ ਲਿਆਉ ਸਿਆਣਾ, ਨੌਂਹ ਰਾਣੀ ਲਓ ਜੀ ਬਚਾ ।"
ਭਲਾ ਜੀ ਮੈਨੂੰ ਤੇਰੀ ਸਉਂ, ਨੋਂਹ ਰਾਣੀ ਲਓ ਜੀ ਬਚਾ ।"
"ਇਕ ਲੱਖ ਖਰਚਾਂ ਦੋ ਲੱਖ ਖਰਚਾਂ, ਪੁੱਤਰ ਨੂੰ ਮੈਂ ਲਵਾਂਗਾ ਵ੍ਹਿਆ ।
ਭਲਾ ਜੀ ਮੈਨੂੰ ਤੇਰੀ ਸਉਂ ਪੁੱਤਰ ਨੂੰ ਮੈਂ ਲਵਾਂਗਾ ਵ੍ਹਿਆ ।"
ਲੌਢੇ ਵੇਲੇ ਉੱਠ ਕੇ ਸਵੇਰ ਵੇਲੇ ਉੱਠ ਕੇ ਕੱਚੀ ਮੂਲੀ ਖਾ ਲਈ ਐ ।
ਬ੍ਹਾਰੋਂ ਆਇਆ ਦੇਵਰ ਮੇਰਾ "ਭਾਬੋ ਰਾਣੀ ਕਿਉਂ ਪਈ ਐ ।"
"ਸਦੋ ਵੈਦ ਲਿਆਉ ਸਿਆਣਾ, ਭਾਬੋ ਰਾਣੀ ਲਉ ਜੀ ਬਚਾ ।
ਭਲਾ ਜੀ ਮੈਨੂੰ ਤੇਰੀ ਸਉਂ, ਭਾਬੋ ਰਾਣੀ ਲਉ ਜੀ ਬਚਾ ।"
"ਇਕ ਲੱਖ ਖਰਚਾਂ ਦੋ ਲੱਖ ਖਰਚਾਂ ਵੀਰ ਨੂੰ ਮੈਂ ਲਵਾਂਗਾ ਵ੍ਹਿਆ ।
ਭਲਾ ਜੀ ਮੈਨੂੰ ਤੇਰੀ ਸਉਂ ਵੀਰ ਨੂੰ ਮੈਂ ਲਵਾਂਗਾ ਵ੍ਹਿਆ, ।"
ਲੌਢੇ ਵੇਲੇ ਉੱਠ ਕੇ ਸਵੇਰੇ ਵੇਲੇ ਉੱਠ ਕੇ ਕੱਚੀ ਮੂਲੀ ਖਾ ਲਈ ਐ ।
ਭਲਾ ਜੀ ਮੈਨੂੰ ਤੇਰੀ ਸਉਂ ਕੱਚੀ ਮੂਲੀ ਖਾ ਲਈ ਐ ।"
ਬ੍ਹਾਰੋਂ ਆਇਆ ਮਾਹੀ ਮੇਰਾ, "ਲਾਡੋ ਰਾਣੀ ਕਿਉਂ ਪਈ ਐ ।
ਭਲਾ ਜੀ ਮੈਨੂੰ ਤੇਰੀ ਸਉਂ ਲਾਡੋ ਰਾਣੀ ਕਿਉਂ ਪਈ ਐ ।
"ਸੱਦੋ ਵੈਦ ਲਿਆਉ ਸਿਆਣਾ, ਲਾਡੋ ਰਾਣੀ ਲਉ ਜੀ ਬਚਾ ।
ਭਲਾ ਜੀ ਮੈਨੂੰ ਤੇਰੀ ਸਉਂ, ਲਾਡੋ ਰਾਣੀ ਲਉ ਜੀ ਬਚਾ ।"
"ਇਕ ਲੱਖ ਖਰਚਾਂ ਦੋ ਲੱਖ ਖਰਚਾਂ, ਲਾਡੋ ਰਾਣੀ ਲਊਂਗਾ ਬਚਾ ।
ਭਲਾ ਜੀ ਮੈਂਨੂੰ ਤੇਰੀ ਸਉਂ, ਲਾਡੋ ਰਾਣੀ ਲਊਂਗਾ ਬਚਾ ।"

## ਮੈਂ ਵੀ ਅਸਲ ਦੁਆਬੇ ਦੀ ਸਰੀ ਵੇ

ਜੇ ਸਿੰਘ ਦੀ ਤੁਸੀਂ ਵਰਦੀ ਬਣਾਈ, ਸਾਡੀ ਸ੍ਹਾੜੀ ਦਾ ਫਿਕਰ ਤੂੰ ਕਰੀਂ ਵੇ ।
ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਸਰੀ ਵੇ । 2 ।
ਕੁੰਡਾ ਖ੍ਹੋਲ ਬਦਰਦਾ, ਨਾਰ ਪਤਲੀ ਪਤੰਗ ਪਾਲ਼ੇ ਠਰੀ ਵੇ,
ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਦੀ ਸਰੀ ਵੇ । 2 ।
ਜੇ ਸਿੰਘ ਜੀ ਤੁਸੀਂ ਚੀਰਾ ਬਣਾਇਆ, ਸਾਡੇ ਟਿੱਕੇ ਦਾ ਫਿਕਰ ਤੂੰ ਕਰੀਂ ਵੇ ।
ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਸਰੀ ਵੇ । 2 ।
ਜੇ ਸਿੰਘ ਜੀ ਤੁਸੀਂ ਜੋੜਾ ਖਰੀਦੋ ਸਾਡੇ ਸੈਂਡਲਾਂ ਦਾ ਫਿਕਰ ਤੂੰ ਕਰੀਂ ਵੇ ।
ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਸਰੀ ਵੇ । 2 ।
ਕੁੰਡਾ ਖ੍ਹੋਲ ਬਦਰਦਾ, ਨਾਰ ਪਤਲੀ ਪਤੰਗ ਪਾਲੇ ਠਰੀ ਵੇ ।
ਸਿੰਘ ਮਾਝੇ ਦਿਆ ਜੰਮਿਆ, ਮੈਂ ਵੀ ਅਸਲ ਦੁਆਬੇ ਦੀ ਸਰੀ ਵੇ । 2 ।

## ਦਿਨ ਚੜ੍ਹਿਆ ਸਵੇਰ ਹੋਈ

ਦਿਨ ਚੜ੍ਹਿਆ ਸਵੇਰ ਹੋਈ, ਦਿਨ ਚੜ੍ਹਿਆ ਸਵੇਰੇ ਹੋਈ ।

ਜੀ ਤੁਸੀਂ ਜਾਗਦੇ ਕਿਉਂ ਨਹੀਂ ਜੀ ਰਾਧੇ ਖੜੀ ਹੈ ।
ਦਿਨ ਚੜ੍ਹਿਆ ਸਵੇਰ ਹੋਈ, ਦਿਨ ਚੜ੍ਹਿਆ ਸਵੇਰ ਹੋਈ ।
ਚੁਗਦੇ ਚਿੜੀਆ ਜਨੌਰ ਜੀ, ਤੁਸੀਂ ਜਾਗਦੇ ਕਿਉਂ ਨਈਂ,
ਤੁਸੀਂ ਜਾਗਦੇ ਕਿਉਂ ਨਹੀਂ ਜੀ, ਰਾਧੇ ਖੜੀ ਹੋ ।
ਦਿਨ ਚੜ੍ਹਿਆ ਸਵੇਰ ਹੋਈ, ਦਿਨ ਚੜ੍ਹਿਆ ਸਵੇਰ ਹੋਈ,
ਦਾਤਣ ਵੇਲਾ ਹੋਈ ਜੀ ਤੁਸੀਂ ਜਾਗਦੇ ਕਿਉਂ ਨਈਂ ।
ਤੁਸੀਂ ਜਾਗਦੇ ਕਿਉਂ ਨਈਂ ਜੀ, ਰਾਧੇ ਖੜੀ ਹੇ ।
ਤੱਤੜਾ ਪਾਣੀ ਠੰਡੜਾ ਹੋਇਆ, ਤੱਤੜਾ ਪਾਣੀ ਠੰਡੜਾ ਹੋਇਆ
ਜੀ ਤੁਸੀਂ ਨ੍ਹਾਂਵਦੇ ਕਿਉਂ ਨਹੀਂ ਜੀ, ਰਾਧੇ ਖੜੀ ਹੇ ।
ਤੱਤੜੀ ਰਸੋਈ ਠੰਡੜੀ ਹੋਈ, ਤੱਤੜੀ ਰਸੋਈ ਠੰਡੜੀ ਹੋਈ,
ਜੀ ਤੁਸੀਂ ਖਾਂਵਦੇ ਕਿਉਂ ਨਈਂ ਜੀ, ਰਾਧੇ ਖੜੀ ਹੇ ।

## ਓ ਮੇਰਿਆ ਵਹਿਮੀਆਂ ਢੋਲਾ

ਓ......ਝਜਰੀ ਨੀ, ਕਿਥੋਂ ਆਂਦੀ ਨੀ ਮੇਰੀਏ ਨਾਜਕੇ ਨਾਰੇ ।
ਓ......ਝਜਰੀ ਵੇ, ਮੇਤੋਂ ਭੱਜ ਗਈਓ ਵੇ ਮੇਰਿਆ ਵ੍ਹੈਮਿਆ ਢੋਲਾ ।
ਓ......ਠੀਕਰੀ ਨੀ, ਸਾਨੂੰ ਦੱਸ ਦੇ ਨੀ ਮੇਰੀਏ ਨਾਜਕੇ ਨਾਰੇ ।
ਓ......ਠੀਕਰੀ ਵੇ, ਬਾਲਕ ਲੈ ਗਏ ਵੇ, ਮੇਰਿਆ ਵ੍ਹੈਮਿਆ ਢੋਲਾ ।
ਓ......ਬਾਲਕੇ ਨੀ, ਦੱਸ ਦੇ ਨੀ ਮੇਰੀਏ ਨਾਜਕੇ ਨਾਰੇ ।
ਓ......ਬਾਲਕੇ ਵੇ, ਮ੍ਹੈਲੀਂ ਚੜ੍ਹ ਗਏ, ਵੇ ਮੇਰਿਆ ਵ੍ਹੈਮਿਆ ਢੋਲਾ ।
ਓ......ਮ੍ਹੈਲੜੇ ਵੇ, ਸਾਨੂੰ ਦੱਸ ਦੇਵੀਂ ਨੀ ਮੇਰੀਏ ਨਾਜਕੇ ਨਾਰੇ ।
ਓ......ਬਾਲਕ ਵੇ, ਭਰਤੀ ਹੋ ਗਏ ਵੇ, ਮੇਰਿਆ ਵ੍ਹੈਮਿਆ ਢੋਲਾ !
ਓ.....ਭਰਤੀ ਨੀ, ਕਿਸ ਕੰਮ ਚਲੇ ਗਏ ਨੀ ਮੇਰੀਏ ਨਾਜਕੇ ਨਾਰੇ ।
ਓ......ਬਚੜੇ ਵੇ, ਨੌਕਰ ਹੋ ਗਏ ਵੇ ਮੇਰਿਆ ਵ੍ਹੈਮਿਆ ਢੋਲਾ ।

## ਕੌਂਤ ਮੇਰੇ ਦਾ ਸੋਨੇ ਦਾ ਬੰਗਲਾ

ਟੋਪੀ ਦੀ ਨਕਲ ਉਤਾਰਦਾ ਨੀ ਮਾਂ ਟੋਪੀ ਵਾਲਾ ਸਮਰੀਆ ।
ਸ੍ਹੌਰੇ ਮੇਰੇ ਦਾ ਲੋਹੇ ਦਾ ਬੰਗਲਾ, ਸ੍ਹੌਰੇ ਮੇਰੇ ਦਾ ਲੋਹੇ ਦਾ ਬੰਗਲਾ ।
ਮ੍ਹੀਂ ਪਏ ਤੇ ਜੰਗ ਲੱਗ ਜਾਂਵਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਟੋਪੀ ਦੀ ਨਕਲ ਉਤਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਜੇਠ ਮੇਰੇ ਦਾ ਤਾਂਬੇ ਦਾ ਬੰਗਲਾ, ਜੇਠ ਮੇਰੇ ਦਾ ਤਾਂਬੇ ਦਾ ਬੰਗਲਾ ।
ਧੁੱਪ ਚੜ੍ਹੀ ਤੇ ਤਪ ਜਾਂਵਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਟੋਪੀ ਦੀ ਨਕਲ ਉਤਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਦੇਰ ਮੇਰੇ ਦਾ ਚਾਂਦੀ ਦਾ ਬੰਗਲਾ ਦੇਰ ਮੇਰੇ ਦਾ ਚਾਂਦੀ ਦਾ ਬੰਗਲਾ ।
ਧੁੱਪ ਚੜ੍ਹੀ ਤਾਂ ਲਿਸ਼ਕਾਂ ਮਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਟੋਪੀ ਦੀ ਨਕਲ ਉਤਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।

ਕੌਂਤ ਮੇਰੇ ਦਾ ਸੋਨੇ ਦਾ ਬੰਗਲਾ, ਕੌਂਤ ਮੇਰੇ ਦਾ ਸੋਨੇ ਦਾ ਬੰਗਲਾ ।
ਧੁੱਪ ਚੜ੍ਹੇ ਤਾਂ ਲਿਸ਼ਕਾਂ ਮਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।
ਟੋਪੀ ਦੀ ਨਕਲ ਉਤਾਰਦਾ ਨੀ ਮਾਂ, ਟੋਪੀ ਵਾਲਾ ਸਮਰੀਆ ।

## ਮਾਵਾਂ ਪੁੱਤਰਾਂ ਦੇ ਜ਼ੋਰ

ਉਡੀਂ ਵੇ ਕਾਲਿਆ ਕਾਗਾ, ਵੇ ਜਾਈਂ ਮਾਹੀ ਦੇ ਦੇਸ ਢੋਲ ਮੇਰਾ ।
ਜਾ ਕੇ ਸੁਨੇਹਾ ਦੇਵੀਂ, ਵੇ ਘਰ ਪੱਖੀ ਦੀ ਲੋੜ ਢੋਲ ਮੇਰਾ ।
ਪੱਖੀ ਭੇਜੂੰ ਕਸ਼ਮੀਰੀ, ਨੀ ਵਰਤੀਂ ਅਕਲਾਂ ਦੇ ਜ਼ੋਰ ਨਾਰ ਮੇਰੀ ।
ਸਾਨੂੰ ਤਾਂ ਨਈਂ ਅਕਲਾਂ, ਵੇ ਅਕਲਾਂ ਲੈ ਆਵੀਂ ਕੋਲ ਢੋਲ ਮੇਰਾ ।
ਲਿਖ ਲਿਖ ਚਿੱਠਿਆਂ ਪਾਵਾਂ, ਵੇ ਘਰ ਦੰਮਾਂ ਦੀ ਲੋੜ ਢੋਲ ਮੇਰਾ ।
ਦੰਮ ਭੇਜੂੰਗਾ ਵਧੇਰੇ, ਨੀ ਵਰਤੀਂ ਅਕਲਾਂ ਦੇ ਜ਼ੋਰ ਨਾਰ ਮੇਰੀ ।
ਪੱਖੀ ਕੱਢੀ ਕਸ਼ਮੀਰੀ, ਵੇ ਗਰਮੀ ਪਾ ਲਿਆ ਜ਼ੋਰ ਢੋਲ ਮੇਰਾ ।
ਲੈ ਪੱਖੀ ਵ੍ਹੇੜੇ ਬੈਠੀ, ਵੇ ਸੱਸੂ ਮਾਰਿਆ ਬੋਲ ਢੋਲ ਮੇਰਾ ।
ਲਿਖ ਲਿਖ ਚਿੱਠਿਆਂ ਪਾਵਾਂ, ਵੇ ਆਪਣੀ ਮਾਂ ਨਾ ਨਾ ਬੋਲ ਢੋਲ ਮੇਰਾ ।
ਤੈਨੂੰ ਕਿਵੇਂ ਸਮਝਾਵਾਂ, ਨੀ ਮਾਵਾਂ ਪੁੱਤਰਾਂ ਦੇ ਜ਼ੋਰ ਨਾਰ ਮੇਰੀ ।

## ਰਾਤਾਂ ਚਾਨਣੀਆਂ ਆ ਗਈਆਂ

ਚੰਦਾ ਵੇ ਰਾਤਾ ਚਾਨਣੀਆਂ ਆ ਗਈਆਂ । 2 ।
ਸਭ ਸਹੇਲੀਆਂ ਪਾਣੀ ਨੂੰ ਗਈਆਂ, ਚੰਦਾ ਵੇ ।
ਮੈਂ ਵੀ ਓਹਨਾਂ ਦੇ ਸੰਗ ਨਾਲ ਗਈਆਂ । 2 ।
ਸਭ ਸਹੇਲੀਆਂ ਭਰ ਭਰ ਆਈਆਂ । 2 ।
ਚੰਦਾ ਵੇ ਮੈਂ ਤਾਂ ਮਟਕੀ ਤੁੜਾ ਘਰ ਆਈਆਂ । 2 ।
ਸਭ ਸਹੇਲੀਆਂ, ਪੀਂਘਾਂ ਨੂੰ ਗਈਆਂ । 2 ।
ਸ੍ਰੋਣਿਆ ਵੇ ਮੈਂ ਵੀ ਓਹਨਾਂ ਦੇ ਸੰਗ ਨਾਲ ਗਈਆਂ ।
ਸੱਭ ਸਹੇਲੀਆਂ ਝੂਟ ਘਰ ਆਈਆਂ । 2 ।
ਸ੍ਰੋਣਿਆ ਵੇ ਮੈਂ ਤਾਂ ਬਹੀਆਂ ਤੁੜਾ ਘਰ ਆਈਆਂ ।
ਚੰਦਾ ਵੇ ਰਾਤਾਂ ਚਾਨਣੀਆਂ ਆ ਗਈਆਂ । 2 ।

## ਜਿਨ੍ਹਾਂ ਨਾਰਾਂ ਦੇ ਕੌਂਤ ਨਹੀਓਂ

ਸ਼ਾਮਾ ਤੇਰੀ ਮੇਰੀ ਕਰਦੇ ਦੀ ਉਮਰ ਗਈਉ । 2 ।
ਸ਼ਾਮਾ ਜ੍ਹਿਨਾਂ ਗਾਮਾਂ ਦੇ ਬਛੜੇ ਨਈਓਂ । 2 ।
ਸ਼ਾਮਾ ਓਹਨਾਂ ਦਾ ਦੁੱਧ ਪੀਣਾ ਧਰਮ ਨਈਓਂ । 2 ।
ਸ਼ਾਮਾ ਜ੍ਹਿਨਾਂ ਮਾਮਾਂ ਦੇ ਪੁੱਤ ਨਈਓਂ । 2 ।
ਸ਼ਾਮਾ ਓਹਨਾਂ ਦੇ ਏਥੇ ਜੀਣਾ ਧਰਮ ਨਈਓਂ । 2 ।
ਸ਼ਾਮਾ ਜ੍ਹਿਨਾਂ ਭੈਣਾ ਦੇ ਵੀਰ ਨਈਓਂ । 2 ।

ਸ਼ਾਮਾ ਓਹਨਾਂ ਦਾ ਪੇਕੇ ਜਾਣਾ ਧਰਮ ਨਈਉਂ । 2 ।
ਸ਼ਾਮਾ ਜ੍ਹਿਨਾਂ ਨਾਰਾਂ ਦੇ ਕੌਂਤ ਨਈਉਂ । 2 ।
ਸ਼ਾਮਾ ਓਹਨਾਂ ਦਾ ਸੌਂਰੇ ਰ੍ਹੈਣਾ ਧਰਮ ਨਈਉਂ । 2 ।
ਸ਼ਾਮਾ ਤੇਰੀ ਮੇਰੀ ਕਰਦੇ ਦੀ ਉਮਰ ਗਈਉ ।2 ।

## ਤੈ ਮੇਰਾ ਆਤਮਾ ਡੋਲਿਆ ਏ

ਤੇਰੀ ਤੇਰੀ ਖਾਤਰ ਮ੍ਹੈਲ ਪੁਆਨੀਆਂ, ਮੋਰੀ ਰੱਖਾਂ ਤੇਰੇ ਦੇਖਣੇ ਨੂੰ ।
ਹੋ ਬੇਈਮਾਨਿਆ ਹੋ ਦਗੇਬਾਜਿਆਂ, ਤੈਂ ਮੇਰਾ ਆਤਮਾ ਡੋਲਿਆ ਏ ।
ਤੇਰੀ ਤੇਰੀ ਖਾਤਰ ਖੂਹਾ ਲੁਆਨੀਆਂ, ਡੋਲ ਰੱਖਾਂ ਤੇਰੇ ਨੌਮਣੇ ਨੂੰ ।
ਹੋ ਬੇਈਮਾਨਿਆ ਹੋ ਦਗੇਬਾਜਿਆਂ, ਤੈਂ ਮੇਰਾ ਆਤਮਾ ਡੋਲਿਆ ਏ ।
ਤੇਰੀ ਤੇਰੀ ਖਾਤਰ ਬਾਗ ਲੁਆਨੀਆਂ, ਬੂਟਾਂ ਲਾਵਾਂ ਛਾਵੇਂ ਬੈਠਣੇ ਨੂੰ ।
ਹੋ ਬੇਈਮਾਨਿਆ ਹੋ ਦਗੇਬਾਜਿਆਂ, ਤੈਂ ਮੇਰਾ ਆਤਮਾ ਡੋਲਿਆ ਏ ।
ਤੇਰੀ ਤੇਰੀ ਖਾਤਰ ਜੱਗ ਲੁਆਨੀਆਂ, ਖਾਣੇ ਦੇ ਪੱਜ ਵੇ ਆ ਜਾਵੀਂ ।
ਹੋ ਬੇਈਮਾਨਿਆ ਹੋ ਦਗੇਬਾਜਿਆ, ਤੈਂ ਮੇਰਾ ਆਤਮਾ ਡੋਲਿਆ ਏ ।
ਤੇਰੀ ਤੇਰੀ ਖਾਤਰ ਪਲੰਘ ਡਹਾਨੀਆਂ, ਸੇਜ ਵਛਾਵਾਂ ਤੇਰੇ ਸੌਮਣੇ ਨੂੰ ।
ਹੋ ਬੇਈਮਾਨਿਆ ਹੋ ਦਗੇਬਾਜਿਆ, ਤੈਂ ਮੇਰਾ ਆਤਮਾ ਡੋਲਿਆ ਏ ।

## ਲੈ ਮੰਨ ਗਿਆ ਨੀ ਛੋਟੀਏ ਨਣਦੇ ਤੇਰਾ ਵੀਰਾ

ਲੈ ਕਿਧਰੋਂ ਆਈਆਂ ਲੈਚੀਆਂ ਲੈ ਕਿਧਰੋਂ ਆਇਆ ਜੀਰਾ । 2 ।
ਲੈ ਕਿਧਰੋਂ ਆਇਆ ਨੀ ਛੋਟੀਏ ਨਣਦੇ ਤੇਰਾ ਵੀਰਾ । 2 ।
ਚੜ੍ਹਦਿਉਂ ਆਈਆਂ ਲੈਚੀਆਂ ਲੈ ਲੈਂਦਿਉਂ ਆਇਆ ਜੀਰਾ । 2 ।
ਲੈ ਦੱਖਣੋਂ ਆਇਆ ਨੀ, ਛੋਟੀਏ ਨਣਦੇ ਤੇਰਾ ਵੀਰਾ । 2 ।
ਲੈ ਕਿੱਥੇ ਰੱਖਾਂ ਲੈਚੀਆਂ, ਲੈ ਕਿੱਥੇ ਰੱਖਾਂ ਜੀਰਾ । 2 ।
ਲੈ ਕਿੱਥੇ ਬਿਠਾਵਾਂ ਨੀ, ਛੋਟੀਏ ਨਣਦੇ ਤੇਰਾ ਵੀਰਾ । 2 ।
ਆਲ਼ੇ ਰੱਖਾਂ ਲੈਚੀਆਂ ਲਵਾਰੀ ਰੱਖਾ ਜੀਰਾ । 2 ।
ਲੈ ਪਲ਼ੰਘ ਬਠਾਵਾਂ ਨੀ ਛੋਟੀਏ ਨਣਦੇ ਤੇਰਾ ਵੀਰਾ ।2 ।
ਲੈ ਡਿੱਗ ਪਈਆਂ ਲੈਚੀਆਂ, ਲੈ ਡਿੱਗ ਪਿਆ ਜੀਰਾ । 2 ।
ਲੈ ਰੁੱਸ ਗਿਆ ਨੀ, ਛੋਟੀਏ ਨਣਦੇ ਤੇਰਾ ਵੀਰਾ । 2 ।
ਲੈ ਕੌਣ ਚੱਕੇ ਲੈਚੀਆਂ, ਲੈ ਕੌਣ ਚੱਕੇ ਜੀਰਾ । 2 ।
ਲੈ ਸੱਸ ਚੱਕੇ ਲੈਚੀਆਂ, ਨਣਾਨ ਚੱਕੇ ਜੀਰਾ । 2 ।
ਮੈਂ ਆਪ ਮਨਾਵਾਂ ਨੀ, ਛੋਟੀਏ ਨਣਦੇ ਤੇਰਾ ਵੀਰਾ । 2 ।
ਲੈ ਚੱਕ ਲਈਆਂ ਲੈਚੀਆਂ, ਲੈ ਚੱਕ ਲਿਆ ਜੀਰਾ । 2 ।
ਲੈ ਮੰਨ ਗਿਆ ਨੀ, ਛੋਟੀਏ ਨਣਦੇ ਤੇਰਾ ਵੀਰਾ । 2 ।

## ਸੇਜ ਟੁੱਟੇ ਨੀ ਲਾਲ ਪਰੀਬੰਦ ਛਣਕੇ

ਦੇਰ ਚੱਲਾ ਦਿੱਲੀ, ਲੈ ਜੇਠ ਚੱਲਾ ਆਗਰੇ । 2 ।
ਮਾਹੀ ਚੱਲਾ ਨੀ ਜੰਮੂ, ਸ਼ੈਹ੍ਰ ਕਸ਼ਮੀਰ ਦੇ । 2 ।
ਕੌਣ ਲਿਆਇਆ ਚੂੜੀਆਂ, ਲੈ ਕੌਣ ਲਿਆਇਆ ਗਜਰੇ । 2 ।
ਕੋਣ ਲਿਆਇਆ ਨੀ, ਲਾਲ ਪਰਿਬੰਦ ਛਣਕੇ । 2 ।
ਦੇਰ ਲਿਆਇਆ ਚੂੜੀਆਂ, ਲੈ ਜੇਠ ਲਿਆਇਆ ਗਜਰੇ । 2 ।
ਮਾਹੀ ਲਿਆਇਆ ਨੀ, ਲਾਲ ਪਰਿਬੰਦ ਛਣਕੇ । 2 ।
ਕਿੱਥੇ ਪਾਵਾਂ ਚੂੜੀਆਂ ਲੈ ਕਿੱਥੇ ਪਾਵਾਂ ਗਜਰੇ । 2 ।
ਕਿੱਥੇ ਪਾਵਾਂ ਨੀ ਲਾਲ ਪਰਿਬੰਦ ਛਣਕੇ । 2 ।
ਬਾਹੀਂ ਪਾਵਾਂ ਚੂੜੀਆਂ, ਲੈ ਬਾਹੀਂ ਪਾਵਾਂ ਗਜਰੇ । 2 ।
ਸੀਨੇ ਲਾਵਾਂ ਨੀ ਲਾਲ ਪਰਿਬੰਦ ਛਣਕੇ । 2 ।
ਕਿੱਥੇ ਟੁੱਟੀਆਂ ਚੂੜੀਆ ਲੈ ਕਿੱਥੇ ਟੁੱਟੇ ਗਜਰੇ । 2 ।
ਕਿੱਥੇ ਟੁੱਟੇ ਨੀ ਲਾਲ ਪਰਿਬੰਦ ਛਣਕੇ । 2 ।
ਬਾਹੀਂ ਟੁਟੀਆਂ ਚੂੜੀਆਂ, ਲੈ ਬਾਹੀਂ ਟੁੱਟੇ ਗਜਰੇ । 2 ।
ਸੇਜ ਟੁੱਟੇ ਨੀ ਲਾਲ ਪਰਿਬੰਦ ਛਣਕੇ । 2 ।
ਦੇਰ ਚੱਲਾ ਦਿੱਲੀ ਲੈ ਜੇਠ ਚੱਲਾ ਆਗਰੇ । 2 ।
ਮਾਹੀ ਚੱਲਾ ਨੀ ਜੰਮੂ ਸ਼ੈਹ੍ਰ ਕਸ਼ਮੀਰ ਦੇ । 2 ।

## ਚਲ ਸਿੰਘਾ ਵੇ ਦੋਨੋਂ ਤੁਰ ਚਲੀਏ

ਕਿਨੇ ਤਾਂ ਰਿੱਧਾ ਸਾਗ ਤੋਰੀਏ ਦਾ, ਕਿਨੇ ਮਸਰਾਂ ਦਾ ਦਾਲ਼ ਜਿੰਦੇ ਮੇਰੀਏ ।
ਅਸਾਂ ਨਈਂ ਰਿੱਧਾ ਸਾਗ ਤੋਰੀਏ ਦਾ, ਅਸਾਂ ਮਸਰਾਂ ਦੀ ਦਾਲ਼ ਜਿੰਦੇ ਮੇਰੀਏ ।
ਅਸੀਂ ਨਈਂ ਦੇਣਾ ਸਾਗ ਤੇਰੀਏ ਦਾ, ਖਾਵੋ ਮਸਰਾਂ ਦੀ ਦਾਲ਼ ਜਿੰਦੇ ਮੇਰੀਏ ।
ਚਲੀਂ ਸਿੰਘਾ ਵੇ ਮੈਂ ਨ੍ਹਾਣ ਲਗੀਆਂ, ਵ੍ਹੇੜੇ ਆ ਵੜਿਆ ਪਖੀਰ ਜਿੰਦੇ ਮੇਰੀਏ ।
"ਪਾਵੀਂ ਨੀ ਸੱਸੂ ਮੁੱਠ ਬਾਜਰੇ ਦੀ ਏਨੂੰ ਕੱਢੀਂ ਬੂਇਉਂ ਬਾਰ ਜਿੰਦੇ ਮੇਰੀਏ ।
ਅਸੀਂ ਨਈਂ ਲੈਣੀ ਮੁੱਠ ਬਾਜਰੇ ਦੀ ਤੈਨੂੰ ਖੜਨਾ ਆਪਣੇ ਨਾਲ਼ ਜਿੰਦੇ ਮੇਰੀਏ ।
ਚਲ ਸਿੰਘਾ ਵੇ ਦੋਨੋਂ ਤੁਰ ਚਲੀਏ, ਜਿੱਥੇ ਬੜੇ ਬੜੇ ਕਮਾਦ ਜਿੰਦੇ ਮੇਰੀਏ ।
ਤੁਸੀਂ ਭੰਨੋ ਵੇ ਅਸੀਂ ਚੂਪਾਂਗੇ, ਡਾਢਾ ਆਵੇਗਾ ਸੁਆਦ, ਜਿੰਦੇ ਮੇਰੀਏ ।
ਚਲ ਸਿੰਘਾ ਵੇ ਦੋਨੋਂ ਤੁਰ ਚਲੀਏ, ਜਿਥੇ ਕਾਗਦੀ ਬਦਾਮ, ਜਿੰਦੇ ਮੇਰੀਏ ।
ਤੁਸੀਂ ਭੰਨੋਂ ਵੇ ਅਸੀਂ ਖਾਵਾਂਗੇ, ਡਾਢੇ ਹੋਵਾਂਗੇ ਜਵਾਨ, ਜਿੰਦੇ ਮੇਰੀਏ ।
ਆਉਂਦਿਆਂ ਵੇ ਰਾਈਆ ਜਾਂਦਿਆਂ ਵੇ ਰਾਈਆ, ਮੇਰਾ ਲੈ ਸਨੇਹਾ ਜਾ ਜਿੰਦੇ ਮੇਰੀਏ ।
ਜਾ ਆਖੀਂ ਮੇਰੀ ਮਾਂ ਰਾਣੀ ਨੂੰ, ਪੱਲੇ ਪੈ ਗਿਆ ਪਖੀਰ, ਜਿੰਦੇ ਮੇਰੀਏ ।
ਜਾ ਆਖੀਂ ਮੇਰੀ ਧੀ ਰਾਣੀ ਨੂੰ, ਲੈ ਲੈ ਆਪਣੇ ਨਸੀਬ ਜਿੰਦੇ ਮੇਰੀਏ ।

## ਤੇਰੀ ਤਾਂ ਕਾਰਣ ਜੁਲਕੂ

ਤੇਰੀ ਤਾਂ ਕਾਰਣ ਜੁਲਕੂ ਰੋਟੀ ਪਕਾਉਨੀਆਂ, ਜਾਣਾ ਕਣਕ ਦੀ ਲਾਵੀ ਵੇ । 2 ।
ਤੇਰੀ ਤਾਂ ਕਾਰਣ ਮੈਂ ਚਿੱਕੜ ਡੁੱਬੀ, ਡੁੱਬ ਗਈ ਲੱਕ ਤਾਈਂ ਵੇ । 2 ।

ਤੇਰੀ ਤਾਂ ਕਾਰਣ ਜੁਲਕੂ, ਸਈਆਂ ਵੀ ਛੋਡੀਆਂ, ਛੋਡ ਆਈ ਭਰਜਾਈ ਵੇ । 2 ।
ਤੇਰੀ ਤਾਂ ਕਾਰਣ ਜੁਲਕੂ ਭਾਈ ਵੀ ਛੋਡੇ, ਛੋਡ ਆਈ ਮਾਂ ਪੀਊ ਵੇ । 2 ।
ਤੇਰੀ ਤਾਂ ਕਾਰਣ ਜੁਲਕੂ ਮਾਪੇ ਦੀ ਛੋਡੇ, ਛੋਡ ਆਈ, ਭੈਣ ਭਾਈ ਵੇ । 2 ।

## ਲੰਬੜਾਂ ਰਾਸ ਪੁਆਈ

"ਰਾਤੀਂ ਰਾਸ ਦੇਖਣ ਗਿਉਂ ਵੇ ਨਾਂ ਗਿਉਂ ਦੱਸ ਕੇ । 2 ।"
"ਲੰਬੜਾਂ ਰਾਸ ਪੁਆਈ, ਮੁੰਡੇ ਲੈ ਗਏ ਸੱਦ ਕੇ । 2 ।"
ਨ੍ਹੇਰੀ ਕਾਲੀ ਬੋਲੀ ਆ ਗਈ, ਘਰ ਨੂੰ ਆ ਗਿਆ ਨੱਸ ਕੇ । 2 ।
ਮੈਂ ਵੀ ਕੁੰਡਾ ਨਾ ਖੋਲਿਆ, ਪੈ ਗਿਆ ਮੰਜਾ ਸਿੱਟ ਕੇ । 2 ।
ਮੈਂ ਵੀ ਮੰਜਾ ਨਾ ਡ੍ਹਾਇਆ, ਪੈ ਗਿਆ ਬੋਰੀ ਸਿੱਟ ਕੇ । 2 ।
"ਲੰਬੜਾਂ ਰਾਸ ਪੁਆਈ, ਵੇ ਨਾ ਗਿਉਂ ਦੱਸ ਕੇ । 2 ।"
"ਗੋਰੀਏ ਮੈਂ ਤਾਂ ਨਈਂ ਸੀ ਜਾਂਦਾ, ਮੁੰਡੇ ਲੈ ਗਏ ਸੱਦ ਕੇ । 2 ।"

## ਰੰਨਾਂ ਵੇ ਬਗਾਨੀਆਂ ਬਣੀਆਂ ਨਾ ਆਪਣੀਆਂ

ਲਾਲ ਵੇ ਲੱਠਾ ਲੈ ਆਇਉਂ ਚਾਬੀ ਦਾ ।
ਲੱਠੇ ਵਾਲ਼ਾ ਮੁੱਲ ਮੰਗਦਾ ਵੇ ਨਾਮਾ ਲਾ ਆਇਉਂ ਭਾਬੀ ਦਾ ।
ਸੋ੍ਹਣਿਆ ਵੇ ਨਾਮਾ ਲਾ ਆਇਉਂ ਭਾਬੀ ਦਾ ।
ਸੋ੍ਹਣਿਆ ਵੇ ਲੱਠਾ ਲੈ ਆਈਆਂ ਤ੍ਰੈ ਕਰਕੇ ।
ਲੱਠੇ ਵਾਲਾ ਮੁੱਲ ਮੰਗਦਾ, ਬਹੀ ਦੇ ਆਈਆਂ ਬੈ ਕਰਕੇ ।
ਸੋ੍ਹਣਿਆ ਵੇ ਬਹੀ ਦੇ ਆਈਆਂ ਬੈ ਕਰਕੇ ।
ਲਾਲ ਵੇ ਚਿੱੜੀ ਉੱਡੀ ਕੇ ਕਵਾਟਰ ਤੋਂ ।
ਤੇਰੇ ਉੱਤੇ ਕੀ ਡੁਲ੍ਹਣਾ, ਡੁਲ੍ਹੀ ਲਾਲ ਸਵਾਟਰ ਤੋਂ ।
ਸੋ੍ਹਣਿਆ ਵੇ ਡੁਲ੍ਹੀ ਲਾਲ ਸਵਾਟਰ ਤੋਂ ।
ਲਾਲ ਵੇ ਚਿੜੀ ਉਡੀ ਵੇ ਸਨੁਕੜੇ ਤੋਂ ।
ਤੇਰੇ ਉੱਤੇ ਕੀ ਡੁਲ੍ਹਣਾ, ਡੁਲ੍ਹੀ ਸੋ੍ਹਣੇ ਜਏ ਮੁਖੜੇ ਤੋਂ ।
ਸੋ੍ਹਣਿਆ ਵੇ ਡੁਲ੍ਹੀ, ਸੋ੍ਹਣੇ ਜਏ ਮੁਖੜੇ ਤੋਂ ।
ਸੋ੍ਹਣਿਆ ਵੇ ਮਸਰਾਂ ਦੀਆਂ ਪਾਪੜੀਆਂ ।
ਰੰਨਾਂ ਵੇ ਬਗਾਨੀਆਂ, ਕਦੇ ਬਣੀਆਂ ਨਾ ਆਪਣੀਆਂ ।
ਲਾਲ ਵੇ ਕਦੇ ਬਣੀਆ ਨਾ ਆਪਣੀਆਂ ।
ਸੋ੍ਹਣਿਆ ਮਸਰਾਂ ਦੀ ਉਡਾਈ ਕੀਤੀ ।
ਤੇਰੇ ਜਏ ਮੁੰਡਿਆਂ ਦੀ, ਅਸੀਂ ਬੇਪਰਵਾਈ ਕੀਤੀ ।
ਸੋ੍ਹਣਿਆ ਅਸੀਂ ਬੇਪਰਵਾਹੀ ਕੀਤੀ ।
ਲਾਲ ਵੇ ਲੰਮੇ ਬਾਲ਼ ਬਲੋਚਾਂ ਦੇ ।
ਆਪਣੀ ਮੰਗ ਨਾ ਛਡੀਏ ਆਖੇ ਲੱਗ ਕੇ ਲੋਕਾਂ ਦੇ ।
ਸੋ੍ਹਣਿਆ ਆਖੇ ਲੱਗ ਕੇ ਲੋਕਾਂ ਦੇ ।

## ਮਾਪੇ ਕੋਈ ਦਿਨ ਦੇ

ਠੂਠੀ ਘੜਨੇ ਦਿੱਤੀ, ਫੁੱਲ ਜੜਤ ਜੜਾਈ, ਨੀ ਫੁੱਲ ਜੜਤ ਜੜਾਈ ।
ਉੱਠ ਕੇ ਮਿਲ਼ ਲੈ ਮਾਏ ਗੱਡੀ ਟੇਸ਼ਣ ਤੇ ਆਈ ।
ਮੈਂ ਕਿਉਂ ਮਿਲਾਂ ਨੀ ਧੀਏ ਮਿਲ਼ੇ ਵਡੀ ਭਰਜਾਈ ਨੀ ਵੱਡੀ ਭਰਜਾਈ ।
ਮਾਪੇ ਕੁਝ ਦਿਨ ਦੇ ਜੁੱਗ ਜੀਵਨ ਭਾਈ ।
ਕਾਂਟੇ ਘੜਨੇ ਦਿੱਤੇ, ਸਿੱਟ ਛੱਡਾਂ ਪਛਵਾੜੇ ।
ਤੇਰੇ ਬਦਲੇ ਢੋਲਾ ਮਾਪੇ ਮਨੋਂ ਵੇ ਵਿਛੋੜੇ ।
ਪੇਈਏ ਵੱਸ ਨੀ ਗੋਰੀਏ, ਪੇਈਏ ਵਸੇਂ ਨੀ ਸਖਾਲ਼ੀ ।
ਤੇਰੇ ਬਦਲੇ ਗੋਰੀਏ, ਮੇਰੀ ਟੁੱਟੀ ਠਾਣਦਾਰੀ ।
ਪੇਈਏ ਵਸਾਂ ਜੇ ਸਿੰਘ ਜੀ, ਪੇਈਏ ਲੱਗਾਂ ਵੇ ਕੁਆਰੀ ।
ਘਰ ਵਸੀਏ, ਸਿੰਘ ਜੀ, ਤੇਰੀ ਕਿਨੇ ਮਤ ਮਾਰੀ ।
ਇਕ ਤੂੰ ਨੀ ਮਾਰੀ, ਦੂਜੀ ਭਾਬੋ ਨੇ ਮਾਰੀ ।
ਮਰ ਜਾਵੇਂ ਗੋਰੀਏ, ਭਾਬੋ ਵਸੇਂ ਨੀ ਸੁਖਾਲ਼ੀ ।
ਉਹ ਮਰ ਜਾਏ ਸਿੰਘ ਜੀ, ਜਿਹੜੀ ਤੈਂਨੂੰ ਪਿਆਰੀ ।
ਮੈਂ ਕਿਉਂ ਮਰਾਂ -ਸਿੰਘ ਜੀ, ਮੈਂ ਤਾਂ ਮਾਂ ਨੂੰ ਪਿਆਰੀ ।
ਉਹ ਨਾ ਮਰੇ ਗੋਰੀਏ, ਉਹ ਤਾਂ ਨਾਰ ਪਰਾਈ ।
ਤੂੰ ਮਰ ਜਾਏਂ ਗੋਰੀਏ, ਜਿਹੜੀ ਮੈਨੂੰ ਵਿਆਈ ।

## ਭੂਲੜੇ ਲੋਕ ਕੀ ਜਾਣਦੇ ਮਾਵਾਂ ਧੀਆਂ ਦੀ ਸਾਰ

ਬੀਬਾ ਵੇ...... ਬਾਗੀਂ ਤਾਂ ਲਾਉਨੀਆਂ ਅੰਬ, ਕੇਲੇ,
ਅੰਬ ਕੇਲੇ..... ਹੁਣ ਦੇ ਗੱਭਰੂ ਕਦ ਮੇਲੇ ;
ਕਦੇ ਮੇਲੇ..... ਮੁੜ ਪਛਤਾਏਂਗਾ ਰਾਂਝਣਾ ਵੇ... ।
ਬੀਬਾ ਵੇ..... ਬਾਗੀਂ ਤਾਂ ਲਾਉਂਨੀਆਂ ਦੋਹੀ ਦਾਣਾ,
ਦੋਹੀ ਦਾਣਾ.... ਅਨੰਦਪੁਰ ਦੇ ਮੇਲੇ ਨੂੰ ਦੋਹੀਂ ਜਾਣਾ,
ਦੋਹੀਂ ਜਾਣਾ.....ਛੋੜ ਸ਼ਰਾਬੀਆ ਲੜ ਮੇਰਾ,
ਲੜ ਮੇਰਾ... ਮੈਂ ਨਾ ਦੇਖਿਆ ਘਰ ਤੇਰਾ,
ਘਰ ਤੇਰਾ..... ਮੁੜ ਪਛਤਾਏਂਗਾ ਰਾਂਝਣਾ ਵੇ.... ।
ਬੀਬਾ ਵੇ..... ਬਾਗੀਂ ਤਾਂ ਲਾਉਨੀਆਂ ਅੰਬ ਬੂਟੇ,
ਅੰਬ ਬੂਟੇ..... ਅੱਜ ਕਲ ਦੇ ਗੱਭਰੂ ਸਭ ਝੂਠੇ,
ਸਭ ਝੂਠੇ....ਮੁੜ ਪਛਤਾਏਂਗਾ ਰਾਂਝਣਾ ਵੇ.... ।
ਬੀਬਾ ਵੇ.... ਸ਼ੱਕਰ ਤਾਂ ਪਾਉਨੀਆਂ ਸੁਕਣੀ ਵੇ,
ਲੋਕਾਂ ਦੇ ਭਾਣੇ ਵਸਾਰ, ਭੁਲੜੇ ਲੋਕ ਕੀ ਜਾਣਦੇ ਵੇ,
ਮਾਮਾਂ ਤਾਂ ਧੀਆਂ ਦੀ ਸਾਰ, ਮੁੜ ਪਛਤਾਏਂਗਾ ਰਾਂਝਣਾ ਵੇ... ।

## ਮਾਵਾਂ ਤੇ ਧੀਆਂ ਦਾ ਪੈ ਗਿਆ ਵਿਛੋੜਾ

ਉਚੀ ਮਾੜੀ ਤਾਂ ਘੁੱਘੀਆਂ ਦਾ ਜੋੜਾ ਵੇ,
ਮਾਮਾਂ ਧੀਆਂ ਦਾ ਪੈ ਗਿਆ ਬਿਛੋੜਾ ਵੇ,
ਤੂੰ ਤਾਂ ਸਦਾ ਵੇ ਜੀਵੇਂ ਮੇਰਿਆ ਕ੍ਹਾਨਾ ਵੇ,
ਇਕ ਹੱਥ ਬੌਂਸਲੀ ਦੂਜੇ ਹੱਥ ਗਾਨਾ ਵੇ,
ਧੱਕਾ ਦੇ ਕੇ ਭਾਬੋ, ਵ੍ਹੇੜੇ ਜਾਨਾ ਵੇ,
ਵਸਣੇਂ ਦੀ ਰੀਝ ਰਹੀਓ..... ।

## ਜੋੜੀਆਂ ਜੱਗ ਥੋੜ੍ਹੀਆਂ

ਬੁੱਢਾ ਤੇਰੇ ਹਾਣ ਦਾ

ਪੀਲ਼ੀ ਪੀਲ਼ੀ ਮਿੱਟੀ ਦੇ ਬਨੇਰੇ, ਲਿਪਦੀ, ਬੁਢੜੇ ਨੂੰ ਦੇਖ ਕੇ ਮੈਂ ਦੂਰੋਂ ਪਿੱਟਦੀ । 2 ।
ਛੱਜ ਭਰਿਆ ਦਾਣਿਆਂ ਦਾ ਚੂਹੇ ਟੁੱਕ ਗਏ, ਬੁੱਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ । 2 ।
ਗੱਡੀ ਆਈ ਗੱਡੀ ਆਈ ਟੱਲਮ ਟਲੀਆਂ, ਬੁੱਢੜੇ ਨੂੰ ਦੇਖ ਤਾਂ ਮੈਂ ਪੇਕੇ ਚੱਲਿਆਂ । 2 ।
ਗੱਡੀ ਆਈ ਗੱਡੀ ਆਈ -ਵਿਚ ਚੌਂਕ ਦੇ ਬੁੱਢੜੇ ਨੂੰ ਦੇਖ ਕੁੱਤੇ ਦੂਰੋਂ ਭੌਂਕਦੇ । 2 ।
ਮਾਏ ਨੀ ਮਾਏ ਬੁੱਢਾ ਅੱਸੀ ਸਾਲ ਦਾ, ਤੂੰਈਓਂ ਫੇਰੇ ਲੈ ਲਾ ਬੁੱਢਾ ਤੇਰੇ ਹਾਣ ਦਾ । 2 ।

## ਬੁੱਢਾ ਮੈਂ ਨਹੀਉਂ ਲੈਣਾ

"ਮੇਰੀਏ ਮਾਏ ਨੀ ਬੁੱਢਾ ਮੈਂ ਨਈਉਂ ਲੈਣਾ" । 2 ।
" ਮੇਰੀਏ ਧੀਏ ਨੀ ਬੁੱਢਾ ਲੈਣਾ ਪੈਣਾ" । 2 ।
ਛੰਦ ਪਰਾਗੇ ਆਮਾ ਜਾਮਾ ਛੰਦਾਂ ਅੱਗੇ ਲੋਈ ।
ਦੋਨੋਂ ਵੇਲੇ ਹੱਥ ਜੋੜਦੀ, ਬੁੱਢੇ ਨੂੰ ਲੈ ਜਾਏ ਕੋਈ ।
ਛੰਦ ਪਰਾਗੇ ਆਮਾ ਜਾਮਾ, ਛੰਦਾਂ ਅੱਗੇ ਕੁੱਤਾ ।
ਦੋਨੋਂ ਵੇਲੇ ਹੱਥ ਜੋੜਦੀ, ਬੁੱਢਾ ਰ੍ਹੈ ਜਾਏ ਸੁੱਤਾ ।
ਛੰਦ ਪਰਾਗੇ ਆਮਾ ਜਾਮਾ, ਛੰਦਾਂ ਅੱਗੇ ਘਿਉ ।
ਦੋਨੋਂ ਵੇਲੇ ਹੱਥ ਜੋੜਦੀ, ਬੁੱਢੇ ਦਾ ਹੈ ਨਈਂ ਪਿਉ ।
ਛੰਦ ਪਰਾਗੇ ਆਮਾ ਜਾਮਾ, ਛੰਦਾਂ ਅੱਗੇ ਤੀਰ ।
ਦੋਨੋਂ ਵੇਲੇ ਹੱਥ ਜੋੜਦੀ, ਬੁੱਢੇ ਦਾ ਹੈ ਨਈਂ ਬੀਰ ।
ਛੰਦ ਪਰਾਗੇ ਆਮਾ ਜਾਮਾ, ਛੰਦਾਂ ਅੱਗੇ ਛੈਣਾ ।
ਦੋਨੋਂ ਵੇਲੇ ਹੱਥ ਜੋੜਦੀ, ਬੁੱਢੇ ਦੀ ਹੈ ਨਈਂ ਅੰਮਾਂ ।
"ਬੁੱਢਾ ਮੈਂ ਨਈਉਂ ਲੈਣਾ, ਮਾਏ ਮੇਰੀਏ ਨੀ । 2 ।
"ਮੇਰੀਏ ਧੀਏ ਨੀ, ਬੁੱਢਾ, ਲੈਣਾ ਪੈਣਾ" ।

## ਕੀ ਵਰ ਟੋਲ਼ਿਆਂ

"ਕੀ ਵਰ ਟੋਲ਼ਿਆ ਮਾਏ, ਕੀ ਵਰ ਟੋਲ਼ਿਆ ?
ਪੋਸਤ ਪੀਮਦਾ ਮਾਏ ਵੱਟੀ ਰੋਜ ਦਾ ।
ਕੈਂਠਾ ਵੀ ਮੰਗਦਾ ਮਾਏ ਕੈਂਠਾ ਵੀ ਮੰਗਦਾ,

ਨਾਲ਼ੇ ਮੰਗਦਾ ਮਾਏ ਅਧੀਆ ਸ਼ਰਾਬ ਦਾ" ।
"ਕੈਂਠਾ ਵੀ ਦੇ ਦੇ ਧੀਏ, ਕੈਂਠਾ ਵੀ ਦੇ ਦੇ,
ਨਾਲ਼ੇ ਦੇ ਦੇ ਧੀਏ ਅਧੀਆ ਸ਼ਰਾਬ ਦਾ ।"
"ਇਕ ਦਿਲ ਆਖਦਾ ਮਾਏ ਡੂੰਘੇ ਪੈ ਮਰਾਂ,
ਇਕ ਦਿਲ ਆਖਦਾ ਮਾਏ ਪੁੱਤ ਗਰੀਬ ਦਾ ।"
"ਕਾਂਟੇ ਵੀ ਮੰਗਦਾ ਮਾਏ ਕਾਟੇ ਵੀ ਮੰਗਦਾ ।
ਹੋਰ ਵੀ ਮੰਗਦਾ ਮਾਏ ਅਧੀਆ ਸ਼ਰਾਬ ਦਾ ।"
"ਕਾਂਟੇ ਵੀ ਦੇ ਦੇ ਧੀਏ ਕਾਂਟੇ ਵੀ ਦੇ ਦੇ,
ਹੋਰ ਵੀ ਦੇ ਦੇ ਧੀਏ ਅਧੀਆ ਸ਼ਰਾਬ ਦਾ ।"
"ਇਕ ਦਿਲ ਆਖਦਾ ਮਾਏ ਡੂੰਘੇ ਪੈ ਮਰਾਂ,
ਇਕ ਦਿਲ ਆਖਦਾ ਮਾਏ, ਪੁੱਤ ਗਰੀਬ ਦਾ" ।

## ਮਧਰੇ ਕੌਂਤ ਬਿਨਾ ਰੱਬ ਮੌਤ ਚੰਗੀ

ਲੈ ਲੌ ਦਾਲ ਫੁੱਲੀਆਂ ਲੈ ਲੌ ਦਾਲ ਛੋਲੇ । 2 ।
ਮਧਰੇ ਕੌਂਤ ਬਿਨਾਂ ਰੱਬਾ ਮੌਤ ਚੰਗੀ । 2 ।
ਅੰਦਰ ਵੜਿਆ ਤੇ ਫੁੱਟ ਬਾਲ ਵਾਗੂੰ ਅੜਿਆ ਈ ਮਾਏ । 2 ।
ਲੰਬੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ । 2 ।
ਅੰਦਰ ਵੜਿਆ ਤੇ ਥੰਮੀ ਵਾਗੂੰ ਗ੍ਰਿੜਿਆ ਨੀ ਮਾਏ । 2 ।
ਕਾਲੇ ਕੌਂਤ ਬਿਨਾਂ ਵੇ ਰੱਬਾ ਮੌਤ ਚੰਗੀ । 2 ।
ਅੰਦਰ ਵੜਿਆ ਤੇ ਡੰਗਰ ਵੱਛਾ ਡਰਿਆ ਨੀ ਮਾਏ । 2 ।
ਬੁੱਢੇ ਕੌਂਤ ਨਾਲੋਂ ਵੇ ਰੱਬਾ ਮੌਤ ਚੰਗੀ । 2 ।
ਅੰਦਰ ਵੜਿਆ ਤੇ ਪੁਲ ਵਾਂਗੂੰ ਅੜਿਆ ਨੀ ਮਾਏ । 2 ।
ਪਤਲੇ ਕੌਂਤ ਨਾਲੋਂ ਵੇ ਰੱਬਾ ਮੌਤ ਚੰਗੀ । 2 ।
ਅੰਦਰ ਵੜਿਆ ਤੇ ਪੱਖੀ ਵਾਂਗੂੰ ਝੁਲਿਆ ਨੀ ਮਾਏ । 2 ।
ਸੋਹਣਾ ਕੌਂਤ ਹੋਵੇ, ਦਿਲ ਦਾ ਸ਼ੌਂਕ ਹੋਵੇ । 2 ।
ਅੰਦਰ ਵੜਿਆ ਤੇ ਗੈਸ ਵਾਂਗੂੰ ਜਗਿਆ ਨੀ ਮਾਏ । 2 ।
ਲੈ ਲੌ ਦਾਲ ਫੁੱਲੀਆਂ ਲੈ ਲੌ ਦਾਲ ਛੋਲੇ । 2 ।

## ਅਸੀਂ ਦੇਖੇ ਨਾ ਧੀਏ ਲੇਖ ਤੇਰੇ

ਪੁੰਨੀਂ ਮੰਗੀਆਂ ਧੀਏ, ਪੁੰਨੀਂ ਵਿਆਈਆਂ ਸੀ । 2 ।
ਅਸੀਂ ਦੇਖੇ ਨਾ ਧੀਏ ਲੇਖ ਤੇਰੇ ਸੀ । 2 ।
ਫੁੱਲ ਮੰਗਦਾ ਮਾਏ ਸੱਗੀ ਮੰਗਦਾ ਨੀ । 2 ।
ਇਹ ਤਾਂ ਮੰਗਦਾ ਧੀਏ ਦਾਰੂ ਬੋਤਲੇ ਦੀ । 2 ।
ਫੁੱਲ ਦੇਈਂ ਨਾ ਧੀਏ, ਸੱਗੀ ਦੇਈਂ ਨਾ ਨੀ । 2 ।
ਇਹ ਤਾਂ ਧਰਦਾ ਧੀਏ, ਠੇਕੇ ਦਾਰੂ ਦੇ ਨੀ । 2 ।

ਪੁੰਨੀਂ ਮੰਗੀਆਂ ਧੀਏ, ਪੁੰਨੀਂ ਵਿਆਈਆਂ ਨੀ । 2 ।
ਅਸਾਂ ਦੇਖੇ ਨਾ ਧੀਏ, ਲੇਖ ਤੇਰੇ ਸੀ । 2 ।
ਕਾਂਟੇ ਮੰਗਦਾ ਮਾਏ, ਰਿੰਗ ਮੰਗਦਾ ਨੀ । 2 ।
ਇਹ ਤਾਂ ਮੰਗਦਾ ਮਾਏ, ਦਾਰੂ ਬੋਤਲੇ ਦੀ । 2 ।
ਕਾਂਟੇ ਦੇਈਂ ਨਾ ਧੀਏ, ਰਿੰਗ ਦੇਈਂ ਨਾ ਨੀ । 2 ।
ਇਹ ਤਾਂ ਧਰਦਾ ਧੀਏ ਠੇਕੇ ਦਾਰੂ ਦੇ ਨੀ । 2 ।
ਪੁੰਨੀਂ ਮੰਗੀਆਂ ਧੀਏ, ਪੁੰਨੀਂ -ਵਿਆਈਆਂ ਸੀ । 2 ।
ਅਸਾਂ ਦੇਖੇ ਨਾ ਧੀਏ ਲੇਖ ਤੇਰੇ ਸੀ । 2 ।

## ਮਾਪਿਆਂ ਨੇ ਵਰ ਟੋਲ਼ਿਆ ਇਕ ਬੁਢੜਾ ਦੁਹਾਜੂ ਵਰ ਮੇਰਾ

ਚਿੱਟੀਏ ਕਬੂਤਰੀਏ ਸ਼ਾਰਾ ਰਾਰਾ ਰਾਰਾ ਮੱਲ ਲਿਆ ਈ ਆ੍ਲਣਾ ਸਾਰਾ । 2 ।
ਨੀ ਮਾਪਿਆਂ ਨੇ ਵਰ ਟੋਲ਼ਿਆ ਸ਼ਾਰਾ ਰਾਰਾ ਰਾਰਾ ਇਕ ਬੁੱਢੜਾ ਦੁਹਾਜੂ ਵਰ ਮੇਰਾ ।
ਨੀ ਬੁੱਢਾ ਮੇਰਾ ਵਰ ਟੋਲ਼ਿਆ ਸ਼ਾਰਾ ਰਾਰਾ ਰਾਰਾ ਨਈਉਂ ਲੈਣੀਆਂ, ਬੁੱਢੇ ਨਾਲ ਲਾਵਾਂ ।
ਨੀ ਧੀਏ ਸਾਡੀ ਲਾਜ ਰੱਖ ਲੈ ਸ਼ਾਰਾ ਰਾਰਾ ਰਾਰਾ ਲੈ ਲਈਂ ਨੀ ਬੁੱਢੇ ਨਾਲ਼ ਲਾਵਾਂ ।
ਸਾਰਾ ਗ੍ਹੈਣਾ ਮਾਪਿਆਂ ਦਾ ਸ਼ਾਰਾ ਰਾਰਾ ਰਾਰਾ ਸੁੱਤੀ ਪਈ ਦਾ ਪਰੀਬੰਦ ਲ੍ਹਾਇਆ ।
ਨੀ ਮੈਂ ਵੀ ਤਾਂ ਚਲਾਕ ਨਿਕਲ਼ੀ ਸ਼ਾਰਾ ਸ਼ਾਰਾ ਰਾਰਾ ਰਾਰਾ ਫੜ ਪਟਿਆ ਤੋਂ ਘੁਮਾਇਆ ।

## ਸੌਂਕਣ ਗੁੱਤੋਂ ਫੜ ਲਈ
## ਹੋ ਜਾ ਬੂਹਿਉਂ ਬਾਹਰ

ਬਾਰੀ ਵਿਚ ਖਲੋਤੀਏ, ਨਾਜੋ ਨੀ ਗੋਰੀਏ,
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਸੁਣਿਆ ਥੁਆਡਾ ਸਗਨ ਪਿਆ ਜਾਲੀ ਵੇ ਜਾਲਮਾ ।
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।
ਸਗਨ ਪਿਆ ਛੋਟੇ ਵੀਰ ਦਾ, ਨੀ ਤੇਰੇ ਦਿਉਰ ਦਾ,
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਕਿਉਂ ਥੁਆਡਾ ਸਾਹਾ ਆਇਆ, ਜਾਨੀ ਵੇ ਜਾਲਮਾ,
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।
ਸਾਹਾ ਆਇਆ ਛੋਟੇ ਵੀਰ ਦਾ, ਤੇਰੀ ਨੀ ਦਿਉਰ ਦਾ ।
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਸੁਣਿਆ ਥੁਆਨੂੰ ਮਾਈਆਂ ਲੱਗਣਾ, ਜਾਨੀ ਵੇ ਜਾਲਮਾ,
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।
ਮਾਈਆਂ ਲੱਗਣਾ ਛੋਟੇ ਵੀਰ ਨੂੰ, ਤੇਰੇ ਨੀ ਦਿਉਰ ਨੂੰ,
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਸੁਣਿਆ ਥੁਆਡੀ ਜੰਜ ਜਾਣੀ, ਜਾਨੀ ਵੇ ਜਾਲਮਾ,
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।

ਜੰਜ ਜਾਣੀ ਛੋਟੇ ਵੀਰ ਦੀ, ਤੇਰੇ ਨੀ ਦਿਉਰ ਦੀ,
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਸੁਣਿਆ ਥੁਆਡੀਆਂ ਲਾਵਾਂ ਹੋਣੀਆਂ, ਜਾਨੀ ਵੇ ਜਾਲਮਾ,
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।
ਲਾਵਾਂ ਹੋਣੀਆਂ ਛੋਟੇ ਵੀਰ ਦੀਆਂ, ਤੇਰੇ ਨੀ ਦਿਉਰ ਦੀਆਂ,
ਤੂੰ ਕਿਉਂ ਖੜੀ ਦਲਗੀਰ, ਛਮੋ ਛਮ ਕਿਉਂ ਰੋਨੀਆਂ ।
ਮੈਂ ਸੁਣਿਆ ਥੁਆਡਾ ਡੋਲ਼ਾ ਆਇਆ, ਜਾਨੀ ਵੇ ਜਾਲਮਾ,
ਤਾਂ ਮੈਂ ਖੜੀ ਦਲਗੀਰ, ਛਮੋ ਛਮ ਤਾਂ ਰੋਨੀਆਂ ।
ਡੋਲ਼ਾ ਆਇਆ ਮੇਰਾ ਸੱਚ, ਨਾਜੋ ਨੀ ਗੋਰੀਏ,
ਹੋ ਜਾ ਤੂੰ ਬੂਇਉਂ ਬ੍ਹਾਰ, ਸਗਨਾਂ ਭਰੀ ਕਿਉਂ ਰੋਨੀਆਂ ।

## ਨੈਣਾਂ ਦੋਸਤੀ ਲਾ ਲਈ ਐ ਵੇ

ਰਾਜੇ ਨੇ ਖੂਹਾ ਲੁਆਇਆ ਹੋ ਛੀਂਬਣ ਪਾਣੀ ਨੂੰ ਆਈ ਐ ਵੇ । 2 ।
ਛੀਂਬਣ ਨੇ ਡੋਲ ਬਹਾਇਆ, ਹੋ ਰਾਜੇ ਪਲੜਾ ਫੜ ਲਿਆ ਏ । 2 ।
ਛੋਡੀਂ ਛੋਂਡੀ ਰਾਜਿਆ ਪਲੜਾ ਹੋ ਸਾਡੀ ਜਾਤ ਕਮੀਨਣੀ ਏ । 2 ।
ਕੀਕਰ ਛੋਡਾਂ ਪਲੜਾ, ਹੋ ਨੈਣਾਂ ਦੋਸਤੀ ਲਾ ਲਈ ਐ ਏ । 2 ।
ਅੱਗੇ ਤਾਂ ਡੋਲ਼ਾ ਛੀਂਬਣ ਦਾ, ਹੋ ਮਗਰੇ ਘੋੜਾ ਰਾਜੇ ਦਾ ਏ । 2 ।
ਉੱਠ ਨੀ ਰਾਣੀਏਂ, ਸੁੱਤੀਏ, ਤੇਰੀ ਸੌਂਕਣ ਆਈ ਐ ਏ । 2 ।
ਰਾਣੀ ਤਾਂ ਪੁੱਛਦੀ ਰਾਜੇ ਨੂੰ ਇਹ ਡੋਲ਼ਾ ਕ੍ਹਿਦਾ ਆਇਆ ਏ । 2 ।
ਹੁਣ ਕੀ ਪੁੱਛਦੀ ਰਾਣੀਏਂ ਨੀ, ਸਿਰ ਸੌਂਕਾ ਆਇਆ ਏ । 2 ।
ਰਾਣੀ ਨੇ ਪਲੰਘ ਡੁਹਾ ਲਿਆ, ਛੀਂਬਣ ਪ੍ਹੀੜਾ ਡ੍ਹਾ ਲਿਆ ਏ । 2 ।
ਉੱਠ ਨੀ ਸੌਂਕਣੇ ਛੀਂਬਣੇ, ਬਰੋਬਰ ਹੋ ਗਈ ਐ ਏ । 2 ।
ਅੱਗੇ ਤਾਂ ਰ੍ਹੈਂਦੀ ਸੀ ਕੁੱਲੀਆਂ, ਹੁਣ ਸ਼ੀਸ ਮ੍ਹੈਲਾਂ ਨੂੰ ਆ ਗਈ ਐ ਏ । 2 ।
ਰਾਣੀ ਨੇ ਬਾਗ ਲੁਆਇਆ ਹੋ ਵਿਚ ਗੰਦਲ਼ ਲਾ ਲਈ ਐ ਏ । 2 ।
ਰਾਣੀ ਨੇ ਪਿੰਨੀਆਂ ਬੱਟੀਆਂ, ਵਿਚ ਗੰਦਲ਼ ਪਾ ਲਈ ਐ ਏ । 2 ।
ਆ ਨੀ ਸੌਂਕਣੇ ਛੀਂਬਣੇ ਨੀ ਤੇਰੇ ਪੇਕਿਆਂ ਦਿਉਂ ਆਈਆਂ ਏ । 2 ।
ਇਕ ਤਾਂ ਪਿੰਨੀ ਖਾ ਲਈ ਐ ਹੋ, ਛੀਂਬਣ ਢੂਣਮ ਢੂਣੀ ਐ ਏ । 2 ।
ਦੂਜੀ ਪਿੰਨੀ ਖਾ ਲਈ ਐ, ਹੋ ਛੀਂਬਣ ਮਰ ਮੁੱਕ ਗਈ ਐ ਏ । 2 ।
ਰਾਜਾ ਤਾਂ ਪੁੱਛਦਾ ਰਾਣੀਏਂ, ਇਹ ਛੀਂਬਣ ਕਿਉਂ ਲਿਟਾਈ ਐ ਏ । 2 ।
ਅਸੀਂ ਕੀ ਜਾਣੀਏਂ ਰਾਜਿਆ, ਇਹ ਜੱਗ ਹੁੰਦੜੀ ਆਈ ਐ ਏ । 2 ।
ਚੰਨਣ ਰੁੱਖ ਕਟਾਇਕੇ, ਹੋ ਰਾਜੇ ਚਿਖਿਆ ਚਿਣਾ ਲਈ ਐ ਏ । 2 ।
ਛੀਂਬਣ ਨੂੰ ਲਾਂਬੂ ਲਾਇਆ, ਰਾਜੇ ਧਾਹਾਂ ਮਾਰੀਆਂ ਏ । 2 ।

## ਸੌਂਕਣ ਗੁੱਤੋਂ ਫੜ ਲਈ

ਹੁੱਲੇ ਹੁਲਾਰੇ ਲੋਕੀਂ ਮੇਲੇ ਚੱਲੇ, ਹੁੱਲੇ । 2 ।

ਹੁੱਲੇ ਹੁਲਾਰੇ ਸੱਸੂ ਸ੍ਹੌਰਾ ਚੱਲੇ, ਹੁੱਲੇ । 2 ।
ਹੁੱਲੇ ਹੁਲਾਰੇ ਜੇਠ ਜਠਾਣੀ ਚੱਲੇ, ਹੁੱਲੇ । 2 ।
ਹੁੱਲੇ ਹੁਲਾਰੇ ਦੇਰ ਦਰਾਣੀ ਚੱਲੇ, ਹੁੱਲੇ । 2 ।
ਹੁੱਲੇ ਹੁਲਾਰੇ ਸੌਂਕਣ ਕੌਂਤ ਚੱਲੇ, ਹੁੱਲੇ । 2 ।
ਹੁੱਲੇ ਹੁਲਾਰੇ ਮੈਂ ਬੀ ਕੋਠੀ ਭੰਨੀ, ਹੁੱਲੇ । 2 ।
ਹੁੱਲੇ ਹੁਲਾਰੇ ਮੈਂ ਵੀ ਦਸਾਂ ਦੀ ਵੇਚੀ । 2 ।
ਹੁੱਲੇ ਹੁਲਾਰੇ ਮੈਂ ਵੀ ਮਗਰੇ ਚ੍ਹੜ ਗਈ, ਹੁੱਲੇ ।
ਹੁੱਲੇ ਹੁਲਾਰੇ ਮੈਂ ਵੀ ਰੇਲੇ ਚ੍ਹੜ ਗਈ, ਹੁੱਲੇ ।
ਹੁੱਲੇ ਹੁਲਾਰੇ ਸੱਸੂ ਸ੍ਹੌਰਾ ਨ੍ਹਾਉਂਦੇ, ਹੁੱਲੇ ।
ਹੁੱਲੇ ਹੁਲਾਰੇ ਜੇਠ ਜਠਾਣੀ ਨ੍ਹਾਉਂਦੇ ਹੁੱਲੇ ।
ਹੁੱਲੇ ਹੁਲਾਰੇ ਦੇਰ ਦਰਾਣੀ ਨ੍ਹਾਉਂਦੇ, ਹੁੱਲੇ ।
ਹੁੱਲੇ ਹੁਲਾਰੇ ਕੌਂਤ ਸੌਂਕਣ ਨ੍ਹਾਉਂਦੇ, ਹੁੱਲੇ ।
ਹੁੱਲੇ ਹੁਲਾਰੇ ਮੈਂ ਵੀ ਗੁੱਤੋਂ ਫੜ ਲਈ, ਹੁੱਲੇ ।
ਹੁੱਲੇ ਹੁਲਾਰੇ ਮੈਂ ਵੀ ਗੋਤਾ ਦਿੱਤਾ, ਹੁੱਲੇ । 2 ।
ਹੁੱਲੇ ਹੁਲਾਰੇ ਲੋਕੀਂ ਮੇਲੇ ਚੱਲੇ, ਹੁੱਲੇ । 2 ।

### ਤੇਰੇ ਘਰ ਤੇਲਣ ਵਸਦੀ ਏ

ਵੇ ਕ੍ਹਾਦੀਆਂ ਲੋੜਾਂ ਤੇਰੇ ਘਰ ਤੇਲਣ ਵਸਦੀ ਏ । 2 ।
ਵੇ ਮੈਂ ਸ੍ਹਾੜੀ ਵਾਲ਼ੀ, ਸ੍ਹਾੜੀ ਬਲੌਜ ਵਾਲ਼ੀ । 2 ।
ਤੇਲਣ ਲਗੇ ਪਿਆਰੀ, ਸੜੀ ਹੋਈ ਘਗਰੀ ਵਾਲ਼ੀ । 2 ।
ਵੇ ਮੈਂ ਚੂੜੇ ਵਾਲ਼ੀ, ਚੂੜੇ ਬੀੜੇ ਵਾਲ਼ੀ । 2 ।
ਤੇਲਣ ਲੱਗੇ ਪਿਆਰੀ, ਕੱਚ ਦੀਆਂ ਵੰਗਾਂ ਵਾਲ਼ੀ । 2 ।
ਵੇ ਮੈਂ ਹੀਰੇ ਵਾਲ਼ੀ, ਹੀਰੇ ਮੁੰਡੇ ਵਾਲ਼ੀ । 2 ।
ਤੇਲਣ ਲੱਗੇ ਪਿਆਰੀ, ਸੜੀ ਹੋਈ ਕੂੜੀ ਵਾਲ਼ੀ । 2 ।
ਸਾਡੀਆਂ ਕ੍ਹਾਦੀਆਂ ਲੋੜਾਂ, ਤੇਰੇ ਘਰ ਤੇਲਣ ਵਸਦੀ ਏ । 2 ।

### ਜੇ ਤੂੰ ਪੰਜ ਸੱਤ ਵਿਆਹ ਲਏਂਗਾ

"ਵੇ ਨੀ ਪੀਆ ਕਰ ਚਿਲਮ ਤਮਾਖੂਏ ਦੀ ਵੇ ਨਾ ਪੀਆ ਕਰ,
ਜੇ ਤੂੰ ਪਿਤਲ਼ ਹੁੱਕਾ ਪੀਣਾ ਆਂ, ਵੇ ਮੈਂ ਚੁਲ੍ਹੇ ਵਿਚੋਂ,
ਵੇ ਮੈਂ ਚੁਲ੍ਹੇ ਵਿਚੋਂ ਅੱਗ ਬੁਝਾ ਦੇਊਂਗੀ, ਬੈਠਾ ਰੋਇਆ ਕਰ,
ਬੈਠਾ ਰੋਇਆ ਕਰ ਵਖਤ ਰੰਜਾਣਿਆਂ ਨੂੰ ਬੈਠਾ ਰੋਇਆ ਕਰ ।"
"ਜੇ ਤੂੰ ਚੁਲ੍ਹੇ ਵਿਚੋਂ ਅੱਗ ਨੀ ਬੁਝਾ ਦਏਂਗੀ, ਨੀ ਮੈਂ ਜੰਗਲ਼ੀਂ,
ਨੀ ਮੈਂ ਜੰਗਲ਼ੀ ਧੂਆਂ ਲਾ ਲਊਂਗਾ, ਬੈਠੀ ਰੋਇਆ ਕਰ ।"
ਬੈਠੀ ਰੋਇਆ ਕਰ ਵਖਤ ਰੰਜਾਣਿਆਂ ਨੂੰ, ਬੈਠੀ ਰੋਇਆ ਕਰ ।"
"ਜੇ ਤੂੰ ਜੰਗਲ਼ੀ ਧੂਆਂ ਲਾ ਲਏਂਗਾ , ਮੈਂ ਵੀ ਬਦਲ਼ੀ,

ਮੈਂ ਵੀ ਬਦਲ਼ੀ ਬਣ ਬਣ ਬਰਸੂੰਗੀ, ਬੈਠਾ ਰੋਇਆ ਕਰ,
ਬੈਠਾ ਰੋਇਆ ਕਰ ਵਖਤ ਰੰਜਾਨਿਆਂ ਨੂੰ ਬੈਠਾ ਰੋਇਆ ਕਰ।"
"ਜੇ ਤੂੰ ਬਦਲ਼ੀ ਬਣ ਬਣ ਬਰਸੂੰਗੀ, ਮੈਂ ਵੀ ਕੱਖਾਂ ਦੀ,
ਮੈਂ ਵੀ ਕੱਖਾਂ ਦੀ ਕੁੱਲੀ ਬਣਾ ਲਊਂਗਾ, ਬੈਠੀ ਰੋਇਆ ਕਰ,
ਬੈਠੀ ਰੋਇਆ ਕਰ ਵਖਤ ਰੰਜਾਨਿਆਂ ਨੂੰ, ਬੈਠੀ ਰੋਇਆ ਕਰ।"
"ਜੇ ਤੂੰ ਕੱਖਾਂ ਦੀ ਕੁੱਲੀ ਬਣਾ ਲਏਂਗਾ, ਮੈਂ ਵੀ ਸੱਪਣੀ,
ਮੈਂ ਵੀ ਸੱਪਣੀ ਬਣ ਬਣ ਲੜੀ ਜਾਊਂਗੀ, ਬੈਠਾ ਰੋਇਆ ਕਰ,
ਬੈਠਾ ਰੋਇਆ ਕਰ ਵਖਤ ਰੰਜਾਨਿਆਂ ਨੂੰ, ਬੈਠਾ ਰੋਇਆ ਕਰ।"
"ਜੇ ਤੂੰ ਸੱਪਣੀ ਬਣ ਬਣ ਲੜ ਜਾਊਂਗੀ, ਨੀ ਮੈਂ ਪੰਜ ਸੱਤ,
ਨੀ ਮੈਂ ਪੰਜ ਸੱਤ ਹੋਰ ਵ੍ਹਿਆ ਲਊਂਗਾ, ਬੈਠੀ ਰੋਇਆ ਕਰ,
ਬੈਠੀ ਰੋਇਆ ਕਰ ਵਖਤ ਰੰਜਾਨਿਆਂ ਨੂੰ, ਬੈਠੀ ਰੋਇਆ ਕਰ,"
"ਜੇ ਤੂੰ ਪੰਜ ਸੱਤ ਹੋਰ ਵ੍ਹਿਆ ਲਏਂਗਾ, ਵੇ ਮੈਂ ਸੋਨੇ ਦੀ,
ਵੇ ਮੈਂ ਸੋਨੇ ਦੀ ਟੋਪੀ ਬਣਾ ਦਊਂਗੀ, ਵਿਚ ਚਾਂਦੀ ਦਾ,
ਵਿਚ ਚਾਂਦੀ ਦਾ ਰੋੜ ਪੁਆ ਦਊਂਗੀ, ਬੈਠਾ ਪੀਆ ਕਰ,
ਬੈਠਾ ਪਿਆ ਕਰੀਂ ਚਿਲਮ ਤਮਾਖੂਏ ਦੀ, ਵੇ ਤੂੰ ਪੀਆ ਕਰੀਂ।"

## ਤੈਨੂੰ ਸੌਂਕਣ ਲਿਆ ਦਿਆਂ

ਅੰਬੀਏ ਦੇ ਹੇਠ ਮੁੰਡਾ ਨਿੰਬੂਆਂ ਜੋ ਚੀਰਦਾ ਇਕੋ ਫਾੜੀ।
ਹਾਇ ਵੇ ਵੈਰੀਆ ਇਕੋ ਫਾੜੀ, ਸਿਟ ਸਾਨੂੰ ਨਿੰਬੂਏ ਦੀ। 2।
ਨਿੰਬੂਏ ਦੀ ਜਗ੍ਹਾਂ ਤੈਨੂੰ ਟਿੱਕਾ ਮੈਂ ਕਰਾਂ ਦਿਆਂ, ਜੇ ਪੀੜ,
ਹਾਇ ਵੀ ਵੈਰੀਆ ਜੇ ਪੀੜ ਜਾਵੇ ਬਖੀਏ ਦੀ।"
"ਸੱਸ ਮਾਰੇ ਬੋਲੀਆਂ, ਨਣਾਨ ਮਾਰੇ ਬੋਲੀਆਂ, ਤੂੰ ਵੀ ਮਾਰੇਂ,
ਹਾਇ ਓਇ ਵੈਰੀਆ ਤੂੰ ਵੀ ਮਾਰੇਂ ਡੰਡੀ ਪੱਖੀਏ ਦੀ।
ਸੱਸ ਦੀਆਂ ਸ੍ਹੈ ਲਈਆਂ ਨਣਾਨ ਦੀਆਂ ਸ੍ਹੈ ਲਈਆਂ, ਤੇਰੀ ਨਈਉਂ,
ਹਾਇ ਓਇ ਵੈਰੀਆ ਤੇਰੀ ਨਈਉਂ ਸ੍ਹੈਣੀ ਡੰਡੀ ਪੱਖੀਏ ਦੀ।"
ਅੰਬੀਏ ਦੇ ਹੇਠ ਮੁੰਡਾ ਨਿੰਬੂਆਂ ਜੋ ਚੀਰਦਾ, ਇਕ ਫਾੜੀ।
"ਹਾਏ ਵੇ ਵੈਰੀਆ, -ਇਕ ਫਾੜੀ ਸੁੱਟ ਸਾਨੂੰ ਨਿੰਬੂਏ ਦੀ।"
"ਨਿੰਬੂਏ ਦੀ ਜਗ੍ਹਾਂ ਤੈਨੂੰ ਕਾਂਟੇ ਮੈਂ ਕਰਾ ਦਿਆਂ, ਜੇ ਪੀੜ,
ਹਾਇ ਨੀ ਗੋਰੀਏ, ਜੇ ਪੀੜ ਜਾਵੇ ਬਖੀਏ ਦੀ।"
"ਕਾਂਟੇ ਨਾ ਕਰਾਇਉ ਐਵੇਂ ਪੈਸੇ ਨਾ ਲਵਾਇਉ ਜੀ, ਨਾ ਪੀੜ,
ਹਾਇ ਵੇ ਵੈਰੀਆ, ਨਾ ਪੀੜ ਜਾਵੇ ਬਖੀਏ ਦੀ।"
"ਨਿੰਬੂਏ ਦੀ ਜਗ੍ਹਾਂ ਤੈਨੂੰ ਸੌਂਕਣ ਲਿਆ ਦਿਆਂ ਜੇ ਪੀੜ,
ਹਾਇ ਵੇ ਵੈਰੀਆ, ਜੇ ਪੀੜ ਜਾਵੇ ਬਖੀਏ ਦੀ।"
"ਸੌਂਕਣ ਨਾ ਲਿਆਇਓ ਐਵੇਂ ਪੈਸੇ ਨਾ ਖਰਚਾਇਉ ਜੀ ਉੱਡ ਪੁੱਡ,
ਹਾਇ ਵੇ ਵੈਰੀਆ, ਉੱਡ ਪੁੱਡ ਗਈ ਪੀੜ ਬਖੀਏ ਦੀ।"

ਸੱਸ ਮਾਰੇ ਬੋਲੀਆਂ, ਨਣਾਨ ਮਾਰੇ ਬੋਲੀਆਂ ਤੂੰ ਵੀ ਮਾਰ,
ਹਾਇ ਵੇ ਵੈਰੀਆ, ਤੂੰ ਵੀ ਮਾਰ ਡੰਡੀ ਪੱਖੀਏ ਦੀ ।
ਸੱਸ ਮਾਰੇ ਬੋਲੀਆਂ ਨਣਾਨ ਮਾਰੇ ਬੋਲੀਆਂ, ਤੇਰੀ ਨਈਉਂ,
ਹਾਇ ਵੇ ਵੈਰੀਆ, ਤੇਰੀ ਨਈਉਂ ਸ੍ਹੈਣੀ ਡੰਡੀ ਪੱਖੀਏ ਦੀ ।

### ਝਗੜਾ ਬੁਰਾ ਜਨਾਨੀ ਦਾ

ਮੂੰਗੀ ਮੈਂ ਵੀ ਨਈਉਂ ਖਾਣੀ, ਖਾਣੀ ਕਣਕ ਨਮਾਣੀ ;
ਲੈ ਦੇ ਘਿਉ ਵਾਲ਼ਾ, ਕੁੱਜਾ, ਅੰਦਰ ਵੜਾਂ ਤੇ ਚੂਰੀ ਕੁੱਟਾਂ,
ਮੂੰਗੀ ਮੈਂ ਵੀ ਨਈਉਂ, ਸ਼ਾਵਾ ਮੂੰਗੀ ਮੈਂ ਵੀ ਨਈਉਂ ।
ਅਸੀਂ ਹਾਰ ਘੜਾਇਆ, ਉਹ ਵੀ ਮਾਮਲੇ ਤੇ ਲਾਇਆ,
ਰੋਂਦਾ ਲੰਬੜਦਾਰੀ ਨੂੰ, ਕਿ ਪੇਕੇ ਛੱਡ ਕੁਆਰੀ ਨੂੰ,
ਕਿ ਜੁਲਫਾਂ ਜਲਫਾਂ ਵਾਲ਼ੀ ਨੂੰ, ਕਿ ਇਕ ਲੜ ਦੇ ਦੇ ਗਾਨੀ ਦਾ,
ਕਿ ਝਗੜਾ ਬੁਰਾ ਜਨਾਨੀ ਦਾ, ਕਿ ਮੂੰਗੀ ਮੈਂ ਵੀ ਨਈਉਂ ।
ਸ਼ਾਵਾ ਮੂੰਗੀ ਮੈਂ ਵੀ ਨਈਉਂ, ਸ਼ਾਵਾ ਮੂੰਗੀ ਮੈਂ ਵੀ ਨਈਉਂ ।
ਅਸੀਂ ਕਾਂਟੇ ਵੇ ਘੜਾਏ, ਉਹ ਵੀ ਮਾਮਲੇ ਤੇ ਲਾਏ ;
ਕਿ ਰੋਂਦਾ ਲੰਬੜਦਾਰੀ ਨੂੰ... ... ... ... ... ... ... .... ।
ਅਸੀਂ ਪੈਂਡਲ ਵੇ ਕਰਾਇਆ ਉਹ ਵੀ ਮਾਮਲੇ ਤੇ ਲਾਇਆ,
ਕਿ ਰੋਂਦਾ ਲੰਬੜਦਾਰੀ ਨੂੰ... .... ... .... .... .... .... ।

## ਯਾਰੀ ਨਹੀਂ ਟੁੱਟਣੀ

### ਇਸ ਜੋਗੀ ਨੂੰ ਮਾਏ ਭਿਖਿਆ ਪਾਵਣੀ

"ਜੋਗੀ ਆਇਆ ਨੀ ਮਾਏ, ਜੋਗੀ ਆਇਆ,
ਇਸ ਮੇਰੇ ਜੋਗੀ ਨੂੰ ਮਾਏ, ਭਿਖਿਆ ਪਾਵਣੀ ।
ਲੱਪ ਭਰ ਪਾਵੀਂ ਮਾਏ, ਬੱਕ ਭਰ ਪਾਵੀਂ,
ਇਸ ਮੇਰੇ ਜੋਗੀ ਨੂੰ ਮਾਏ ਭਿਖਿਆ ਪਾਵਣੀ ।"
"ਲੱਪ ਨਾਂ ਲੈਂਦਾ ਧੀਏ ਬੁੱਕ ਨਾ ਲੈਂਦਾ,
ਇਸ ਤੇਰੇ ਜੋਗੀ ਦਾ ਕੁੜੀਏ ਅਜਬ ਖਿਆਲ ਆ ।"
"ਚੂਰੀ ਨਾ ਮੰਗਦਾ ਮਾਏ, ਮਜੂਰੀ ਨਾ ਮੰਗਦਾ,
ਟਿੱਕੀ ਦਾ ਵਣਜਾਰਾ ਨੀ ਮਾਈ ।"
"ਬੁਨ ਦੇ ਪਟਾਰੀਆਂ ਮਾਏ, ਕਰਦੇ ਤਿਆਰੀਆਂ,
ਮੈਂ ਚਲ ਜਾਵਣਾ ਮਾਏ ਜੋਗੀ ਨਾਲ ਆ ।"
"ਬਾਬਲ ਤੇਰਾ ਕੁੜੀਏ ਪਿੰਡ ਦਾ ਚੌਧਰੀ ਨੀ,
ਬੀਰਾ ਤੇਰਾ ਨੀ ਕੁੜੀਏ ਠਾਣੇਦਾਰ ਆ ।"
"ਮੈਂ ਕੀ ਜਾਣਦੀ ਮਾਏ ਬਾਬਲ ਚੌਧਰੀ ਨੀ,

ਮੈ ਕੀ ਜਾਣਦੀ ਮਾਏ, ਬੀਰਾ ਠਾਣੇਦਾਰ ਆ ।"
"ਕਿੱਥੇ ਜਾਣਾ ਕੁੜੀਏ, ਕਿਥੋਂ ਆਈਆ ਨੀ,
ਇਹ ਕੀ ਲੱਗਦਾ ਕੁੜੀਏ, ਜੋ ਤੇਰੇ ਨਾਲ ਆ ।"
"ਦੱਖਣੋਂ ਆਈਆ ਵੀਰਾ, ਪੂਰਵ ਚਲੀਆ ਵੇ,
ਜੋਗੀ ਮੇਰਾ ਬੀਰਾ ਧੁਰ ਦਾ ਸਾਥ ਆ ।"
ਤੇਰੇ ਤਾਂ ਮਾਰਾਂ ਕੁੜੀਏ, ਗੁੱਝੀਆਂ ਸ਼ੁਸਕਾਂ ਨੀ,
ਇਸ ਤੇਰੇ ਜੋਗੀ ਦੇ ਕੁੜੀਏ, ਕਰਾਂ ਟੋਟੇ ਚਾਰ ਆ ।"
"ਮੇਰੇ ਤਾਂ ਮਾਰ ਲੈ ਬੀਰਾ, ਗੁੱਝੀਆਂ ਸ਼ੁਸਕਾਂ ਵੇ,
ਹੱਥ ਨਾ ਲਾਵੀਂ ਬੀਰਾ, ਇਸ ਮੇਰੇ ਜੋਗੀ ਨੂੰ ।"
"ਤੇਰੇ ਵਰਗੀਆਂ ਕੁੜੀਏ ਹਮ ਘਰ ਗੋਲੀਆਂ, ਨੀ,
ਤੇਰੇ ਨਾਲ਼ੋਂ ਸ੍ਹੋਣੀ ਕੁੜੀਏ ਚੈਂਚਲ ਨਾਰ ਆ ।"
"ਤੇਰੇ ਵਰਗੇ ਜੋਗੀ ਬਾਬਲ ਘਰ ਨੌਕਰ, ਵੇ,
ਤੇਰੇ ਨਾਲ਼ੋਂ ਸ੍ਹੋਣੇ ਜੋਗੀ, ਸਿੰਘ ਸਰਦਾਰ ਆ ।"

### ਜੋਗੀ ਆਣ ਲੱਥੇ

"ਤੂਤਾਂ ਤੇ ਡੇਕਾਂ ਠੰਡੀ ਛਾਂ, ਛਾਂ ਕੁੜੇ, ਕੋਈ ਪਰਦੇਸੀ,
ਹਾਲ ਕੁੜੇ, ਕੋਈ ਪਰਦੇਸੀ ਜੋਗੀ ਆਣ ਲੱਥੇ ।"
"ਚੁੱਕੇ ਨਣਾਨੇ ਲੱਜ ਡੋਲ, ਡੋਲ ਕੁੜੇ, ਪਾਣੀ ਦੇ ਪੱਜ,
ਹਾਲ ਕੁੜੇ, ਪਾਣੀ ਦੇ ਪੱਜ ਜੋਗੀ ਦੇਖ ਆਈਏ ।"
"ਕਿੱਥੇ ਤਾਂ ਰੱਖਾਂ ਲੱਜ ਡੋਲ ਡੋਲ ਕੁੜੇ, ਕਿਥੇ ਖੜੋ ਕੇ,
ਹਾਲ ਕੁੜੇ ਕਿਥੇ ਖੜੋ ਕੇ, ਜੋਗੀ ਵੇਖ ਆਈਏ ।"
"ਨੀਮੇਂ ਤਾਂ ਰੱਖਾਂ ਲੱਜ ਡੋਲ, ਡੋਲ ਕੁੜੇ, ਉਚੇ ਤਾਂ ਚੜ੍ਹਕੇ,
ਹਾਲ ਕੁੜੇ ਉਚੇ ਖੜੋ ਕੇ ਜੋਗੀ ਵੇਖ ਆਈਏ ।"
"ਜੋਗੀ ਦੇ ਲੰਬੇ ਲੰਬੇ ਕੇਸ, ਕੇਸ ਕੁੜੇ, ਦਹੀਆਂ ਕਟੋਰੇ,
ਹਾਲ ਕੁੜੇ, ਦਹੀਆਂ ਕਟੋਰੇ ਜੋਗੀ ਨ੍ਹਾਂਵਦਾ ਸੀ ।
ਜੋਗੀ ਦੇ ਚਿੱਟੇ ਚਿੱਟੇ ਦੰਦ, ਦੰਦ ਕੁੜੇ, ਦਾਤਣ ਦੰਦਾਸਾ,
ਹਾਲ ਕੁੜੇ ਦਾਤਣ ਦੰਦਾਸਾ ਜੋਗੀ ਲਾਂਵਦਾ ਸੀ ।
ਜੋਗੀ ਦੇ ਲੰਬੇ ਲੰਬੇ ਨੈਣ, ਨੈਣ ਕੁੜੇ, ਸੁਰਮੇ ਸਲ਼ਾਈਆਂ,
ਹਾਲ ਕੁੜੇ ਸੁਰਮੇ ਸਲ਼ਾਈਆਂ ਜੋਗੀ ਪਾਂਵਦਾ ਸੀ ।"
"ਮਰਵੇ ਜੋਗੀ ਕਿਸੇ ਦੇਸ, ਦੇਸ ਕੁੜੇ ਤੂੰ ਮੇਰੀ ਚੈਂਚਲ ਭਾਬੋ,
ਹਾਲ ਕੁੜੇ ਤੂੰ ਮੇਰੀ ਚੈਂਚਲ ਭਾਬੋ ਮੁੱ ਲਈਓ ।"

### ਜਾਣਾ ਸਾਧਾਂ ਦੇ ਨਾਲ਼

"ਮਾਏ ਨੀ ਸੁੱਥਣ ਸੁਆ ਦੇ ਕਾਲ਼ੇ ਸੂਫ ਦੀ, ਜਾਣਾ ਸਾਧਾਂ ਦੇ ਨਾਲ਼ ;
ਸਾਧ ਬਰਾਗੀ ਬੜੀ ਦੂਰ ਦੇ... ... ... ।"

ਧੀਏ ਨੀ ਸਾਧ ਤੇ ਉਠਦੇ ਬੜੇ ਤੜਕੇ, ਤੇਤੇ ਉੱਠਿਆ ਨਾ ਜਾਣਾ;
ਸਾਧਾਂ ਦਾ ਜਾਣਾ ਧੀਏ ਛੋੜ ਦੇ … … … ।"
"ਮਾਏ ਨੀ ਆਪੇ ਮੈਂ ਉੱਠ ਲਊਂ ਬੜੇ ਤੜਕੇ, ਜਾਣਾ ਸਾਧਾਂ ਦੇ ਨਾਲ਼,
ਸਾਧ ਬਰਾਗੀ ਬੜੀ ਦੂਰ ਦੇ … … … … ।"
"ਧੀਏ ਨੀ ਸਾਧ ਤਾਂ ਨ੍ਹਾਉਂਦੇ ਥੜੇ ਤੜਕੇ, ਤੇਤੇ ਨ੍ਹਾਤਾ ਨਾ ਜਾਣਾ ;
ਸਾਧਾਂ ਦਾ ਜਾਣਾ ਧੀਏ ਛੋੜ ਦੇ … … … .. ।"
"ਮਾਏ ਨੀ ਆਪੇ ਮੈਂ ਨ੍ਹਾ ਲਊਂ ਬੜੇ ਤੜਕੇ, ਜਾਣਾ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ … … … … . ।"
"ਧੀਏ ਨੀ ਸਾਧ ਤਾਂ ਪਾਉਂਦੇ ਐ ਨੀ ਭਗਵੇਂ, ਤੇਤੇ ਪਾਏ ਨਾ ਜਾਣੇ;
ਸਾਧਾਂ ਦਾ ਜਾਣਾ ਧੀਏ ਛੋੜ ਦੇ … … … … ।"
"ਮਾਏ ਨੀ ਆਪੇ ਮੈਂ ਪਾ ਲਊਂਗੀ ਭਗਵੇਂ, ਜਾਣਾ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ… … … ।"
"ਧੀਏ ਨੀ ਸਾਧ ਤਾਂ ਪਾਉਂਦੇ ਐ ਪਊਏ, ਤੇਤੇ ਪਾਏ ਨਾ ਜਾਣੇ;
ਸਾਧਾਂ ਦਾ ਜਾਣਾ ਧੀਏ ਛੋੜ ਦੇ… … … ।"
"ਮਾਏ ਨੀ ਆਪੇ ਮੈਂ ਪਾ ਲਊਂਗੀ ਪਊਏ, ਜਾਣਾ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ … … … … ।"
"ਧੀਏ ਨੀ ਸਾਧ ਤਾਂ ਰ੍ਹੈਂਦੇ ਆ ਜੰਗਲ਼ੀ, ਤੇਤੇ ਫਿਰਿਆ ਨਾ ਜਾਣਾ;
ਸਾਧਾਂ ਦਾ ਜਾਣਾ ਧੀਏ ਛੋੜ ਦੇ… … … … ।"
"ਮਾਏ ਨੀ ਆਪੇ ਮੈਂ ਫਿਰ ਲਊਂਗੀ ਜੰਗਲ਼ੀ, ਜਾਣਾ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ… … … … ।"
"ਧੀਏ ਨੀ ਸਾਧ ਤਾਂ ਮੰਗਦੇ ਨੀ ਚੁਟਕੇ, ਤੇਤੇ ਮੰਗਿਆ ਨਾ ਜਾਣਾ;
ਸਾਧਾਂ ਦਾ ਜਾਣਾ ਧੀਏ, ਛੋੜ ਦੇ… … … … ।"
"ਮਾਏ ਨੀ ਆਪੇ ਮੈਂ ਮੰਗ ਲਊਂਗੀ ਚੁਟਕੇ, ਜਾਣਾਂ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ … … … … ।"
"ਧੀਏ ਨੀ ਸਾਧ ਤਾਂ ਪੜ੍ਹਦੇ ਨੀ ਪੋਥੀ, ਤੇਤੇ ਪੜ੍ਹੀਓ ਨਾ ਜਾਣੀਂ;
ਸਾਧਾਂ ਦਾ ਜਾਣਾ ਧੀਏ ਛੋੜ ਦੇ… … … … ।"
"ਮਾਏ ਨੀ ਆਪੇ ਮੈਂ ਪੜ੍ਹ ਲਊਂਗੀ ਪੋਥੀ, ਜਾਣਾਂ ਸਾਧਾਂ ਦੇ ਨਾਲ਼;
ਸਾਧ ਬਰਾਗੀ ਬੜੀ ਦੂਰ ਦੇ … … … … ।"

## ਜਾਰੀ ਨਹੀਂ ਟੁੱਟਣੀ

ਦਾਦੂ ਵੇ ਗੁੱਜਰਾ ਘੋੜੀ ਕਿੱਲਾ ਵੇ ਪਟਾ ਆਈਆ ।
ਵੇ ਘੋੜੀ ਕਿੱਲਾ ਵੇ ਪਟਾ ਆਈਆ ।
ਉਹ ਤੇਰੀ ਕੀ ਲਗਦੀ ਵੇ ਜਿਹੜੀ ਸੁੱਤੇ ਨੂੰ ਜਗਾ ਆਈ ਆ ।
ਵੇ ਜਿਹੜੀ ਸੁੱਤੇ ਨੂੰ ਜਗਾ ਆਈ ਆ ।
ਵੇ ਜਿਹੜੀ ਰੁੱਸੇ ਨੂੰ ਮਨਾ ਆਈ ਆ ।

ਉਹ ਤੇਰੀ ਭਾਬੋ ਲੱਗਦੀ ਵੇ ਜ਼ਿੜੀ ਸੁੱਤੇ ਨੂੰ ਜਗਾ ਆਈ ਆ ।
ਵੇ ਜਿੜ੍ਹੀ ਰੁੱਸੇ ਨੂੰ ਮਨਾ ਆਈ ਆ ।
ਦਾਦੂ ਵੇ ਗੁੱਜਰਾ ਓ ਲੰਮੇ ਗੇੜ ਵੇ ਹਵੇਲੀਆਂ ਦੇ,
ਤੇਰੇ ਲੜ ਲਗੀ ਸ੍ਹੋਣਿਆ ਵੇ ਲੜ ਛੱਡ ਕੇ ਸਹੇਲੀਆਂ ਦੇ ।
ਵੇ ਲੜ ਛੱਡ ਕੇ ਸਹੇਲੀਆਂ ਦੇ ।
ਦਾਦੂ ਵੇ ਗੁੱਜਰਾ ਵੇ ਲੰਮੇ ਗੇੜ ਵੇ ਦਰਿਆਵਾਂ ਦੇ ।
ਵੇ ਲੰਮੇ ਗੇੜ ਵੇ ਦਰਿਆਵਾਂ ਦੇ ।
ਵੇ ਲੰਮੇ ਗੇੜ ਵੇ ਦਰਿਆਵਾਂ ਦੇ,
ਤੇਰੇ ਲੜ ਲਗੀ ਸ੍ਹੋਣਿਆ ਵੇ ਲੜ ਛੱਡ ਕੇ ਭਰਾਵਾਂ ਦੇ ।
ਵੇ ਲੜ ਕੇ ਛੱਡ ਭਰਾਵਾਂ ਦੇ ।
ਦਾਦੂ ਵੇ ਗੁੱਜਰਾ ਵੇ ਲੰਮੀ ਵਾੜ ਏ ਛਾਪਿਆ ਦੀ ।
ਵੇ ਲੰਮੀ ਵਾੜ ਏ ਛਾਪਿਆਂ ਦੀ ।
ਤੇਰੇ ਲੜ ਲਗੀ ਸ੍ਹੋਣਿਆ ਵੇ ਲੜ ਛੱਡ ਕੇ ਮਾਪਿਆਂ ਦੀ ।
ਵੇ ਲੜ ਛੱਡ ਕੇ ਮਾਪਿਆਂ ਦੀ ।
ਦਾਦੂ ਵੇ ਗੁੱਜਰਾ ਵੇ ਵ੍ਹਿੜੇ ਬੂਟਾ ਲਸਣੇ ਦਾ ।
ਵੇ ਵ੍ਹੇੜੇ ਬੂਟਾ ਏ ਲਸਣੇ ਦਾ ।
ਰੰਗ ਤੇਰਾ ਸ਼੍ਹਾ ਕਾਲ਼ਾ ਵੇ ਸਾਡਾ ਰਾਦਾ ਨਾ ਵਸਣੇ ਦਾ,
ਵੇ ਸਾਡਾ ਰਾਦਾ ਨਾ ਵਸਣੇ ਦਾ ।
ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਚਾਬੀ ਦਾ,
ਵੇ ਕੰਢਾ ਭੱਜ ਗਿਆ ਚਾਬੀ ਦਾ ।
ਤੇਰੇ ਘਰ ਨਈਂਓ ਵਸਣਾ ਵੇ ਤੈਂਨੂੰ ਇਸ਼ਕ ਏ ਚਾਚੀ ਦਾ ।
ਵੇ ਤੈਂਨੂੰ ਇਸ਼ਕ ਏ ਚਾਚੀ ਦਾ ।
ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਥਾਲ਼ੀ ਦਾ,
ਵੇ ਕੰਢਾ ਭੱਜ ਗਿਆ ਥਾਲ਼ੀ ਦਾ ।
ਤੇਰੇ ਨਾਲ਼ ਕੀ ਵਸਣਾ ਵੇ ਤੈਂਨੂੰ ਇਸ਼ਕ ਹੈ ਸਾਲ਼ੀ ਦਾ,
ਵੇ ਤੈਂਨੂੰ ਇਸ਼ਕ ਹੈ ਸਾਲ਼ੀ ਦਾ ।
ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਚਾਬੀ ਦਾ,
ਵੇ ਕੰਢਾ ਭੱਜ ਗਿਆ ਚਾਬੀ ਦਾ ।
ਤੇਰੇ ਘਰ ਕੀ ਵਸਣਾ ਵੇ ਤੈਂਨੂੰ ਇਸ਼ਕ ਹੈ ਭਾਬੀ ਦਾ,
ਵੇ ਤੈਂਨੂੰ ਇਸ਼ਕ ਹੈ ਭਾਬੀ ਦਾ ।
ਦਾਦੂ ਵੇ ਗੁੱਜਰਾ ਵੇ ਡੱਬੀ ਭਰੀ ਹੋਈ ਤ੍ਹੀਲਾਂ ਦੀ,
ਵੇ ਡੱਬੀ ਭਰੀ ਹੋਈ ਤ੍ਹੀਲਾਂ ਦੀ ।
ਤੂੰ ਪੁੱਤ ਹੌਲਦਾਰ ਦਾ ਵੇ ਮੈਂ ਵੀ ਧੀ ਆਂ ਵਕੀਲਾਂ ਦੀ,
ਵੇ ਮੈਂ ਵੀ ਧੀ ਆਂ ਵਕੀਲਾਂ ਦੀ ।
ਦਾਦੂ ਵੇ ਗੁੱਜਰਾ ਵੇ ਥਾਲ਼ੀ ਭਰੀ ਹੋਈ ਛੁਆਰਿਆਂ ਦੀ,

ਵੇ ਥਾਲ਼ੀ ਭਰੀ ਹੋਈ ਛੁਆਰਿਆਂ ਦੀ ।
ਉਹ ਜਾਰੀ ਨਈਂ ਟੁੱਟਣੀ ਵੇ ਜ੍ਹਿੜੀ ਲੱਗ ਗਈ ਕਵਾਰਿਆਂ ਦੀ,
ਵੇ ਜ੍ਹੇੜੀ ਲੱਗ ਗਈ ਕੁਆਰਿਆਂ ਦੀ ।
ਦਾਦੂ ਵੇ ਗੁੱਜਰਾ ਵੇ ਡੱਬੀ ਭਰੀ ਹੋਈ ਪੋਸਤ ਦੀ,
ਵੇ ਡੱਬੀ ਭਰੀ ਹੋਈ ਪੋਸਤ ਦੀ ।
ਸਾਨੂੰ ਛੱਡ ਵੇ ਗਿਆਂ ਬ੍ਹਾਂ ਫੜੀ ਹੋਈ ਦੋਸਤ ਦੀ,
ਵੇ ਬ੍ਹਾਂ ਫੜੀ ਹੋਈ ਦੋਸਤ ਦੀ ।
ਦਾਦੂ ਵੇ ਗੁੱਜਰਾ ਵੇ ਛੱਜ ਭਰਿਆ ਏ ਲੀਰਾਂ ਦਾ,
ਵੇ ਛੱਜ ਭਰਿਆ ਲੀਰਾਂ ਦਾ ।
ਆਪ ਤੁਸੀਂ ਠਾਣੇਦਾਰ ਓ ਵੇ ਘਰ ਹਾਲ ਫਕੀਰਾਂ ਦਾ,
ਵੇ ਘਰ ਹਾਲ ਫਕੀਰਾਂ ਦੀ ।
ਦਾਦੂ ਵੇ ਗੁੱਜਰਾ ਵੇ ਛੱਜ ਭਰਿਆ ਏ ਦਾਣਿਆਂ ਦਾ,
ਵੇ ਛੱਜ ਭਰਿਆ ਏ ਦਾਣਿਆਂ ਦਾ ।
ਤੇਰੀ ਸ਼ਾਹੀ ਕੀ ਕਰਨੀ ਵੇ ਘਰ ਟੋਕਰਾ ਨਿਆਣਿਆਂ ਦਾ,
ਵੇ ਘਰ ਟੋਕਰਾ ਨਿਆਣਿਆਂ ਦਾ ।
ਦਾਦੂ ਵੇ ਗੁੱਜਰਾ ਵੇ, ਤੌੜੀ ਧੋ ਕੇ ਸੌਣੀ ਆਂ,
ਵੇ ਤੌੜੀ ਧੋ ਕੇ ਸਕੌਣੀ ਆਂ ।
ਗੁੱਜਰ ਤਾਂ ਨਹੀਂ ਮੁਕਣਾ ਵੇ ਇਹ ਤਾਂ ਲੰਮੀ ਕਹਾਣੀ ਆਂ,
ਵੇ ਇਹ ਤਾਂ ਲੰਮੀ ਕਹਾਣੀ ਆਂ ।

## ਖੂਹ ਪਰ ਨੀਰ ਭਰੇਂਦੀਏ ਝੀਵਰੀਏ

ਇਕ ਜੋ ਬੂਟਾ ਹਰਿਆ ਰਾਜਾ ਵੇ,
ਵੇ ਅੜਿਆ ਹੇਠ ਸਪਾਈਆਂ ਦੀ ਡਾਰ ।
ਇਕ ਸਿਪਾਹੀ ਤੇਰਾ ਵਿਛੜ ਜਾਵੇ ਰਾਜਾ ਵੇ,
ਵੇ ਅੜਿਆ ਸੁੱਨੀ ਤਾਂ ਰਹਿ ਜਾਏ ਤੇਰੀ ਡਾਰ ।
ਇਕ ਸਿਪਾਹੀ ਮੇਰਾ ਨਾਂ ਵਿਛੜੇ ਝੀਵਰੀਏ ।
ਨੀ ਅੜੀਏ, ਸੁੱਨੀ ਨਾ ਹੋਵੇ ਮੇਰੇ ਡਾਰ ।
ਖੂਹ ਪਰ ਨੀਰ ਭਰੇਂਦੀਏ ਝੀਵਰੀਏ,
ਨੀ ਅੜੀਏ, ਇਕ ਘੁੱਟ ਨੀਰ ਪਲ਼ਾ ।"
"ਆਪਣਾ ਤਾਂ ਭਰਿਆ ਮੈਂ ਨਾਂ ਦੇਵਾਂ ਰਾਜਾ ਵੇ,
ਵੇ ਅੜਿਆ ਲੱਜ ਪਈਉ ਭਰ ਪੀ ।"
ਲੱਜ ਤਾਂ ਤੇਰੀ ਨੂੰ ਘੁੰਗਰੂ ਝੀਵਰੀਏ,
ਨੀ ਅੜੀਏ ਹੱਥ ਲਾਵਾਂ ਝੜ ਜਾਣ ।"
"ਇਕ ਝੜੇ ਵੇ ਮੈਂ ਕੁਝ ਨਾ ਆਖਾਂ ਰਾਜਾ ਵੇ ।"
ਵੇ ਅੜਿਆ , ਦੂਜਾ ਝੜੇ ਡੇੜ ਹਜਾਰ ।"

"ਮੂੰਹ ਪਰੋਂ ਪੱਲਾ ਨੀ ਤੂੰ ਚੱਕ ਸਿੱਟ ਝੀਵਰੀਏ,
ਨੀ ਅੜੀਏ, ਖੁਲ੍ਹਾ ਤੇ ਦੇ ਦੇ ਨੀ ਦੀਦਾਰ।"
"ਮੂੰਹ ਪਰੋਂ ਪੱਲਾ ਮੈ ਨਾਂ ਚੱਕਾਂ ਰਾਜਾ ਵੇ,
ਵੇ ਅੜਿਆਂ ਝੀਵਰ ਤਾਂ ਸਿੱਟੂ ਮੈਂਨੂੰ ਮਾਰ।"
"ਝੀਵਰ ਤਾਂ ਤੇਰੇ ਨੂੰ ਮੈਂ ਨੌਕਰ ਰੱਖਾਂ ਝੀਵਰੀਏ,
ਨੀ ਅੜੀਏ ਤੈਂਨੂੰ ਤਾਂ ਰੱਖਾਂ ਆਪਣੇ ਨਾਲ਼।"
"ਮੈਂ ਬਾਰਾਂ ਤਾਂ ਵ੍ਹਰਿਆਂ ਦਾ ਮੈਂ ਲੜਕਾ ਛੋਡਾਂ ਰਾਜਾ ਵੇ,
ਵੇ ਅੜਿਆ ਧੀਉ ਛੋਡਾਂ ਮੁਟਿਆਰ।"
"ਲੜਕੇ ਤਾਂ ਤੇਰੇ ਨੂੰ ਮੈਂ ਪੜ੍ਹਨੇ ਪਾਵਾਂ ਝੀਵਰੀਏ,
ਨੀ ਅੜੀਏ ਧੀਉ ਦਾ ਕਰਾਂ ਨੀ ਵ੍ਹਿਆ।
"ਬਾਰਾਂ ਤਾਂ ਵ੍ਹਰਿਆਂ ਦਾ ਮੈਂ ਲੜਕਾ ਛੋਡਾਂ ਰਾਜਾ ਵੇ,
ਵੇ ਅੜਿਆ, ਨਾਲ਼ੇ ਛੋਡਾਂ ਘਰ ਬਾਰ।"

## ਸ੍ਹਾਮਣੇ ਚਬਾਰੇ ਗੋਰੀ ਪੱਥੇ ਪਾਥੀਆਂ

ਮੱਛੀ ਵਾਲਾ ਕ੍ਹੈਂਦਾ ਮੱਛੀ ਮੇਰੇ ਕੋਲ ਆ,
ਮਿਰਚ ਮਸਾਲਾ ਹੱਟੀ ਵਾਲੇ ਕੋਲ ਆ। 2।
ਸ੍ਹਾਮਣੇ ਚਬਾਰੇ ਗੋਰੀ ਪੱਥੇ ਪਾਥੀਆਂ,
ਗਭਰੂ ਸ਼ਕੀਨ ਮੁੰਡਾ ਮਾਰੇ ਝਾਤੀਆਂ। 2।
"ਤੇਰਾ ਕੀ ਜਾਣਾ ਵੇ ਬਗਾਨੇ ਪੁੱਤ ਦਾ,
ਬਾਲ ਬਾਲ ਹੋ ਜੂ ਮੇਰੀ ਲੰਮੀ ਗੁੱਤ ਦਾ। 2।"
ਸ੍ਹਾਮਣੇ ਚਬਾਰੇ ਗੋਰੀ ਦੁੱਧ ਰਿੜਕੇ,
ਗਭਰੂ ਸ਼ਕੀਨ ਮੁੰਡਾ ਮਾਰੇ ਝਿੜਕੇ। 2।
"ਤੇਰਾ ਕੀ ਜਾਣਾ ਵੇ ਬਗਾਨੇ ਪੁੱਤ ਦਾ,
ਬਾਲ ਬਾਲ ਹੋ ਜੂ ਮੇਰੀ ਲੰਮੀ ਗੁੱਤ ਦਾ। 2।"
ਸ੍ਹਾਮਣੇ ਚਬਾਰੇ ਗੋਰੀ ਮੰਜਾ ਡ੍ਹਾ ਲਿਆ।
ਅੱਧੀ ਅੱਧੀ ਰਾਤ ਮੱਛੀ ਵਾਲਾ ਆ ਗਿਆ। 2।
"ਤੇਰਾ ਕੀ ਜਾਣਾ ਵੇ ਬਗਾਨੇ ਪੁੱਤ ਦਾ,
ਬਾਲ ਬਾਲ ਹੋ ਜੂ ਮੇਰੀ ਲੰਮੀ ਗੁੱਤ ਦਾ। 2।"

## ਜੇ ਸੱਜਣਾ ਮੇਰੀ ਬਾਂਹ ਤੂੰ ਪਕੜੀ

ਦਰ ਤੇਰੀ ਦੀ ਗੁਜਰੀ ਕੋਈ ਮੇਰੇ ਵ੍ਹੇੜੇ ਆਉਂਦੀ ਵੇ।
ਤੇਰੀਆਂ ਮੇਰੀਆਂ ਗੱਲਾਂ ਕਰਦੀ ਰੱਖਦੀਆਂ ਮ੍ਹੈਂਜਰ ਪਾਏ ਵੀ।
ਤੇਰੀ ਮੇਰੀ ਦੋਸਤੀ ਦੱਸ ਮ੍ਹੈਂਜਰ ਨੂੰ ਕੀ ਕਰਨਾ ਨੀ।
ਇਹੇ ਜਵਾਨੀ ਚਾਰ ਦਿਹਾੜੇ, ਆਖਰ ਨੂੰ ਮਰ ਜਾਣਾ ਨੀ।
ਸੁਰਮੇਦਾਣੀ ਬੜੀ ਸਿਆਣੀ, ਹੱਟੋ ਹੱਟ ਵਕੇਂਦੀ ਵੇ।

ਭਰ ਸਲ਼ਾਈ ਦੋ ਨੈਣੀ ਪਾਈ, ਨੈਣਾਂ ਜੋਤ ਸਵਾਈ ਵੇ ।
ਜਿਸ ਗਲ਼ੀ ਮੈਂ ਆਮਾ ਜਾਮਾਂ, ਓਸ ਗਲ਼ੀ ਸਿਲ਼ ਵੱਟਾ ਵੇ ।
ਜੇ ਸੱਜਣਾ ਮੇਰੀ ਬਾਹਿੰ ਜੇ ਪਕੜੀ, ਮੈਂ ਫੜਿਆ ਦੁਪੱਟਾ ਵੇ ।

## ਚੀਰੇ ਵਾਲੇ ਨੇ ਅੱਖੀਆ ਲਾਈਆਂ ਨੇ

ਉਡੀਂ ਉਡੀਂ ਨੀ ਪੰਜਾਬ ਦੀਏ ਸ੍ਹੋਣ ਚਿੜੀਏ । 2 ।
ਮੇਰੀ ਬਾਰੀ ਦੇ ਨਾਲ ਸਲਾਈਆਂ ਨੇ । 2 ।
ਚੀਰੇ ਵਾਲੇ ਨੇ ਅੱਖੀਆਂ ਲਾਈਆਂ ਨੇ । 2 ।
ਇਨ੍ਹਾਂ ਅੱਖੀਆਂ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਇ ਰਹੀ ਰਾਂਝਾ ਨਾ ਬੋਲੇ । 2 ।
ਮੇਰੀ ਬਾਰੀ ਦੇ ਨਾਲ ਬਨੇਰਾ ਏ । 2 ।
ਚੀਰੇ ਵਾਲੇ ਦਾ ਚੌਥਾ ਫੇਰਾ ਏ । 2 ।
ਇਸ ਫੇਰੇ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਏ ਰਹੀ ਰਾਂਝਾ ਨਾ ਬੋਲੇ । 2 ।
ਮੇਰੀ ਬਾਰੇ ਦੀ ਵਿਚ ਤਲਕਲਾ ਈ । 2 ।
ਇਕ ਸ੍ਹੋਣਾ ਤਾਂ ਇਕ ਮਾਹੀ ਪਤਲਾ ਈ । 2 ।
ਇਸ ਸ੍ਹੋਣੇ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਏ ਰਹੀ ਰਾਂਝਾ ਨਾ ਬੋਲੇ । 2 ।
ਊਚੀ ਮਾੜੀ ਤੇ ਖੰਡ ਪਈ ਤੁਲਦੀ ਏ । 2 ।
ਆਪ ਬਾਬੂ ਤੇ ਰੰਨ ਪਈ ਰੁਲਦੀ ਏ । 2 ।
ਆਪ ਬਾਬੂ ਤੇ ਰੰਨ ਪਈ ਰੁਲਦੀ ਏ । 2 ।
ਇਸ ਬਾਬੂ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਇ ਰਹੀ ਰਾਂਝਾ ਨਾ ਬੋਲੇ । 2 ।
ਊਚੀ ਮਾੜੀ ਤੇ ਦੁੱਧ ਪਈ ਰਿੜਕਾਂ । 2 ।
ਮੈਨੂੰ ਸਾਰੇ ਟੱਬਰ ਦੀਆਂ ਝਿੜਕਾ । 2 ।
ਇਨ੍ਹਾਂ ਝਿੜਕਾਂ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਏ ਰਹੀ ਰਾਂਝਾ ਨਾ ਬੋਲੇ । 2 ।
ਊਚੀ ਮਾੜੀ ਤੇ ਬੋਲੇ ਪਿਆ ਬਕਰਾ । 2 ।
ਮੇਰਾ ਜੋਬਨ ਹੋ ਗਿਆ ਵਖਰਾ । 2 ।
ਇਸ ਜੋਬਨ ਤੋਂ ਮੇਰਾ ਮਨ ਡੋਲੇ । 2 ।
ਮੈਂ ਬੁਲਾਇ ਰਹੀ ਰਾਂਝਾ ਨਾ ਬੋਲੇ । 2 ।

## ਰਾਤ ਰਹਿ ਜਾ ਕਸ਼ਮੀਰੀਆ

ਸ੍ਹਾਮਣੇ ਗਲ਼ੀ ਦੇ ਘਰ ਮੇਰਾ, ਵੇ ਆ ਜਾ ਰਾਤ ਰ੍ਹੈ ਜਾ, ਕਸ਼ਮੀਰੀਆ ।
ਇਸ ਕਸ਼ਮੀਰੀਏ ਦੇ ਬਾਲ਼ ਬੜੇ ਸ੍ਹੋਣੇ ਆਂ, ਇਸ ਕਸ਼ਮੀਰੀਏ ਦੇ ਬਾਲ਼ ਬੜੇ ਸ੍ਹੋਣੇ ਆਂ ।

ਇਨ੍ਹਾਂ ਬਾਲ਼ਾਂ ਨੇ ਪਾਇਆ ਘੁੰਮਣ ਘੇਰਾ, ਵੇ ਆ ਜਾ ਰਾਤ ਰ੍ਹੈ ਜਾ, ਕਸ਼ਮੀਰੀਆ ।
ਇਸ ਕਸ਼ਮੀਰੀਏ ਦੇ ਨੈਣ ਬੜੇ ਸ੍ਹੋਣੇ ਆਂ, ਇਸ ਕਸ਼ਮੀਰੀਏ ਦੇ ਨੈਣ ਬੜੇ ਸ੍ਹੋਣੇ ਆਂ ।
ਏਨ੍ਹਾਂ ਨੈਣਾਂ ਨੇ ਪਾਇਆ ਘੁੰਮਣ ਘੇਰਾ, ਵੇ ਆ ਜਾ ਰਾਤ ਰ੍ਹੈ ਜਾ, ਕਸ਼ਮੀਰੀਆ ।
ਇਸ ਕਸ਼ਮੀਰੀਏ ਦਾ ਤੰਬਾ ਬੜਾ ਸ੍ਹੋਣਾ ਏ, ਇਸ ਕਸ਼ਮੀਰੀਏ ਦਾ ਤੰਬਾ ਬੜਾ ਸ੍ਹੋਣਾ ਏਂ ।
ਇਸ ਤੰਬੇ ਨੇ ਪਾਇਆ ਘੁੰਮਰ ਘੇਰਾ, ਵੇ ਆ ਜਾ ਰਾਤ ਰ੍ਹੈ ਜਾ, ਕਸ਼ਮੀਰੀਆ ।
ਸ੍ਹਾਮਣੇ ਗਲ਼ੀ, 'ਚ ਘਰ ਮੇਰਾ, ਵੇ ਆ ਜਾ ਰਾਤ ਰ੍ਹੈ ਜਾ, ਕਸ਼ਮੀਰੀਆ ।

## ਖੂਹ ਉੱਤੇ ਪਾਣੀ ਨੀ ਭਰੇਂਦੀਏ

"ਖੂਹੇ ਉਤੇ ਪਾਣੀ ਨੀ ਭਰੇਂਦੀਏ, ਹਈ ਸ਼ਾਵਾ । 2 ।
ਸਾਨੂੰ ਘੁੱਟ ਕ ਪਾਣੀ ਦਾ ਪਲਾ ਦੇ ਨੀ, ਹਈ ਸ਼ਾਵਾ । 2 ।
"ਬੀਬਾ ਆਪਣਾ ਭਰਿਆ ਨਾ ਦੇਵਾਂ, ਹਈ ਸ਼ਾਵਾ । 2 ।
ਖਾਲੀ ਲੱਜ ਪਈ ਭਰ ਪੀ ਲੈ ਵੇ, ਹਈ ਸ਼ਾਵਾ । 2 ।
"ਗੋਰੀਏ ਲੱਜ ਤੇਰੀ ਨਾਲ ਘੁੰਗਰੂ , ਹਈ ਸ਼ਾਵਾ । 2 ।
ਹੱਥ ਲਾਵਾਂ ਤੇ ਝੜਦੇ ਜਾਣ ਨੀ, ਹਈ ਸ਼ਾਵਾ । 2 ।
ਨੀ ਤੂੰ ਉੱਠ ਚਲ ਸਾਡੇ ਨਾਲ ਨੀ, ਹਈ ਸ਼ਾਵਾ । 2 ।
ਬੀਬਾ ਤਾਈਂਓ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਜੇ ਤੂੰ ਗੱਡਾ ਕ ਚੂੜੀਆ ਲਿਆ ਦੇਵੇਂ, ਹਈ ਸ਼ਾਵਾ । 2 ।
ਬੀਬਾ ਤਾਈਂਓ ਤੇਰਾ ਨਾਲ ਜਾਨੀਆਂ, ਹਈ ਸ਼ਾਵਾ । 2 ।
ਜੇ ਤੂੰ ਬੱਟੀ ਕ ਸੁਰਮਾ ਲਿਆ ਦੇਵੇਂ, ਹਈ ਸ਼ਾਵਾ । 2 ।
ਬੀਬਾ ਤਾਈਂਓ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਜੇ ਤੂੰ ਦਰਜਨ ਕੁ ਬਿੰਦੀਆਂ ਲਿਆ ਦੇਵੇਂ, ਹਈ ਸ਼ਾਵਾ । 2 ।
ਬੀਬਾ ਤਾਈਂਓ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਮੇਰਾ ਕੈਂਠਾ ਘੜਾ ਕੇ ਜੁ ਲਿਆਵੀਂ ਵੇ, ਹਈ ਸ਼ਾਵਾ । 2 ।
ਮੇਰੀ ਜਾਗ ਨਾ ਭੈੜਿਆ ਵੇ ਖੁਲ੍ਹੀ ਵੇ, ਹਈ ਸ਼ਾਵਾ । 2 ।"
"ਨੀ ਤੂੰ ਅੱਧੀ ਘਰੇ ਦੀਏ ਨਾਰੇ ਨੀ, ਹਈ ਸ਼ਾਵਾ । 2 ।
ਨੀ ਤੂੰ ਉੱਠ ਕੇ ਚਰਖਾ ਕੱਤ ਨੀ, ਹਈ ਸ਼ਾਵਾ । 2 ।
ਨੀ ਤੂੰ ਉੱਠ ਕੇ ਨਲ਼ੀਆਂ ਵੱਟ ਨੀ, ਹਈ ਸ਼ਾਵਾ । 2 ।"
"ਬੀਬਾ ਨਲ਼ੀਆਂ ਤੇਰੀਆਂ ਮੈਂ ਨਾ ਵੱਟਾਂ, ਹਈ ਸ਼ਾਵਾ । 2 ।
ਸਾਨੂੰ ਮੁੱਠ ਕੇ ਛੋਲੇ ਵੇ ਲਿਆ ਦੇ, ਹਈ ਸ਼ਾਵਾ । 2 ।
ਸਾਨੂੰ ਮੋਟਰ ਤੇ ਰਸਤੇ ਪਾ ਦੇ, ਹਈ ਸ਼ਾਵਾ । 2 ।
ਸਾਨੂੰ ਪਿੰਡ ਦੇ ਰਸਤੇ ਪਾ ਦੇ, ਹਈ ਸ਼ਾਵਾ । 2 ।"
"ਕੋਠੇ ਕੰਧਾਂ ਦੇ ਰਸਤੇ ਨਾ ਪਾਵਾਂ, ਹਈ ਸ਼ਾਵਾ । 2 ।"
"ਮੈਨੂੰ ਯਾਦ ਨਾ ਮੰਦੇ ਵੇ ਰਸਤੇ, ਹਈ ਸ਼ਾਵਾ । 2 ।"
"ਤੈਨੂੰ ਪਾ ਦੇਣਾ, ਮੱਕੇ ਦੇ ਰਸਤੇ, ਹਈ ਸ਼ਾਵਾ । 2 ।"
"ਮੱਕੇ ਨੂੰ ਜਾਵੇ ਤੇਰੀ ਮਾਂ ਵੇ, ਹਈ ਸ਼ਾਵਾ । 2 ।"

ਵੇ ਮੈਂ ਨਾਰ ਪੀਆਪੁਰ ਜਾਊਂ ਵੇ, ਹਈ ਸ਼ਾਵਾ । 2 ।
ਬੀਬਾ ਮੱਕੇ ਨੂੰ ਜਾਵੇ ਤੇਰੀ ਭੈਣਾਂ ਵੇ, ਹਈ ਸ਼ਾਵਾ । 2 ।
ਵੇ ਮੈਂ ਨਾਰ ਪੀਆਪੁਰ ਜਾਊਂ ਵੇ, ਹਈ ਸ਼ਾਵਾ । 2 ।

## ਤਾਂ ਤੇਰੇ ਨਾਲ਼ ਜਾਨੀ ਆਂ

"ਕੱਚੇ ਖੂਹੇ ਤੇ ਪਾਣੀ ਨੀ ਭਰੇਂਦੀਏ, ਹਈ ਸ਼ਾਵਾ । 2 ।
ਜਰਾ ਤੁਰ ਪੈ ਸਾਡੇ ਨਾਲ ਨੀ, ਹਈ ਸ਼ਾਵਾ । 2 ।"
"ਵੇ ਮੈਂ ਤਾਂ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਤੇਰੀ ਮਾਤਾ ਨਾ ਹੋਵੇ ਮੇਰੇ ਘਰ ਵੇ, ਹਈ ਸ਼ਾਵਾ । 2 ।"
"ਅੜੀਏ ਮਾਈ ਤਾਂ ਗਈ ਮੇਰੀ ਮਰ ਨੀ, ਹਈ ਸ਼ਾਵਾ । 2 ।
ਜਾ ਕੇ ਮ੍ਹੈਲਾਂ ਦੀ ਰਾਣੀ ਬਣ ਨੀ, ਹਈ ਸ਼ਾਵਾ । 2 ।"
"ਵੇ ਮੈਂ ਤਾਂ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਤੇਰਾ ਬਾਪ ਨਾ ਹੋਵੇ ਤੇਰੇ ਘਰ ਨੀ, ਹਈ ਸ਼ਾਵਾ । 2 ।"
"ਅੜੀਏ ਬਾਪ ਤਾਂ ਮੇਰਾ ਗਿਆ ਮਰ ਨੀ, ਹਈ ਸ਼ਾਵਾ । 2 ।
ਜਾ ਕੇ ਜਿੰਦੇ ਦੀ ਰਾਣੀ ਬਣ ਨੀ, ਹਈ ਸ਼ਾਵਾ । 2 ।"
"ਵੇ ਮੈਂ ਤਾਂ ਤੇਰਾ ਨਾਲ ਜਾਨੀਆਂ, ਹਈ ਸ਼ਾਵਾ । 2 ।
ਵੇ ਤੇਰਾ ਭਾਈ ਨਾ ਹੋਵੇ ਤੇਰੇ ਘਰ ਵੇ, ਹਈ ਸ਼ਾਵਾ । 2 ।"
"ਅੜੀਏ ਭਾਈ ਤਾਂ ਹੋ ਗਿਆ ਵੱਖ ਨੀ, ਹਈ ਸ਼ਾਵਾ । 2 ।
ਜਾ ਕੇ ਕੋਠੇ ਦੀ ਰਾਣ ਬਣ ਨੀ, ਹਈ ਸ਼ਾਵਾ । 2 ।"
"ਵੇ ਮੈਂ ਤਾਂ ਤੇਰੇ ਨਾਲ ਜਾਨੀਆਂ, ਹਈ ਸ਼ਾਵਾ । 2 ।
ਤੇਰੀ ਭੈਣਾਂ ਨਾ ਹੋਵੇ ਤੇਰੇ ਘਰ ਵੇ, ਹਈ ਸ਼ਾਵਾ । 2 ।"
"ਅੜੀਏ ਭੈਣਾਂ ਤਾਂ ਦਿੱਤੀ ਮੈਂ ਵ੍ਹਿਆਏ ਨੀ, ਹਈ ਸ਼ਾਵਾ । 2 ।"
ਜਾ ਕੇ ਚੌਂਕੇ ਦੀ ਰਾਣੀ ਬਣ ਨੀ, ਹਈ ਸ਼ਾਵਾ । 2 ।"
"ਕੱਚੇ ਖੂਹੇ ਤੇ ਪਾਣੀ ਨੀ ਭਰੇਂਦੀਏ, ਹਈ ਸ਼ਾਵਾ । 2 ।"
ਜਰਾ ਤੁਰ ਪੈ ਸਾਡੇ ਨਾਲ ਨੀ, ਹਈ ਸ਼ਾਵਾ । 2 ।"

## ਗੋਰੇ ਰੰਗ ਨੇ ਮੁਹੱਬਤਾਂ ਲਾਈਆਂ ਨੀ

"ਨਿੰਮ ਨਾਲ਼ ਨੀ ਝੂਟਦੀਏ, ਨਿੰਮ ਨਾਲ਼ ਨੀ ਝੂਟਦੀਏ ।
ਗੋਰੇ ਰੰਗ ਨੇ ਮੁਹੱਬਤਾਂ ਲਾਈਆਂ ਨੀ ਝੂਟਦੀਏ । 2 ।"
"ਕਾਲ਼ੀ ਪੀਲ਼ੀ ਵੇ ਪੱਗ ਵਾਲ਼ਿਆ, ਕਾਲ਼ੀ ਪੀਲ਼ੀ ਵੇ ਪੱਗ ਵਾਲ਼ਿਆ । 2 ।
ਕ੍ਹਿਦੇ ਦਰ ਤੇ ਪਰ੍ਹਾਉਣਾ ਜਾਣਾ ਵੇ, ਪੱਗ ਵਾਲ਼ਿਆ । 2 ।"
"ਕਾਲ਼ੀ ਪੀਲ਼ੀ ਨੀ ਚੁੰਨੀ ਵਾਲ਼ੀਏ, ਕਾਲ਼ੀ ਪੀਲ਼ੀ ਨੀ ਚੁੰਨੀ ਵਾਲ਼ੀਏ । 2 ।
ਤੇਰੇ ਪੇ ਦਾ ਜਵਾਈ ਬਣ ਜਾਣਾ ਨੀ ਚੁੰਨੀ ਵਾਲ਼ੀਏ । 2 ।"
"ਰਾਹੇ ਰਾਹੇ ਵੇ ਜਾਣ ਵਾਲ਼ਿਆ ਰਾਹੇ ਰਾਹੇ ਵੇ ਜਾਣ ਵਾਲ਼ਿਆ । 2 ।
ਸਾਡਾ ਡਿਗਿਆ ਰੁਮਾਲ ਫੜਾਵੀਂ ਵੇ, ਜਾਣ ਵਾਲ਼ਿਆ । 2 ।"

“ਕ੍ਰੇੜੀ ਏਂ ਨੀ ਨਵਾਬ ਦੀ ਬੱਚੀ, ਕ੍ਰੇੜੀ ਏਂ ਨੀ ਨਵਾਬ ਦੀ ਬੱਚੀ । 2 ।
ਤੇਰਾ ਡਿਗਿਆ ਰੁਮਾਲ ਫੜਾਵਾਂ ਨੀ, ਨਵਾਬ ਦੀ ਬੱਚੀ । 2 ।”
“ਰਾਹੇ ਰਾਹੇ ਨੀ ਜਾਣ ਵਾਲ਼ੀਏ, ਰਾਹੇ ਰਾਹੇ ਨੀ ਜਾਣ ਵਾਲ਼ੀਏ । 2 ।
ਮੁੰਡਾ ਤੇਰਾ ਤਾ ਮੁੰਹਾਦਰਾ ਮੇਰਾ ਨੀ, ਜਾਣ ਵਾਲ਼ੀਏ । 2 ।”
“ਦਾਦਾ ਦਾੜ੍ਹੀ ਵੇ ਤੇਰਾ ਹੱਗਿਆ, ਦਾਦਾ ਦਾੜ੍ਹੀ ਵੇ ਤੇਰਾ ਹੱਗਿਆ । 2 ।
ਮੁੰਡਾ ਆਪਦਾ ਮੁੰਹਾਦਰਾ ਬਾਪ ਦਾ ਵੇ, ਤੇਰਾ ਹੱਗਿਆ । 2 ।”
“ਉਡ ਜਾਈਂ ਵੇ ਰਾਅ ਤੋਤਿਆ, ਉਡ ਜਾਈਂ ਵੇ ਰਾਅ ਤੋਤਿਆ । 2 ।
ਸਾਡੀ ਨਿੰਮ ਦੇ ਡਾਲ਼ੇ ਪਤਲੇ ਵੇ ਰਾਅ ਤੋਤਿਆ । 2 ।
“ਤੋਤਿਆਂ ਨੂੰ ਨੀ ਅੜਾਉਣ ਵਾਲ਼ੀਏ, ਤੋਤਿਆਂ ਨੂੰ ਨੀ ਅੜਾਉਣ ਵਾਲ਼ੀਏ,
ਸਾਨੂੰ ਤੋਤਿਆਂ ਨੂੰ ਮਾਲ ਬਥੇਰੇ ਨੀ ਅੜਾਉਣ ਵਾਲ਼ੀਏ । 2 ।”

# ਨੌਕਰ ਪਰਦੇਸੀ

## ਬਾਰੀਂ ਵਰ੍ਹਿਆਂ ਖੱਟ ਘਰ ਆਇਆ

ਬਾਰੀਂ ਵ੍ਹਰਿਆਂ ਖੱਟ ਘਰ ਆਇਆ, ਆਏ ਲੱਥਾਂ ਬਾਗੇ ਥੱਲੇ;
ਭਲਾ ਨੀ ਮਾਂ ਮੇਰੀਏ, ਆਏ ਲੱਥਾਂ ਬਾਗੇ ਥੱਲੇ ।
ਸਭ ਸਭ ਸੁਈਆਂ ਦੇਖਣ ਚਲੀਆਂ, ਮੈਂ ਵੀ ਜਾਣਾ ਸੁਈਆਂ ਨਾਲ਼ੇ;
“ਹੋਰਨਾਂ ਤੇ ਸੁਈਆਂ ਨੂੰ ਰਾਮਰਮਈਆਂ ਮੈਂ ਕੀ ਗੁਆਇਆ ਸੀ ਤੇਰਾ,
ਭਲਾ ਚੀਰੇ ਵਾਲ਼ਿਆ ਵੇ ਨੌਕਰਾ, ਮੈਂ ਕੀ ਗੁਵਾਇਆ ਸੀ ਤੇਰਾ ।
“ਹੋਰਨਾਂ ਤੇ ਸੁਈਆਂ ਨੇ ਕਦ ਕਦ ਮਿਲਣਾ, ਤੂੰ ਹੀ ਰ੍ਹੈਣਾ ਸਾਡੇ ਕੋਲ਼ੇ,
ਭਲਾ ਨੀ ਸਾਲੂ ਵਾਲ਼ੀਏ, ਤੂਈਂਊਂ ਰ੍ਹੈਣਾ ਸਾਡੇ ਕੋਲ਼ੇ ।”
“ਪੰਜਾਂ ਰੁਪਈਆਂ ਦੇ ਚੌਲ਼ ਮੰਗਾਵਾਂ, ਆ ਜਾ ਰਸੋਈ ਘਰ ਮੇਰੇ,
ਭਲਾ ਚੀਰੇ ਵਾਲ਼ਿਆ ਵੇ ਨੌਕਰਾ, ਆ ਜਾ ਰਸੋਈ ਘਰ ਮੇਰੇ;
ਗਲ਼ੀ ਗਲ਼ੀ ਮੈਂ ਫਿਰ ਆਇਆ, ਘਰ ਨਾ ਲੱਭਦਾ ਸੀ ਤੇਰਾ,
ਭਲਾ ਸਾਲੂ ਵਾਲ਼ੀਏ ਨੀ ਗੋਰੀਏ, ਘਰ ਨਾ ਲੱਭਦਾ ਸੀ ਤੇਰਾ ।”
“ਉੱਚੀਆਂ ਕੰਧਾਂ ਸਬਜ ਬਨੇਰੇ, ਡ੍ਹੇੜੀ ਵਾਲ਼ਾ ਘਰ ਮੇਰਾ,
ਭਲਾ ਚੀਰੇ ਵਾਲ਼ਿਆ ਵੇ ਨੌਕਰਾ, ਡ੍ਹੇੜੀ ਵਾਲ਼ਾ ਘਰ ਮੇਰਾ ।”
“ਪੰਜਾਂ ਰੁਪਈਆਂ ਦੇ ਚੌਲ਼ ਮੰਗਾਵਾ, ਆ ਜਾ ਰਸੋਈ ਘਰ ਮੇਰੇ,
ਭਲਾ ਚੀਰੇ ਵਾਲ਼ਿਆ ਵੇ ਨੌਕਰਾ, ਆ ਜਾ ਰਸੋਈ ਘਰ ਮੇਰੇ ।”
“ਅੱਜ ਰਸੋਈ ਮੈਂਨੂੰ ਰਾਜੇ ਦੇ ਵ੍ਹੇਹੜੇ, ਭਲ਼ਕੇ ਖਾਵਾ ਘਰ ਤੇਰੇ,
ਭਲਾ ਸਾਲੂ ਵਾਲ਼ੀਏ ਨੀ ਗੋਰੀਏ ਭਲ਼ਕੇ ਖਾਵਝਾਂ ਘਰ ਤੇਰੇ ।”
“ਤੰਬੂ ਤੰਬੂ ਮੈਂ ਫਿਰ ਆਈ, ਤੰਬੂ ਨਾ ਲੱਭਦਾ ਸੀ ਤੇਰਾ,
ਭਲਾ ਚੀਰੇ ਵਾਲ਼ਿਆ ਵੇ ਨੌਕਰਾ, ਤੰਬੂ ਨਾ ਲੱਭਦੀ ਸੀ ਤੇਰਾ ।”
ਹੋਰਨਾਂ ਦੇ ਤੰਬੂ ਸਾਦ ਮੁਰਾਦੇ, ਮੇਰਾ ਤੰਬੂ ਝਾਲਰ ਵਾਲ਼ਾ,
ਭਲਾ ਸਾਲੂ ਵਾਲ਼ੀਏ ਨੀ ਗੋਰੀਏ, ਮੇਰਾ ਤੰਬੂ ਝਾਲਰ ਵਾਲ਼ਾ ।

## ਰਾਜੇ ਦਾ ਨੌਕਰ ਹੋ ਗਿਆ

ਹੋ ਮਾਲੀ ਲਵਾਇਆ, ਬਾਗ ਲਵਾਇਆ, ਵਿਚ ਲਵਾ ਲਈਆ ਤੋਰੀਆਂ ਵੇ ।2 ।
ਹੋ ਮਾਲੀ ਹੋਕਾ ਜੋ ਦੇਵੇ, ਹੋਕਾ ਜੋ ਦੇਵੇ, "ਲੈ ਲਵੋ ਫੁੱਲ ਤੇ ਤੋਰੀਆਂ ਵੇ ।2 ।"
"ਹੋ ਮਾਲੀ ਆ ਜਾ ਹਮਾਰੇ, ਬ੍ਹੈਜਾ ਚੁਬਾਰੇ, ਤੇਰੀਆਂ ਤੋਰੀਆਂ ਮੈਂ ਲਵਾਂ ਵੇ ।2 ।"
ਹੋ ਮਾਲੀ ਪੁੱਛਣਾ ਕਰਦਾ, ਗਿਛਣਾ ਕਰਦਾ, "ਸੱਸ ਤੁਮਾਰੀ ਕਾਂ ਗਈਉ ਰੇ । 2 ।
"ਓਥੇ ਬੀਰੇ ਘਰ ਛਾਦੀ, ਆਇਆ ਸੀ ਲਾਗੀ, ਸੱਸ ਹਮਾਰੀ ਤਾਂ ਗਈਓ ਰੇ ।2 ।"
ਓ ਮਾਲੀ ਪੁੱਛਣਾ ਕਰਦਾ, ਗਿਛਣਾ, ਕਰਦਾ, "ਕੌਂਤ ਤੁਮਾਰਾ ਕਾਂ ਗਈਉ ਰੇ ।2 ।
"ਓ ਉਹ ਤਾਂ ਦੰਮਾਂ ਦਾ ਲੋਭੀ, ਰੰਨਾਂ ਦਾ ਖੋਜੀ, ਰਾਜੇ ਦਾ ਨੌਕਰ ਹੋ ਗਇਆ ਰੇ ।2 ।
"ਓ ਮਾਲੀ ਪਲੰਘ ਡਹਾਈਏ ਡੇਕਾਂ ਦੀ ਛਾਂਵੇਂ ਸੌਂ ਜਾਈਏ ਵੇ ।2 ।"
ਓ ਗਲ਼ੀਏ ਘੋੜਾ ਹਿਣਾ ਕੇ, ਦੰਮ ਛਣਾ ਕੇ, ਰਾਜੇ ਦਾ ਨੌਕਰ ਆ ਗਿਆ ਏ । 2 ।
ਓ ਮਾਲੀ ਨੱਸਣ ਲੱਗਾ, ਭੱਜਣ ਲੱਗਾ, ਪੱਗ ਸਿਰਾਣੇ ਰ੍ਹੈ ਗਈਉ ਏ ।2 ।
ਓ ਮਾਲੀ ਪੁੱਛਣ ਲੱਗਾ, ਗਿੱਛਣ ਲੱਗਾ, "ਪੱਗ ਸ੍ਹਿਰਾਣੇ ਕ੍ਹਿਦੀ ਐ ਵੇ ।2 ।
ਓ ਸਾਡੀ ਸੱਸ ਦਾ ਜਾਇਆ, ਤੇਤੋਂ ਸਵਾਇਆ, ਪੱਗ ਸ੍ਹਿਰਾਣੇ ਓਦੀ ਐ ਵੇ ।2 ।

## ਦੰਮਾਂ ਦੇ ਲੋਭ ਨੂੰ ਗਿਆ ਏ ।

"ਨੀ ਸੱਸੂ ਨੀ ਸੇਰ ਕ ਤੂੰਬਾ ਸ਼੍ਹੈਰੋਂ ਮੰਗਾਨੀਆਂ,
ਸ਼੍ਹੈਰੋਂ ਮੰਗਾਨੀਆ, ਚੋਲ਼ੀ ਦਾ ਚੀਰਾ ਰੰਗਾਨੀਆਂ ਏ ।"
"ਨੀ ਸੱਸੂ ਨੀ ਨਦੀਆ ਕਿਨਾਰੇ ਕਪੜੇ ਧੋਨੀਆਂ,
ਕਪੜੇ ਧੋਨੀਆਂ ਕੌਣ ਸ਼ਕੀਨੀਆਂ ਆਇਆ ਏ ।"
"ਨੀ ਨੋਂਹੇ ਨੀ ਪੁੱਤ ਸੀ ਮੇਰਾ ਢੋਲਾ ਸੀ ਤੇਰਾ,
ਢੋਲਾ ਸੀ ਤੇਰਾ, ਉਹੋ ਸ਼ਕੀਨੀਆਂ ਆਇਆ ਏ ।
"ਨੀ ਸੱਸੂ ਨੀ ਖੋਲ੍ਹ ਪਟਾਰੀਆ ਜੰਦਿਆਂ ਵਾਲ਼ੀਆਂ,
ਜੰਦਿਆ ਵਾਲ਼ੀਆਂ, ਲਾਇ ਲਾਂ ਹਾਰ ਸ਼ਿੰਗਾਰ ਨੀ ।
"ਨੀ ਸੱਸੂ ਈ ਹਾਰ ਸ਼ਿੰਗਾਰ ਸਭ ਕੁਝ ਪ੍ਹੈਨਿਆਂ,
ਸਭ ਕੁਝ ਪ੍ਹੈਨਿਆਂ, ਸੁੱਤੇ ਨੂੰ ਜਾਗ ਨਾ ਆਈ ਨੀ ।"
"ਨੀ ਨੋਂਹੇ ਨੀ ਨੀਦਾਂ ਦਾ ਮਾਰਿਆ, ਮਜਲਾਂ ਦਾ ਮਾਰਿਆ,
ਮਜਲਾ ਦਾ ਮਾਰਿਆ,' ਰੱਖ ਭਰ ਮਾਤਾ ਦੇਖਦੀ ਏ ।
"ਨੀਂ ਸੱਸੂ ਨੀ ਦੰਦ ਨਾ ਰ੍ਹੈਂਦੇ ਹੱਸਣੇ ਬਾਝੋਂ,
ਹੱਸਣੇ ਬਾਝੋਂ, ਨੈਣ ਨਾ ਰ੍ਹੈਂਦੇ ਦੇਖਣੇ ਬਾਝੋਂ,
ਦੇਖਣੇ ਬਾਝੋਂ ਗੱਲ ਕਲੇਜੇ ਨੂੰ ਖਾ ਗਈਉ ਰੇ ।"
"ਨੀ ਸੱਸੂ ਨੀ ਧੰਨ ਤੇਰਾ ਆਤਮਾ ਧੰਲ ਤੇਰਾ, ਜੀਅਰਾ,
ਧੰਨ ਤੇਰਾ ਜੀਅਰਾ, ਪੁੱਤ ਪਰਦੇਸਾਂ ਨੂੰ ਤੋਰਿਆ ਏ ।"
"ਨੀ ਨੋਂਹੇ ਨੀ ਤੇਰਾ ਨਾ ਘੱਲਿਆ, ਮੇਰਾ ਨਾ ਘੱਲਿਆ,
ਮੇਰਾ ਨਾ ਘੱਲਿਆ, ਦੰਮਾਂ ਦੇ ਲੋਭ ਨੂੰ ਗਇਆ ਏ ।"

## ਫੁੱਲ ਸੁੱਕੇ ਤੇਰੇ ਪਲੰਘਾਂ ਦੇ ਪਾਵੇ

''ਚੂੜਾ ਕਰਾਇਆ, ਕਰਾ ਡੱਬੇ ਪਾਇਆ, ਲੋਕ ਪਿਆ ਝਾਤੀ ਮਾਰੇ ।
ਫੁੱਲ ਸੁੱਕੇ ਤੇਰੇ ਪਲੰਘਾਂ ਦੇ ਪਾਵੇ, ਮੈਂ ਵੇ ਸੁੱਕੀ ਤੇਰੇ ਹਾਵੇ ।''
''ਫੁੱਲ ਸੁੱਕੇ ਬਾਗੀਂ ਹੋਰ ਬਥੇਰੇ, ਤੂੰ ਨਾ ਸੁੱਕੀਂ ਘਰ ਦੀਏ ਨਾਰੇ ।''
''ਕੈਂਠੀ ਕਰਾਈ ਕਰਾ ਡੱਬੇ ਪਾਈ, ਕੋਈ ਲੋਕ ਪਿਆ ਝਾਤੀ ਮਾਰੇ ।
ਫੁੱਲ ਸੁੱਕੇ ਤੇਰੇ ਪਲੰਘਾਂ ਦੇ ਪਾਵੇ, ਮੈਂ ਵੇ ਸੁੱਕੀ ਤੇਰੇ ਹਾਵੇਂ ।
''ਫੁੱਲ ਸੁੱਕੇ ਗੋਰੀਏ ਹੋਰ ਬਥੇਰੇ, ਤੂੰ ਨਾ ਸੁੱਕੀਂ ਘਰ ਦੀਏ ਨਾਰੇ ।''
''ਨੱਥ ਘੜਾਈ ਘੜਾਂ ਡੱਬੇ ਪਾਈ, ਕੋਈ ਲੋਕ ਪਿਆ ਝਾਤੀ ਮਾਰੇ ।
ਫੁੱਲ ਸੁੱਕੇ ਤੇਰੇ ਪਲੰਘਾਂ ਦੇ ਪਾਵੇ, ਮੈਂ ਵੇ ਸੁੱਕੀ ਤੇਰੇ ਹਾਵੇਂ ।''
ਫੁੱਲ ਸੁੱਕੇ ਗੋਰੀਏ ਹੋਰ ਬਥੇਰੇ, ਤੂੰ ਨਾ ਸੁੱਕੀਂ ਘਰ ਦੀਏ ਨਾਰੇ ।''

## ਸਭ ਨੇ ਨੌਕਰ ਜਾਣਾ

ਜੰਮੂ ਰਾਜੇ ਲਿਖ ਪੁਰਮਾਨੇ ਭੇਜੇ ਸਭ ਨੇ ਨੌਕਰ ਜਾਣਾ ਨੀ ਅੜੀਉ ।
ਸੌਂਰਾ ਵੀ ਤੇਰਾ ਪਤਿਔਰਾ ਵੀ ਤੋਰਾਂ ਘਰ ਰਖਦੀ ਕੌਂਤ ਪਿਆਰਾ ਨੀ ਅੜੀਉ ।
ਸੱਸ ਵੀ ਲੜਦੀ ਪਤੀਸ ਵੀ ਲੜਦੀ, ਕਿਉਂ ਤੋਰੇ ਲਾਲ ਪਰਾਏ ਨੀ ਅੜੀਉ ।
ਸਹੁਰਾ ਵੀ ਆ ਗਿਆ ਪਤਿਔਰਾ ਵੀ ਆ ਗਿਆ ਹੁਣ ਆ ਗਈ ਕੌਂਤ ਦੀ ਬਾਰੀ ਨੀ ਅੜੀਉ
ਜੇਠ ਵੀ ਤੋਰਾਂ ਦੇਰ ਵੀ ਤੋਰਾਂ, ਘਰ ਰਖਦੀ ਕੌਂਤ ਪਿਆਰਾ ਨੀ ਅੜੀਉ ।
ਦਰਾਣੀ ਵੀ ਲੜਦੀ, ਜਠਾਣੀ ਵੀ ਲੜਦੀ, ਕਿਉਂ ਤੋਰੇ ਲਾਲ ਪਰਾਏ ਨੀ ਅੜੀਉ ।
ਜੇਠ ਵੀ ਆ ਗਿਆ ਦੇਰ ਵੀ ਆ ਗਿਆ, ਹੁਣ ਆ ਗਈ ਕੌਂਤ ਦੀ ਬਾਰੀ ਨੀ ਅੜੀਉ ।
ਅੰਦਰ ਵੜ ਕੇ ਸਿੰਘ ਜੀ ਨੇ ਪਾ ਲਈ ਵਰਦੀ ਬਣਿਆ ਛੈਲ ਸਿਪਾਹੀ ਨੀ ਅੜੀਉ ।
ਵ੍ਹਿੜੇ ਖੜ ਕੇ ਸਿੰਘ ਜੀ ਨੇ ਕੱਸ ਲਈ ਕਾਠੀ ਹੁਣ ਬਣਿਆ ਦੇਸਾਂ ਦਾ ਰਾਜ ਨੀ ਅੜੀਉ ।

## ਸਾਡੀ ਇਹੋ ਨਿਸ਼ਾਨੀ

ਮੈਂ ਤੈਂਨੂੰ ਪੁੱਛਦੀ ਮਾਲੀਆ ਹੋ, ਹੋ ਬੂਟਾ ਕਾਹੇ ਦਾ ਲਾਇਆ,
ਹੋ ਬੂਟਾ ਕਾਹੇ ਦਾ ਲਾ ਲਿਆ ਹੋ ।''
''ਮੈਂ ਤੈਂਨੂੰ ਦਸਦਾਂ ਗੋਰੀਏ ਨੀ, ਇਹ ਬੂਟਾ ਨਰਮੇ ਦਾ ਲਾਇਆ,
ਇਹ ਬੂਟਾ ਨਰਮੇ ਦਾ ਲਾਇਆ ਹੋ ।''
ਮੈਂ ਤੈਂਨੂੰ ਪੁੱਛਦੀ ਮਾਲੀਆ ਹੋ, ਇਹ ਬੂਟੇ ਗੁੱਡ ਗਡਾਇਆ,
ਇਹ ਬੂਟੇ ਗੁੱਡ ਗਡਾ ਲਿਆ ਹੋ ।
''ਮੈਂ ਤੈਂਨੂੰ ਦੱਸਦਝਾਂ ਨਾਜੋ ਗੋਰੀਏ ਨੀ, ਇਹ ਬੂਟੇ ਗੁੱਡ ਗੁਡਾਇਆ,
ਇਹ ਬੂਟੇ ਗੁੱਡ ਗੁਡਾ ਲਿਆ ਹੋ ।''
ਮੈਂ ਤੈਂਨੂੰ ਪੁੱਛਦੀ ਮਾਲੀਆ ਹੋ, ਹੋ ਬੂਟੇ ਪਾਣੀ ਪਾਇਆ,
ਹੋ, ਬੂਟੇ ਪਾਦੀ ਪਾ ਲਿਆ ਹੈ ।''
''ਮੈਂ ਤੈਂਨੂੰ ਦਸਦਾਂ ਗੋਰੀਏ ਨੀ, ਨੈਣਾਂ ਦਾ ਹਲਟ ਗੜਾਇਆ,
ਹੋ ਬੂਟੇ ਪਾਣੀ ਪਾ ਲਿਆ ਹੋ ।''

ਬੂਟੇ ਲਗਰਾਂ ਛੋਡੀਆਂ ਹੋ, ਹੋ ਛਾਮਾਂ ਮ੍ਹੈਲਾਂ ਨੂੰ ਆਈਆਂ,
ਹੋ ਛਾਮਾ ਮ੍ਹੈਲਾਂ ਨੂੰ ਆ ਗਈਆਂ ਹੋ ।
ਗੋਰੀ ਨੇ ਚਰਖਾ ਡਹਾ ਲਿਆ ਹੋ, ਹੋ ਤੰਦ ਨਰਮੇ ਦਾ ਪਾਇਆ,
ਹੋ ਤੰਦ ਨਰਮੇ ਦਾ ਪਾ ਲਿਆ ਹੈ ।
ਜਦ ਤੰਦ ਨਰਮੇ ਦਾ ਪਾ ਲਿਆ ਹੋ, ਹੋ ਗੋਰੀ ਨੀਂਦ ਦਾ ਝੂਟਾ ਆਇਆ,
ਹੋ ਗੋਰੀ ਨੀਂਦ ਦਾ ਝੂਟਾ ਆ ਗਿਆ ਹੋ ।
ਜਾਂ ਨੀਂਦ ਦਾ ਝੂਟਾ ਆ ਗਿਆ ਹੋ, ਹੋ ਰਾਣੀ ਪਲੰਘ ਡਹਾ ਲਿਆ ਹੋ ।
ਹੋ ਰਾਣੀ ਪਲੰਘ ਡਹਾ ਲਿਆ ਹੋ ।
"ਨਾ ਛੇੜ ਨਾ ਛੇੜ ਨੌਕਰਾ ਹੋ, ਹੋ ਸਾਨੂੰ ਨੀਂਦ ਪਿਆਰੀ,
ਹੋ ਸਾਨੂੰ ਨੀਂਦ ਪਿਆਰੀ ਹੋ ।"
"ਅਸੀਂ ਚਲੇ ਜਾਣਾ ਜੰਮੂ ਦੀ ਨੌਕਰੀ ਹੋ, ਨੀ ਤੂੰ ਸੌਂਵੀਂ ਸੁਖਾਲ਼ੀ,
ਹੋ ਨਾਜੋ ਸੌਂਵੀਂ ਸੁਖਾਲ਼ੀ ਹੋ ।"
"ਮਰਨ ਮਲਾਹਾਂ ਦੇ ਬੱਚੜੇ ਹੋ, ਹੋ ਜਿਨੀਂ ਪਾਰ ਲੰਘਾਇਆ,
ਹੋ ਜਿਨੀਂ ਪਾ ਲੰਘਾ ਲਿਆ ਹੋ ।
ਮਰਨ ਜੰਮੂ ਦੀਆਂ ਰਾਣੀਆਂ ਹੋ, ਹੋ ਜਿਨੀਂ ਨੌਕਰ ਲਾਇਆ,
ਹੋ ਜਿਨੀਂ ਨੌਕਰ ਲਾ ਲਿਆ ਹੋ ।"
"ਤੁਸੀਂ ਚਲੇ ਜੰਮੂ ਦੀ ਨੌਕਰੀ ਹੋ, ਹੋ ਸਾਨੂੰ ਦੇ ਜਾ ਨਿਸ਼ਾਨੀ ਹੋ,
ਹੋ ਸਾਨੂੰ ਦੇ ਜਾ ਨਿਸ਼ਾਨੀ ਹੋ ।"
"ਆਹ ਲੈ ਮੇਰੇ ਹੱਥ ਦੀ ਮੁੰਦਰੀ ਹੋ, ਹੋ ਗੋਰੀਏ ਸਾਡੇ ਏਹੋ ਨਿਸ਼ਾਨੀ,
ਗੋਰੀਏ ਸਾਡੀ ਏਹੋ ਨਿਸ਼ਾਨੀ ਹੋ ।"

## ਜਾਨ ਤਾਂ ਮੇਰੀ ਲੈ ਗਿਆ

"ਜਾਂਦਾ ਕਿਨੇ ਨਾ ਮੋੜਿਆ, ਮਾਏ ਪੈ ਗਿਆ ਸ਼ਿਮਲੇ ਦੇ ਰ੍ਹਾ । 2 ।"
"ਜਾਂਦਾ ਏ ਤੇ ਜਾਣ ਦੇ ਧੀਏ, ਬ੍ਹਿੜੇ ਦੀ ਗਈ ਨੀ ਬਲ਼ਾ । 2 ।
ਮੈਂ ਵੱਟ ਲਿਆਉਂਦੀ ਪੂਣੀਆਂ, ਧੀਏ ਚਰਖੇ ਨੂੰ ਚਿਤ ਲਾ । 2 ।"
"ਅੱਗ ਲਾਵਾਂ ਤੇਰੀਆਂ ਪੂਣੀਆਂ, ਮਾਏ ਲਾਂਬੂ ਚਰਖੇ ਨੂੰ ਲਾ । 2 ।
ਜਾਨ ਤਾਂ ਮੇਰੀ ਲੈ ਗਿਆ, ਚੀਰੇ ਦੇ ਲੜ ਲਾ । 2 ।

## ਓੜਕ ਪੁੱਤਰ ਪਰਾਇਆ

"ਸੌਣ ਮਹੀਨੇ ਸੱਸੂ ਡੇਕਾਂ ਜੋ ਫੁੱਲੀਆਂ ।
ਫੁੱਲ ਖਿੜੇ ਗੁਲਾਨਾਰੀ ਨੀ ਬੇਦਰਦਣੇ । 2 ।"
ਪੁੱਤ ਤੇਰਾ ਸੱਸੇ ਰਾਜੇ ਦਾ ਨੌਕਰ ।
ਕ੍ਹਿਦੀ ਵਲ ਦੇਖ ਕੇ ਜੀਵਾਂ ਨੀ ਬੇਦਰਦੇਣੇ ।"
"ਅੱਜ ਗੱਲ ਆਖੀ ਸੋ ਆਖੀ ।
ਫੇਰ ਕਦੇ ਨਾ ਤੂੰ ਆਖੀਂ ਨੀ ਬੇਦਰਦਣੇ । 2 ।"

“ਕਦੇ ਨਾ ਭੇਜਿਆ ਸਿੰਘ ਜੀ ਸੁਖ ਦਾ ਸੁਨੇਹਾ ।
ਕਦੀਉ ਨਾ ਭੇਜੀਆਂ ਵੇ ਚਿੱਠੀਆਂ, ਬੇਦਰਦੀਆਂ । 2 ।”
ਕ੍ਹਿਦੇ ਹੱਥ ਭੇਜਾਂ ਗੋਰੀਏ ਸੁਖ ਦਾ ਸੁਨੇਹਾ ।
ਕਿਹਦੇ ਹੱਥ ਭੇਜਾ ਮੈਂ ਚਿੱਠੀਆਂ, ਨੀ ਬੇਦਰਦਣੇ । 2 ।”
ਕਿਥੋਂ ਮਿਲ਼ਦਾ ਗੋਰੀਏ ਕੋਰੜਾ ਕਾਗਜ ।
ਕਿਥੋਂ ਮਿਲ਼ਦੀ ਐ ਸ਼ਾਹੀ ਨੀ ਬੇਦਰਦਣੇ । 2 ।”
“ਬੰਗਾਲੋਂ ਮਿਲ਼ਦਾ ਸਿੰਘ ਜੀ ਕੋਰੜਾ ਕਾਗਜ ।
ਉਥੋਂ ਮਿਲਦੀਆਂ ਸ਼ਾਹੀ, ਵੇ ਬੇਦਰਦੀਆ । 2 ।”
“ਕ੍ਹਿਦੇ ਹੱਥ ਭੇਜਾਂ ਗੋਰੀਏ ਸੁੱਖ ਦਾ ਸੁਨੇਹਾ ।
ਡਾਕੇ ਪਾ ਦੇਵਾਂ ਚਿੱਠੀਆਂ, ਨੀ ਬੇਦਰਦਣੇ । 2 ।”
ਢਲ਼ ਪਰਛਾਵੇਂ ਸੱਸੂ ਚਰਖਾ ਜਾ ਡ੍ਹਾਇਆ ।
ਚਿੱਠੀਆਂ ਵਾਲੜਾ ਆਇਆ, ਨੀ ਬੇਦਰਦਣੇ । 2 ।”
“ਪਿਛਾਂ ਹੱਟ ਸੱਸੂ, ਪਿਛਾਂਹ ਹੱਟ ਨਣਦੇ ।
ਚਿੱਠੀ ਮਾਈਏ ਦੀ ਬੋਚਾਂ, ਨੀ ਬੇਦਰਦਣੇ । 2 ।”
ਲੈ ਚਿੱਠੀ ਮ੍ਹਾਈਏ ਦੀ ਪੜ੍ਹਨ ਜੋ ਲੱਗੀ ।
ਨੈਣ ਕਿਣੋ ਕਿਣ ਰੋਏ, ਨੀ ਬੇਦਰਦਣੇ । 2 ।”
ਤੁਸੀਂ ਕਿਉਂ ਰੋਂਦੇ ਬੰਦਿਓ ਵੇ ਨੈਣੋਂ ।
ਓੜਕ ਪੁੱਤਰ ਪਰਾਇਆ ਵੇ ਬੇਦਰਦੀਆ । 2 ।”

## ਤੋੜ ਵਿਛੜੀ ਹੰਸਾਂ ਜੋੜੀ

“ਬਾਰਾਂ ਤਾਂ ਬੁਰਿਆਂ ਨੀ ਸੱਸੇ ਮੈਂਨੂੰ ਵਸਦੀ ਨੂੰ ਹੋਈਆਂ, ਨੀ ਸੱਸੂ ਮੇਰੀਏ ।
ਮੈਂ ਨਹੀਂ ਸੀ ਦੇਖਿਆ ਪੁੱਤਰ ਤੇਰਾ, ਕੋਈ ਵਖਤ ਗੁਜਾਰੀਏ ।”
“ਬਾਰਾਂ ਤਾ ਬੁਰਿਆ ਨੀ ਓਹਨੂੰ ਨੌਕਰ ਨੂੰ ਹੋਈਆਂ, ਨੀ ਨੋਂਹੇਂ ਮੇਰੀਏ ।
ਤੂੰ ਕਿਥੋਂ ਦੇਖੇਂ ਪੁੱਤਰ ਮੇਰਾ, ਕੋਈ ਵਖਤ ਗੁਜਾਰੀਏ ।”
“ਬਾਜੇ ਵੀ ਬਜਦੇ ਨੀ ਸੱਸੂ ਘੋੜੇ ਵੀ ਹਿਣਕੇ ਨੀ ਸੱਸੂ ਮੇਰੀਏ ।
ਅ੍ਹਜੇ ਨ੍ਹਈਂ ਆਇਆ ਪੁੱਤਰ ਤੇਰਾ, ਕੋਈ ਵਖਤ ਗੁਜਾਰੀਏ ।”
ਭੁੱਖਾਂ ਵੀ ਲੱਗੀਆਂ ਨੀ ਸੱਸੂ ਤੇਹਾਂ ਵੀ ਲੱਗੀਆਂ, ਨੀ ਸੱਸੂ ਮੇਰੀਏ,
ਕਿਥੇ ਤਾਂ ਰੱਖੇ ਬੇਹੇ ਟੁਕੜੇ, ਕੋਈ ਵਖਤ ਗੁਜਾਰੀਏ ।”
“ਅਗਲਾ ਸੀ ਬੰਗਲਾ ਨੀ ਨੋਂਹੇਂ ਤੇਰਾ ਪਿਛਲਾ ਸੀ ਬੰਗਲਾ, ਨੀ ਨੋਂਹੇਂ ਮੇਰੀਏ,
ਉਥੇ ਤਾਂ ਰੱਖੇ ਥਾਲ ਪਰ੍ਹੀ ਕੇ, ਕੋਈ ਵਖਤ ਗੁਜਾਰੀਏ ।”
“ਅੱਗੇ ਤਾਂ ਦਿੰਦੀ ਨੀ ਸੱਸੂ ਬੇਹੇ ਜੋ ਟੁਕੜੇ, ਨੀ ਸੱਸੂ ਮੇਰੀਏ,
ਹੁਣ ਤਾਂ ਤੂੰ ਲਗਦੀ ਏਂ ਬਹੁਤ ਪਿਆਰੀ, ਕੋਈ ਵਖਤ ਗੁਜਾਰੀਏ ।”
“ਖਾਧੀ ਸੋ ਖਾਧੀ ਨੀ ਸੱਸੂ ਸਿਰ ਬੜਾ ਦੁਖਦਾ, ਨੀ ਸੱਸੂ ਮੇਰੀਏ,
ਕਿਥੇ ਤਾਂ ਰੱਖੀ ਨੀ ਟੁੱਟੀ ਮੰਜੀ, ਕੋਈ ਵਖਤ ਗੁਜਾਰੀਏ ।”
“ਅਗਲਾ ਸੀ ਬੰਗਲਾ ਨੀ ਨੋਂਹੇਂ ਤੇਰਾ ਪਿਛਲਾ ਸੀ ਬੰਗਲਾ, ਨੀ ਨੋਂਹੇ ਮੇਰੀਏ,

ਉਥੇ ਤਾਂ ਡੱਠੇ ਪਲ਼ੰਘ ਨਵਾਰੀ, ਕੋਈ ਵਖਤ ਗੁਜਾਰੀਏ ।"
"ਅੱਗੇ ਤਾਂ ਦਿੰਦੀ ਨੀ ਸੱਸੂ, ਟੁੱਟੀ ਜਈ ਮੰਜੀ ਨੀ, ਸੱਸੂ ਮੇਰੀਏ,
ਹੁਣ ਕਿਉਂ ਦੇਵੇਂ ਪਲ਼ੰਘ ਨਵਾਰੀ, ਕੋਈ ਵਖਤ ਗੁਜਾਰੀਏ ।"
"ਅੱਗੇ ਤਾਂ ਲਗਦੀ ਨੀ ਨੋਂਹੇਂ ਮੈਂਨੂੰ ਕੋਈ ਕੌੜੀ ਕਸੈਲ਼ੀ ਨੀ ਨੋਂਹੇਂ ਮੇਰੀਏ,
ਹੁਣ ਤਾਂ ਲਗਦੀ ਏ ਬਹੁਤ ਪਿਆਰੀ, ਕੋਈ ਵਖਤ ਗੁਜਾਰੀਏ ।"
"ਬਾਜੇ ਵੀ ਬਜਦੇ ਨੀ ਸੱਸੂ, ਘੋੜੇ ਵੀ ਹਿਣਕੇ ਨੀ ਸੱਸੂ ਮੇਰੀਏ,
ਬਾਗਾਂ ਵਿਚ ਆਇਆ ਪੁੱਤਰ ਤੇਰਾ, ਕੋਈ ਵਖਤ ਗੁਜਾਰੀਏ ।"
"ਬਾਰਾਂ ਤਾ ਘੜੀਆਂ ਨੀ ਮਾਏ ਮੈਂਨੂੰ ਆਏ ਨੂੰ ਹੋਈਆਂ, ਨੀ ਮਾਏ ਮੇਰੀਏ,
ਮੈਂ ਨਾ ਸੀ ਦੇਖੀ ਰਾਜੇ ਬੇਟੀ, ਕੋਈ ਵਖਤ ਗੁਜਾਰੀਏ ।"
"ਅਗਲਾ ਸੀ ਬੰਗਲਾ ਵੇ ਪੁੱਤ ਤੇਰਾ ਪਿਛਲਾ ਸੀ ਬੰਗਲਾ ਵੇ ਪੁੱਤਰ ਮੇਰਿਆ,
ਉਥੇ ਤਾਂ ਸੁੱਤੀ ਰਾਜੇ ਬੇਟੀ, ਕੋਈ ਵਖਤ ਗੁਜਾਰੀਏ ।"
"ਅੰਦਰੋਂ ਫੜਾ ਦੇ ਨੀ ਮਾਏ ਮੈਨੂੰ ਤੂਤਾਂ ਦੀਆਂ ਛਮਕਾਂ, ਨੀ ਮਾਏ ਮੇਰੀਏ ।
ਮਾਰ ਜਗਾਵਾਂ ਰਾਜੇ ਦੀ ਬੇਟੀ, ਕੋਈ ਵਖਤ ਗੁਜਾਰੀਏ ।"
"ਇਕ ਜੁ ਮਾਰੀ ਨੀ ਮਾਏ ਦੂਜੀ ਵੀ ਮਾਰੀ, ਨੀ ਮਾਏ ਮੇਰੀਏ,
ਜਾਗ ਨਾ ਆਈ ਰਾਜੇ ਦੀ ਬੇਟੀ, ਕੋਈ ਵਖਤ ਗੁਜਾਰੀਏ ।"
"ਅੰਦਰੋਂ ਫੜਾ ਦੇ ਨੀ ਮਾਏ ਮੇਰੇ ਭਗਵੇਂ ਜੋ ਕਪੜੇ ਨੀ ਮਾਏ ਮੇਰੀਏ,
ਹੋ ਜਾਣਾ ਸਾਧ ਪਖੀਰ, ਕੋਈ ਵਖਤ, ਗੁਜਾਰੀਏ ।"
"ਅੱਗ ਜੁ ਲਾਵਾਂ ਵੇ ਪੁੱਤ ਤੇਰੇ ਭਗਵੇਂ ਜੋ ਕਪੜੇ, ਵੇ ਪੁੱਤਰ ਮੇਰਿਆ,
ਹੋਰ ਵ੍ਹਿਆਈਏ ਚੂੜੇ ਵਾਲ਼ੀ, ਕੋਈ ਵਖਤ ਗੁਜਾਰੀਏ ।"
"ਅੱਗ ਜੋ ਲਾਵਾਂ ਨੀ ਮਾਏ, ਤੇਰੇ ਚੂੜੇ ਜੋ ਵਾਲ਼ੀ, ਨੀ ਮਾਏ ਮੇਰੀਏ,
ਤੋੜ ਵਿਛੋੜੀ, ਹੰਸਾਂ ਜੋੜੀ, ਕੋਈ ਵਖਤ ਗੁਜਾਰੀਏ ।"

## ਦੂਜਾ ਤੈਂ ਚਿਰ ਲਾਇਆ

"ਲੰਮਾਂ ਛੱਮਾਂ ਬ੍ਰਿੜਾ ਵੇ ਵਿਚ ਹਰੀਓ ਫਲਾਹੀ,
ਸੁਣ ਨੌਕਰਾ ਵੇ ਵਿਚ ਹਰੀਓ ਫਲਾਹੀ ।"
"ਉੂਚੇ ਚੜ੍ਹਕੇ ਵੇਖਣ ਲੱਗੀ, ਕਿਤੇ ਨੌਕਰ ਵੀ ਆਉਂਦਾ,
ਸੁਣ ਸੱਸੀਏ ਨੀ ਕਿਤੇ ਨੌਕਰ ਵੀ ਆਉਂਦਾ ।"
ਹੇਠਾਂ ਨੀਲਾ ਘੋੜਾ ਨੀ ਉਤੇ ਲਾਲ ਦੁਸ਼ਾਲਾ
ਨੀ ਸੁਣ ਸੱਸੀਏ ਨੀ ਉਤੇ ਲਾਲ ਦੁਸ਼ਾਲਾ ।"
"ਕਿੱਥੇ ਬੰਨ੍ਹਾਂ ਘੋਰੜਾ ਨੀ ਕਿਥੇ ਟੰਗਾਂ ਦੁਸ਼ਾਲਾ,
ਸੁਣ ਗੋਰੀਏ ਨੀ ਕਿਥੇ ਟੰਗਾਂ ਦੁਸ਼ਾਲਾ ।"
"ਬਾਗੀਂ ਬੰਨ੍ਹੋ, ਘੋਰੜਾ ਜੀ, ਕੀਲੀ ਟੰਗੋ ਦੁਸ਼ਾਲਾ,
ਸੁਣ ਨੌਕਰਾ ਵੇ ਕੀਲੀ ਟੰਗੋ ਦੁਸ਼ਾਲਾ ।"
ਅੰਦਰ ਵੜ ਕੇ ਪੁੱਛਣ ਲੱਗਾ, "ਤੈਂ ਕਿਉਂ ਰੰਗ ਬਦਲਾਇਆ,
ਸੁਣ ਗੋਰੀਏ ਨੀ ਤੈਂ ਕਿਉਂ ਰੰਗ ਬਦਲਾਇਆ ।"

"ਇਕ ਬਿਗਾਨੜੀ ਅੰਬੜੀ ਜੀ ਦੂਜਾ ਤੈਂ ਚਿਰ ਲਾਇਆ,
ਸੁਣ ਨੌਕਰਾ ਵੇ ਦੂਜਾ ਤੈਂ ਚਿਰ ਲਾਇਆ ।"

## ਜਾਣਾ ਸਾਨੂੰ ਮਿਲਕੇ

"ਅਸਾਂ ਕਾਂਟੇ ਵੇ ਘੜਾਏ ਉਤੇ ਮੱਛੀ ਤਿਲਕੇ । 2 ।
ਉੱਤੇ ਮੱਛੀ ਤਿਲਕੇ, ਮੱਛੀ ਵਾਲ਼ਾ ਵਿਲਕੇ । 2 ।
ਤੈਂਨੂੰ ਸਹੁੰ ਵੇ ਗੁਰਾਂ ਦੀ, ਜਾਣਾ ਸਾਨੂੰ ਮਿਲ਼ਕੇ । 2 ।"
"ਗੋਰੀਏ ਆਪ ਆਮਾਂਗਾ, ਨੀ ਜਰੂਰ ਆਮਾਂਗਾ । 2 ।
ਮੇਰਾ ਆਉਣ ਜਾਣ ਨਾ ਹੋਵੇ, ਚਿੱਠੀ ਡਾਕ ਪਾਮਾਂਗਾ । 2 ।
"ਅਸਾਂ ਕੈਂਠਾ ਵੇ ਘੜ੍ਹਾਇਆ, ਉੱਤੇ ਮੱਛੀ ਤਿਲਕੇ । 2 ।
ਉੱਤੇ ਮੱਛੀ ਤਿਲਕੇ ਮੱਛੀ ਵਾਲ਼ਾ ਵਿਲਕੇ...... । 2 ।
ਤੈਂਨੂੰ ਸਹੁੰ ਵੇ ਗੁਰਾਂ ਦੀ ਜਾਣਾ ਸਾਨੂੰ ਮਿਲ਼ਕੇ । 2 ।"
"ਗੋਰੀਏ ਆਪ ਆਮਾਂਗਾ, ਨੀ ਜਰੂਰ ਆਮਾਂਗਾ । 2 ।
ਮੇਰਾ ਆਉਣ ਜਾਣ ਨਾ ਹੋਵੇ, ਚਿੱਠੀ ਡਾਕ ਪਾਮਾਂਗਾ । 2 ।"

## ਨੌਕਰਾਂ ਦੀ ਛੁੱਟੀ ਮੁੜਵਾਈ

ਲਹੌਰ ਦਿਆਂ ਨੌਕਰਾਂ ਨੂੰ ਛੁਟੀਆਂ ਜੋ ਹੋਈਆਂ,
ਸੁਰਤ ਘਰਾਂ ਵਲ ਆਈ, ਕਿ ਮੁਲਕ ਵਕੀਲਾਂ ਦੇ । 2 ।
ਘਰ ਆ ਕੇ ਮਾਂ ਕੋਲ਼ੋਂ ਪੁੱਛਦਾ ਕਿ ਭੈਣ ਕੋਲੋਂ ਪੁੱਛਦਾ,
"ਕਿੱਥੇ ਗਈ ਆ ਰਾਜੇ ਦੀ ਜਾਈ" ਕਿ ਮੁਲਕ ਵਕੀਲਾਂ ਦੇ । 2 ।
ਮਾਂ ਵੀ ਨਾ ਬੋਲਦੀ ਤੇ ਭੈਣ ਵੀ ਨਾ ਬੋਲਦੀ,
ਚੁੱਪ ਕਰ ਬਹਿ ਗਿਆ ਭਾਈ ਕਿ ਮੁਲਕ ਵਕੀਲਾਂ ਦੇ । 2 ।
ਹੱਥ ਵਿਚ ਖੂੰਡੀ ਤੇ ਮੌਢੇ ਉਤੇ ਪਰਨਾ,
ਸ੍ਹੌਰਿਆਂ ਤੇ ਤੁਰਿਆ ਜੁਆਈ ਕਿ ਮੁਲਕ ਵਕੀਲਾਂ ਦੇ । 2 ।
ਅੱਗੇ ਜੋ ਜਾਂਦੇ ਨੂੰ ਸ੍ਹੌਰਾ ਜੋ ਮਿਲ਼ਿਆ,
ਮੱਥਾ ਤਾਂ ਟੇਕਦਾ ਜੁਆਈ ਕਿ ਮੁਲਕ ਵਕੀਲਾਂ ਦੇ । 2 ।
ਘਰ ਜਾ ਕੇ ਸੱਸ ਕੋਲੋਂ ਪੁੱਛਦਾ ਤੇ ਸ੍ਹੌਰੇ ਕੋਲੋਂ ਪੁੱਛਦਾ,
"ਕਦੋਂ ਤੋਰਨੀ ਆ ਜਾਈ" ਕਿ ਮੁਲਕ ਵਕੀਲਾਂ ਦੇ । 2 ।
ਸੱਸ ਵੀ ਨਾ ਬੋਲਦੀ ਤੇ ਸਾਲ਼ਾ ਵੀ ਨਾ ਬੋਲਦਾ,
ਮੰਜੇ ਉੱਤੇ ਬਹਿ ਗਿਆ ਭਾਈ ਕਿ ਮੁਲਕ ਵਕੀਲਾਂ ਦੇ । 2 ।
ਚੱਕਿਆ ਘੜਾ ਤੇ ਗੋਰੀ ਪਾਣੀ ਵਲ ਤੁਰ ਪਈ,
ਮਗਰੇ ਢੋਲ ਸਪਾਈ ਕਿ ਮੁਲਕ ਵਕੀਲਾਂ ਦੇ । 2 ।
ਭਰਕੇ ਘੜਾ ਤੇ ਗੋਰੀ ਖੂਹ ਉੱਤੇ ਰੱਖਿਆ,
"ਘੜਾ ਚਕਾ ਜਾਈਂ ਮੇਰੇ ਭਾਈ, ਤੇ ਮੁਲਕ ਵਕੀਲਾਂ ਦੇ । 2 ।
"ਅੰਮਾਂ ਦੇ ਜਾਏ ਭਾਈ ਹੋਊ ਲਗਦੇ,

ਮੈਂ ਤਾਂ ਤੇਰੇ ਬਾਪ ਦਾ ਜੁਆਈ, ਕਿ ਮੁਲਕ ਵਕੀਲਾਂ ਦੇ । 2 ।
ਭੰਨੀ ਮਰੋੜੀ ਗੋਰੀ ਘੋੜੇ ਉਤੇ ਸਿਟ ਲਈ ।
ਮਗਰੇ ਈ ਸ਼ੂਸ਼ਕ ਲਾਈ ਕਿ ਮੁਲਕ ਵਕੀਲਾ ਦੇ ।
"ਹੌਲ਼ੀ ਘੋੜਾ ਤੋਰ ਵੇ ਜਣਦਿਆਂ ਨੂੰ ਖਾਣਿਆਂ,
ਜਾਨ ਸਾਡੀ ਮੁੱਠ ਵਿਚ ਆਈ" ਕਿ ਮੁਲਕ ਵਕੀਲਾਂ ਦੇ ।
"ਹੌਲ਼ੀ ਕਿਦਾਂ ਤੋਰਾਂ ਨੀ ਜਣਦਿਆਂ ਨੂੰ ਖਾਣੀਏਂ,
ਨੌਕਰਾਂ ਦੀ ਛੁੱਟੀ ਮੁੜਵਾਈ, ਕਿ ਮੁਲਕ ਵਕੀਲਾਂ ਦੇ । 2 ।

## ਮਾਹੀ ਜਾਂਦੇ ਦਾ ਟੁੱਟ ਜਾਏ ਨਾਵਾਂ

ਉਡ ਉਡ ਨੀ ਬਨੇਰੇ ਦੀਏ ਕੋਲੇ, ਮੇਰੇ ਮਾਹੀ ਮਾਂਗਰ ਬੋਲੇ । 2 ।
ਮਾਹੀ ਆਵੇ ਤਾਂ ਦਿਲ ਮੇਰਾ ਡੋਲੇ, ਓ ਸੱਜਣਾਂ ਦੇ ਮਿਲਣੇ ਨੂੰ,
ਸ਼ਰਮਾਂਦੀਆਂ ਬਾਂਕੀਆਂ ਅੱਖੀਆਂ ਹੋ, ਸੱਜਣਾਂ ਦੇ ਮਿਲਣੇ ਨੂੰ ।
ਉਡ ਉਡ ਵੇ ਬਨੇਰੇ ਦਿਆਂ ਕਾਮਾ, ਮਾਹੀ ਜਾਂਦੇ ਦਾ ਟੁੱਟ ਜਾਏ ਨਾਮਾ ।
ਘਰ ਆਵੇ ਤਾਂ ਸ਼ਗਨ ਮਨਾਮਾਂ, ਓ ਸੱਜਣਾਂ ਦੇ ਮਿਲਣੇ ਨੂੰ,
ਸਰਮਾਂਦੀਆਂ ਬਾਂਕੀਆਂ ਅੱਖੀਆਂ ਹੋ, ਸੱਜਣਾਂ ਦੇ ਮਿਲਣੇ ਨੂੰ,
ਉਡ ਉਡ ਨੀ ਬਨੇਰੇ ਦੀਏ ਚਿੜੀਏ, ਮੇਰੇ ਮ੍ਹਾਈਏ ਮਾਗਰ ਖਿੜੀਏ ।
ਮਾਹੀ ਆਵੇ ਤਾਂ ਦੋਨੋਂ ਮਿਲ਼ੀਏ, ਓ ਸੱਜਣਾਂ ਦੇ ਮਿਲਣੇ ਨੂੰ ।
ਸ਼ਰਮਾਂਦੀਆਂ ਬਾਂਕੀਆਂ ਅੱਖੀਆਂ ਹੋ ਸੱਜਣਾਂ ਦੇ ਮਿਲਣੇ ਨੂੰ ।
ਮੇਰੇ ਹੱਥ ਦੀਏ ਨੀ ਛਾਪੇ, ਹੁਣ ਵਿਛੜੇ ਦਰਦੀ ਮਾਪੇ ।
ਜੋ ਵਿਛੜੇ ਸੋ ਵੀ ਨਿਛੜੇ, ਹੋ ਸੱਜਣਾਂ ਦੇ ਮਿਲਣੇ ਨੂੰ;
ਸ਼ਰਮਾਂਦੀਆਂ ਬਾਂਕੀਆਂ ਅੱਖੀਆਂ, ਹੋ ਸੱਜਣਾਂ ਦੇ ਮਿਲਣੇ ਨੂੰ ।

## ਸੱਸੀਏ ਪੁੱਤ ਆਪਣਾ ਸਮਝਾ ਲੈ

"ਸੱਸੀਏ ਪੁੱਤ ਆਪਣਾ ਸਮਝਾ ਲੈ ਚੀਨ ਵਿਚ ਨੌਕਰ ਹੋ ਗਿਆ ਨੀ । 2 ।"
"ਨੋਂਹੇਂ ਤੂੰ ਕਿਉਂ ਬੁੜ ਬੁੜ ਲਾਈ, ਤੇਰਾ ਕੀ ਲ੍ਹਾ ਕੇ ਲੈ ਗਿਆ ਨੀ । 2 ।"
"ਮੇਰਾ ਲੈ ਗਿਆ ਹਾਰ ਸ਼ਿੰਗਾਰ, ਦਿਲਾਂ ਦੀ ਚਾਬੀ ਲੈ ਗਿਆ ਨੀ । 2 ।
ਮੇਰਾ ਕੋਲਾਂ ਵਰਗਾ ਬੋਲ, ਬੋਲ ਮੇਰਾ ਗੁੰਗਾ ਕਰ ਗਿਆ ਨੀ । 2 ।
ਮੇਰੀ ਮੋਰਾਂ ਵਰਗੀ ਚਾਲ, ਚਾਲ ਮੇਰੀ ਟੇਢੀ ਕਰ ਗਿਆ ਨੀ । 2 ।
ਮੇਰਾ ਪਰੀਆਂ ਵਰਗਾ ਰੰਗ, ਰੰਗ ਮੇਰਾ ਸਾਵਾ ਕਰ ਗਿਆ ਨੀ । 2 ।"
"ਨਣਦੇ ਵੀਰ ਆਪਣਾ ਸਮਝਾ ਲੈ, ਚੀਨ ਵਿਚ ਨੌਕਰ ਹੋ ਗਿਆ ਨੀ । 2 ।
"ਭਾਬੋ ਤੈਂ ਕਿਉਂ ਬੁੜ ਬੁੜ ਲਾਈ, ਤੇਰਾ ਕੀ ਲ੍ਹਾ ਕੇ ਲੈ ਗਿਆ ਨੀ । 2 ।
"ਮੇਰਾ ਲੈ ਗਿਆ ਹਾਰ ਸ਼ਿੰਗਾਰ, ਦਿਲਾਂ ਦੀ ਚਾਬੀ ਲੈ ਗਿਆ ਨੀ । 2 ।
ਮੇਰਾ ਕੋਲਾਂ ਵਰਗਾ ਬੋਲ, ਬੋਲ ਮੇਰਾ ਗੁੰਗਾ ਕਰ ਗਿਆ ਨੀ । 2 ।
ਮੇਰੀ ਮੋਰਾਂ ਵਰਗੀ ਚਾਲ, ਚਾਲ ਮੇਰੀ ਟੇਢੀ ਕਰ ਗਿਆ ਨੀ । 2 ।
"ਸੱਸੀਏ ਪੁੱਤ ਆਪਣਾ ਸਮਝਾ ਲੈ, ਚੀਨ ਵਿਚ ਨੌਕਰ ਹੋ ਗਿਆ ਨੀ । 2 ।"

## ਕੁੰਡਾ ਨੀ ਮੇਰਾ ਕਿਨ ਖੜਕਾਇਆ

"ਫਿਰਨੀਆਂ ਬਨੇਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਨੀ ਮੇਰਾ ਕਿਨ ਖੜਕਾਇਆ ਹਈ ਸ਼ਾਵਾ । 2 ।
ਪੁਛਨੀਆਂ ਢੋਲ ਦੀ ਮਾਂ ਤੋਂ, ਢੋਲ ਦੀ ਮਾਂ ਤੋਂ,
ਪੁੱਤਰ ਤੇਰਾ ਅਜੇ ਵੀ ਨਾ ਆਇਆ, ਹਈ ਸ਼ਾਵਾ । 2 ।"
"ਇਕ ਮੇਰਾ ਪੁੱਤਰ ਪਰਦੇਸੀ, ਪੁੱਤ ਪਰਦੇਸੀ,
ਦੂਜਾ ਨੀ ਭੈੜੀ ਨੂੰ ਨੇ ਸਤਾਇਆ, ਹਈ ਸ਼ਾਵਾ । 2 ।"
"ਪੁਛਨੀਆਂ ਢੋਲ ਦੀ ਭਾਬੋ ਕੋਲੋਂ, ਢੋਲ ਦੀ ਭਾਬੋ ਕੋਲੋਂ,
ਦੇਵਰ ਤੇਰਾ ਅਜੇ ਵੀ ਨਾ ਆਇਆ, ਹਈ ਸ਼ਾਵਾ । 2 ।"
"ਇਕ ਮੇਰਾ ਦੇਵਰ ਪਰਦੇਸੀ, ਦੇਵਰ ਪਰਦੇਸੀ ।
ਦੂਜਾ ਨੀ ਮੈਂਨੂੰ ਦਰਾਣੀ ਨੇ ਸਤਾਇਆ, ਹਈ ਸ਼ਾਵਾ । 2 ।
"ਪੁਛਨੀਆਂ ਢੋਲ ਦੀ ਭੈਣ ਤੋਂ, ਢੋਲ ਦੀ ਭੈਣ ਤੋਂ,
ਵੀਰਾ ਨੀ ਤੇਰਾ ਅਜੇ ਵੀ ਨਾ ਆਇਆ,ਹਈ ਸ਼ਾਵਾ । 2 ।"
"ਇਕ ਮੇਰਾ ਵੀਰ ਪਰਦੇਸੀ, ਵੀਰ ਪਰਦੇਸੀ,
ਦੂਜਾ ਨੀ ਚੰਦ ਬਦਲਾਂ 'ਚ ਆਇਆ, ਹਈ ਸ਼ਾਵਾ । 2 ।
ਇਕ ਭੈੜੀ ਰਾਤ ਹਨੇਰੀ, ਰਾਤ ਹਨੇਰੀ ।
ਦੂਜਾ ਨੀ ਚੰਦ ਬਦਲਾਂ 'ਚ ਆਇਆ, ਹਈ ਸ਼ਾਵਾ । 2 ।"
"ਪੁਛਨੀਆਂ ਢੋਲੇ ਦੇ ਦੋਸਤਾਂ ਤੋਂ, ਢੋਲੇ ਦੇ ਦੋਸਤਾਂ ਤੋਂ ।
ਦੋਸਤ ਤੇਰਾ ਅਜੇ ਵੀ ਨਾ ਆਇਆ,ਹਈ ਸ਼ਾਵਾ । 2 ।"
"ਇਕ ਸਾਡਾ ਦੋਸਤ ਪਰਦੇਸੀ, ਦੋਸਤ ਪਰਦੇਸੀ ।
ਦੂਜਾ ਨੀ ਸਾਨੂੰ ਭਾਬੀ ਨੇ ਸਤਾਇਆ, ਹਈ ਸ਼ਾਵਾ । 2 ।"

## ਧੰਨ ਜਿਗਰੇ ਉਨ੍ਹਾਂ ਦੀਆਂ ਨਾਰਾਂ ਦੇ

ਗੱਡੀ ਬਾਰਾਂ ਵਜੇ ਦੀ ਆਈ ਹੋਈ ਆ । 2 ।
ਵਿਚ ਫੌਜੀ ਬੰਦੇ ਬੈਠੇ ਹੋਏ ਨੇ । 2 ।
ਧੰਨ ਜਿਗਰੇ ਉਨ੍ਹਾਂ ਦੀਆਂ ਮਾਮਾਂ ਦੇ । 2 ।
ਜਿਨ੍ਹਾਂ ਪੁੱਤ ਪਰਦੇਸੀਂ ਘੱਲੇ ਹੋਏ ਨੇ । 2 ।
ਧੰਨ ਜਿਗਰੇ ਉਨ੍ਹਾਂ ਦੀਆਂ ਨਾਰਾਂ ਦੇ । 2 ।
ਜਿਨ੍ਹਾਂ ਕੌਂਤ ਪਰਦੇਸੀ ਘੱਲੇ ਹੋਏ ਨੇ । 2 ।
ਧੰਨ ਜਿਗਰੇ ਉਨ੍ਹਾਂ ਦੀਆਂ ਭੈਣਾਂ ਦੇ । 2 ।
ਜਿਨ੍ਹਾਂ ਵੀਰ ਪਰਦੇਸੀ ਘੱਲੇ ਹੋਏ ਨੇ । 2 ।
ਗੱਡੀ ਬਾਰਾਂ ਵਜੇ ਦੀ ਆਈ ਹੋਈ ਆ । 2 ।
ਵਿਚ ਫੌਜੀ ਬੰਦੇ ਬੈਠੇ ਹੋਏ ਨੇ । 2 ।

## ਤੂਤਾਂ ਨੂੰ ਲਗੀਆਂ ਗੋਲ੍ਹਾਂ

ਤੂਤਾਂ ਨੂੰ ਲੱਗੀਆਂ ਗੋ੍ਲਾਂ, ਡੇਕਾਂ ਫੁੱਲ ਜੀ ਰੁਈਆਂ,
ਹਾ ਜੀ ਹਾ ਬੀਬਾ ਡੇਕਾਂ ਫੁੱਲ ਜੀ ਰੁਈਆਂ ਹੇ ਆ ।
ਜ੍ਹਿਨਾਂ ਦੇ ਪੋਤੇ ਪਰਦੇਸ ਦਾਦੀਆਂ ਡੁੱਲ੍ਹ ਜੀ ਰੁਈਆਂ,
ਹਾ ਜੀ ਹਾ, ਦਾਦੀਆਂ ਡੁੱਲ੍ਹ ਜੀ ਰੁਈਆਂ ਹੇ ਆ ।
ਜ੍ਹਿਨਾਂ ਦੇ ਪੁੱਤ ਪਰਦੇਸ, ਮਾਮਾਂ ਡੁੱਲ੍ਹ ਜੀ ਰੁਈਆ ਹੇ ਆ ।
ਹਾ ਜੀ ਹਾ, ਬੀਬਾ ਮਾਮਾਂ ਡੁਲ੍ਹ ਜੀ ਰੁਈਆਂ ਹੇ ਆ ।
ਜ੍ਹਿਨਾਂ ਦੇ ਵੀਰ ਪਰਦੇਸੀ, ਭੈਣਾ ਡੁਲ੍ਹ ਜੀ ਰੁਈਆਂ,
ਹਾ ਜੀ ਹਾ, ਬੀਬਾ ਭੈਣਾਂ ਡੁੱਲ੍ਹ ਜੀ ਰੁਈਆਂ ਹੇ ਆ ।
ਜ੍ਹਿਨਾਂ ਦੇ ਕੌਂਤ ਪਰਦੇਸੀ, ਨਾਰਾਂ ਡੁੱਲ੍ਹ ਜੀ ਰੁਈਆਂ,
ਹਾ ਜੀ ਹਾ ਬੀਬਾ, ਨਾਰਾਂ, ਡੁਲ੍ਹ ਜੀ ਰੁਈਆ ਹੇ ਆ ।

## ਜਿਨ੍ਹਾਂ ਮਾਵਾਂ ਦੇ ਪੁੱਤ ਦੂਰ ਵੇ

ਇਨ੍ਹਾਂ ਟਾਲੀਆਂ ਦੇ ਪੱਤ ਚੀਰਵੇਂ ਵੇ ਵਜੀਰ ਮ੍ਹਾਈਆ । 2 ।
ਜਿਨ੍ਹਾਂ ਮਾਵਾਂ ਦੇ ਪੁੱਤ ਦੂਰ ਵੇ, ਵੇ ਵਜੀਰ ਮ੍ਹਾਈਆ । 2 ।
ਓਹਨਾਂ ਮਾਵਾਂ ਦੇ ਮੰਦੇ ਹਾਲ ਵੇ, ਵੇ ਵਜੀਰ ਮ੍ਹਾਈਆ । 2 ।
ਇਨ੍ਹਾਂ ਟਾਲੀਆਂ ਦੇ ਪੱਤ ਚੀਰਵੇਂ, ਵੇ ਵਜੀਰ ਮ੍ਹਾਈਆ । 2 ।
ਜਿਨ੍ਹਾਂ ਭੈਣਾਂ ਦੇ ਬੀਰੇ ਦੂਰ ਵੇ, ਵੇ ਵਜੀਰ ਮ੍ਹਾਈਆ । 2 ।
ਓਹਨਾਂ ਦੇ ਮੰਦੇ ਹਾਲ ਵੇ, ਵੇ ਵਜੀਰ ਮ੍ਹਾਈਆ । 2 ।
ਇਨ੍ਹਾਂ ਟਾਲੀਆਂ ਦੇ ਪੱਤ ਚੀਰਵੇਂ ਵੇ, ਵੇ ਵਜੀਰ ਮ੍ਹਾਈਆ । 2 ।
ਜਿਨ੍ਹਾਂ ਨਾਰਾਂ ਦੇ ਕੌਂਤ ਦੂਰ ਵੇ, ਵੇ ਵਜੀਰ ਮ੍ਹਾਈਆ । 2 ।
ਓਹਨਾਂ ਨਾਰਾਂ ਦੇ ਖੁਲ੍ਹੇ ਕੇਸ ਵੇ, ਵੇ ਵਜੀਰ ਮ੍ਹਾਈਆ । 2 ।
ਇਨ੍ਹਾਂ ਟਾਲੀਆਂ ਦੇ ਪੱਤ ਚੀਰਵੇਂ, ਵੇ ਵਜੀਰ ਮ੍ਹਾਈਆ । 2 ।

## ਬੀਰਾ ਤਾਂ ਚੱਲਿਆ ਸੀ ਨੌਕਰੀ

ਚੌਂਤੇ ਦੇ ਉਪਰ ਚੌਂਤੜਾ ਉਤੇ ਮ੍ਹਰੂਆ ਲਾਇਆ,
ਹੋ ਜੀ ਹੋ ਵੀਰਾ, ਉਤੇ ਮ੍ਹਰੂਆ ਲਾਇਆ ।
ਮ੍ਹਰੂਏ ਨੇ ਛੋੜੀਆਂ ਲੱਗਰਾਂ, ਹੇਠਾਂ ਚਰਖਾ ਡ੍ਹਾਇਆ,
ਹੋ ਜੀ ਹੋ ਵੀਰਾ, ਹੇਠਾਂ ਚਰਖਾ ਡ੍ਹਾਇਆ ।
ਪੰਜ ਸੱਤ ਕਤੀਆਂ ਸੀ ਪੂਣੀਆਂ, ਇਕ ਮੁੱਢ ਲ੍ਹਾਇਆ,
ਬੀਰਾ ਤਾਂ ਚਲਿਆ ਸੀ ਨੌਕਰੀ, ਭੈਣਾਂ ਰੋਇ ਪਈਓ,
ਪੰਜ ਸੱਤ ਭਿੱਜ ਗਏ ਰੁਮਾਲ ਵੇ ਇਕ ਨ੍ਹੈਰ ਵਗੇ ।
ਹੋ ਜੀ ਹੋ ਵੀਰਾ, ਇਕ ਨ੍ਹੈਰ ਵਗੇ,
"ਕਿਨ ਤਾਂ ਪੱਕੀਆਂ ਸੀ ਰੋਟੀਆਂ, ਕਿਨ ਤਿਆਰ ਕੀਤਾ ।"
ਹੋ ਜੀ ਹੋ ਭੈਣੇ, ਬਾਬਲ ਤਿਆਰ ਕੀਤਾ ।"

ਭੈਣਾਂ ਤਾਂ ਚਲੀਆ ਸੀ ਸੌਰੇ, ਬੀਰਾ ਰੋਏ ਪਿਆ,
ਹੋ ਜੀ ਹੋ ਵੀਰਾ, ਵੀਰਾ ਰੋਏ ਪਿਆ ।
ਪੰਜ ਸੱਤ ਭਿੱਜ ਗਏ ਰੁਮਾਲ ਵੇ, ਇਕ ਨ੍ਹੈਰ ਵਗੇ,
"ਕਿਨੇ ਦਾਜ ਬਣਾ ਲਿਆ, ਕਿਨੇ ਤੋਰ ਦਿੱਤਾ,
ਹੋ ਜੀ ਹੋ ਭੈਣੇ, ਕਿਨੇ ਤੋਰ ਦਿੱਤਾ ।"
"ਬਾਬਲ ਨੇ ਦਾਜ ਬਣਾ ਲਿਆ, ਬੀਰੇ ਤੋਰ ਦਿੱਤਾ,
ਹੋ ਜੀ ਹੋ ਬੀਰਾ, ਬੀਰੇ ਤੋਰ ਦਿੱਤਾ ।"

### ਵੀਰ ਪਰਦੇਸੀ ਗਿਆ ਕਦੋਂ ਆਏ

ਜਿਮੇ ਮਿਸਰੀ ਤੇ ਗਰੀ ਚੁਹਾਰਾ, ਜਿਮੇ ਮਿਸਰੀ,
ਜਿਮੇ ਮਿਸਰੀ ਤੇ ਗਰੀ ਚੁਹਾਰਾ, ਤੇ ਕੁੱਟ ਕੁੱਟ ਰੱਖਾਂ ਚੂਰੀਆਂ,
ਮਾਏ, ਮਾਏ, ਨੀ ਵੀਰ ਪਰਦੇਸ ਗਿਆ ਕਦੋਂ ਆਏ ।
'ਕੱਲੀ ਹੋਵੇ ਨਾ ਬਣਾਂ ਦੇ ਵਿਚ ਲੱਕੜੀ, ਕੱਲੀ ਹੋਵੇ ਨਾ,
'ਕੱਲੀ ਹੋਵੇ ਨਾ ਬਣਾਂ ਵਿਚ ਲੱਕੜੀ ਦੇ ਪੰਛੀ ਬੋਲ ਪਏ ।
ਮਾਏ, ਮਾਏ ਨੀ ਵੀਰ ਪਰਦੇਸ ਗਿਆ ਕਦੋਂ ਆਏ ।
'ਕੱਲੇ ਹੋਣ ਨਾ ਭੈਣਾਂ ਦੇ ਵੀਰੇ, "ਕੱਲੇ ਹੋਣ ਨਾ,
'ਕੱਲੇ ਹੋਣ ਨਾ ਭੈਣਾਂ ਦੇ ਵੀਰੇ, ਤੇ ਉਹ ਵੀ ਪਰਦੇਸ ਗਏ,
ਮਾਏ, ਮਾਏ ਨੀ ਵੀਰ ਪਰਦੇਸ ਗਿਆ ਕਦੋਂ ਆਏ ।

# ਲੋਕ ਨਾਇਕ

### ਪੂਰਨ

"ਨੀ ਮੈਂ ਚਰਖਾ ਡ੍ਹਾਇਆ ਸ੍ਹਾਮਣੇ, ਨੀ ਮੈਂ ਚਰਖਾ ਡ੍ਹਾਇਆ ਸ੍ਹਾਮਣੇ ।
ਵੇ ਤੂੰ ਕੱਤ ਕੱਤ ਪੂਣੀਆਂ ਆ, ਵੇ ਮੇਰਿਆ ਗੋਰਖ ਨਾਥਾ ਪੂਰਨਾ ।"
"ਨੀ ਮੈਂ ਤੇਰੇ ਚਰਖੇ ਨਾ ਆਮਾ, ਨੀ ਮੈਂ ਤੇਰੇ ਚਰਖੇ ਨਾ ਆਮਾ,
ਨੀ ਤੂੰ ਤਾਂ ਲਗਦੀ ਧਰਮ ਦੀ ਮਾਂ, ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"
"ਨੀ ਤੂੰ ਬਾਪ ਮੇਰੇ ਦੀ ਇਸਤਰੀ, ਨੀ ਤੂੰ ਬਾਪ ਮੇਰੇ ਦੀ ਇਸਤਰੀ,
ਨੀ ਤੂੰ ਇਸ ਬਿਧ ਲਗਦੀ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"
"ਵੇ ਤੇਰੀ ਖਾਤਰ ਖੂਹਾ ਲੁਆਨੀਆਂ, ਵੇ ਤੇਰੀ ਖਾਤਰ ਖੂਹਾ ਲੁਆਨੀਆਂ ।
ਤੂੰ ਤਾਂ ਲ੍ਹਾਣ ਦੇ ਪੱਜ ਆ ਵੇ ਮੇਰਿਆ ਗੋਰਖ ਨਾਥਾ ਪੂਰਨਾ ।"
ਨੀ ਮੈਂ ਤੇਰੇ ਖੂਹ ਤੇ ਨਾ ਆਮਾ, ਨੀ ਮੈਂ ਤੇਰੇ ਖੂਹ ਤੇ ਨਾ ਆਮਾ ।
ਤੂੰ ਤਾਂ ਲਗਦੀ ਧਰਮ ਦੀ ਮਾਂ, ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"
"ਵੇ ਮੈਂ ਨਾ ਜੰਮਿਆਂ ਨਾ ਪਾਲ਼ਿਆ, ਵੇ ਮੈਂ ਨਾ ਜੰਮਿਆ ਨਾ ਪਾਲ਼ਿਆ ।
ਵੇ ਮੈਂ ਕਿਸ ਬਿਧ ਲਗਦੀਆਂ ਮਾਂ ਵੇ ਮੇਰਿਆ ਗੋਰਖ ਨਾਥਾ ਪੂਰਨਾ ।"
"ਨੀ ਤੂੰ ਬਾਪ ਮੇਰੇ ਦੇ ਇਸਤਰੀ, ਨੀ ਤੂੰ ਬਾਪ ਮੇਰੇ ਦੀ ਇਸਤਰੀ ।

ਤੂੰ ਇਸ ਬਿਧ ਲਗਦੀ ਏਂ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"
"ਤੇਰੀ ਖਾਤਰ ਮ੍ਹੈਲ ਪੁਆਨੀਆਂ, ਵੇ ਤੇਰੀ ਖਾਤਰ ਮ੍ਹੈਲ ਪੁਆਨੀਆਂ ।
ਤੂੰ ਵਸਣੇ ਦੇ ਪੱਜ ਆ, ਵੇ ਮੇਰਿਆ, ਗੋਰਖ ਨਾਥਾ ਪੂਰਨਾ ।"
"ਨੀ ਮੈਂ ਤੇਰੀਂ ਮ੍ਹੈਲੀਂ ਨਾ ਆਮਾ, ਵੇ ਮੈਂ ਤੇਰੀ ਮ੍ਹੈਲੀਂ ਨਾ ਆਮਾ ।
ਨੀ ਤੂੰ ਤਾਂ ਲਗਦੀ ਧਰਮ ਦੀ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"
"ਵੇ ਮੈਂ ਨਾ ਜੰਮਿਆਂ ਨਾ ਪਾਲ਼ਿਆ, ਵੇ ਮੈਂ ਨਾ ਜੰਮਿਆਂ ਨਾ ਪਾਲ਼ਿਆ ।
ਮੈਂ ਕਿਸ ਬਿਧ ਲਗਦੀ ਮਾਂ ਵੇ ਮੇਰਿਆ ਗੋਰਖ ਨਾਥਾ ਪੂਰਨਾ ।"
"ਨੀ ਤੂੰ ਬਾਪ ਮੇਰੇ ਦੀ ਇਸਤਰੀ, ਨੀ ਤੂੰ ਬਾਪ ਮੇਰੇ ਦੀ ਇਸਤਰੀ ।
ਨੀ ਤੂੰ ਇਸ ਬਿਧ ਲਗਦੀ ਮਾਂ ਨੀ ਮੇਰੀਏ ਸੀਤਲ ਮਾਤਾ ਰਾਣੀਏਂ ।"

## ਕਿੱਸਾ ਸਰਵਣ ਦਾ

ਅੰਧਲੀ ਅੰਧਲੇ ਨੇ ਲਟਕਾ ਜੋ ਜਾਇਆ, ਉਹਦਾ ਜੰਮਦੇ ਦਾ ਨਾਂ ਸਰਬਣ ਪਾਇਆ ।
ਜਦ ਸਰਬਣ ਪੰਜਾਂ ਬਰਸਾਂ ਦਾ ਹੋਇਆ, ਅੰਧੀ ਅੰਧਲੇ ਨੇ ਪੜ੍ਹਨੇ ਜੋ ਪਾਇਆ ।
ਜਦ ਸਰਬਣ ਪੜ੍ਹਿਆ ਗੁਣਿਆ, ਅੰਧਲੀ ਅੰਧਲੇ ਨੇ ਕਾਜ ਰਚਾਇਆ ।
ਜਦ ਸਰਬਣ ਵ੍ਹਿਆਇਆ ਵਰਿਆ, ਅੰਧਲੀ ਅੰਧਲੇ ਨੇ ਸੁਖ ਨਾ ਪਾਇਆ ।
"ਆ ਨਾਰੀ ਇੱਕ ਗੱਲ ਸੁਣਾਵਾ, ਮਾਤਾ ਪਿਤਾ ਦੀ ਕਰ ਲਈਏ ਸੇਵਾ ।"
"ਸਾਤੋਂ ਨਈਂ ਹੁੰਦੀ ਤੇਰੇ ਮਾਪਿਆ ਦੀ ਸੇਵਾ ਸਾਨੂੰ ਮਾਪਿਆਂ ਦੇ ਰਾਹ ਪਾ ਦੇ ।"
"ਬ੍ਹੈਂਗੀ ਘੜਦੇ ਤੂੰ ਮਿੱਤਰ ਤਰਖਾਣਾ, ਮਾਤਾ ਪਿਤਾ ਨੂੰ ਗੰਗਾ ਲਿਜਾਣਾ"
ਇਕ ਰਾਤ ਜੰਗਲ਼ ਵਿਚ ਹੋਈ, ਮਾਤਾ ਅੰਧਲੀ ਤਾਂ ਹੋ ਗਈ ਤ੍ਰਿਆਈ ।
"ਨਾ ਕੋਈ ਖ਼ੂਹਾ ਤੇ ਨਾ ਕੋਈ ਬੌਲ਼ੀ, ਹੇ ਮਾਤਾ ਪਾਣੀ ਕਿੱਥੋਂ ਲਿਆਵਾਂ ।"
"ਤੇਰੇ ਮਾਮੇ ਦਸਰਥ ਤਲਾ ਲਵਾਇਆ, ਹੇ ਸਰਵਣ ਪਾਣੀ ਉਥੋਂ ਲਿਆਵੀਂ ।"
ਜਦ ਸਰਵਣ ਨੇ ਗੜਬਾ ਡੁਬਾਇਆ, ਮਾਮੇ ਦਸਰਥ ਤੀਰ ਚਲਾਇਆ ।
"ਇਹ ਕੀ ਰੱਬਾ ਤੂੰ ਕ੍ਹੈਰ ਕਮਾਇਆ, ਮੇਰਾ ਭਾਣਜਾ ਮੇਰੇ ਹੱਥੋਂ ਗਵਾਇਆ ।"
"ਵਿਚ ਜੰਗਲ਼ ਦੇ ਮਾਤਾ ਪਿਤਾ ਬੈਠੇ, ਹੇ ਮਾਮਾ ਜੀ ਪਾਣੀ ਉਨ੍ਹਾਂ ਪਿਲ਼ਾ ਦਈਂ"
"ਆਹ ਲਉ ਮਾਤਾ ਪਿਤਾ ਜੀ ਪਾਣੀ, ਇਹ ਮੈਂ ਮਾਮੇ ਦੇ ਤਲਾ ਤੋਂ ਲਿਆਂਦਾ
"ਸਰਵਣ ਤੁਰੇ ਤਾਂ ਤੋਰ ਪਛਾਣਾਂ, ਮੇਰੇ ਸਰਵਣ ਦੀ ਤੋਰ ਨਿਰਾਲੀ ।"
"ਇਹ ਕੀ ਪਾਪੀਆ ਤੂੰ ਪਾਪ ਕਮਾਇਆ, ਮੇਰਾ ਸਰਵਣ ਮਾਰ ਗਵਾਇਆ ।"
"ਮੈਂ ਮਰ ਜਾਵਾਂ ਆਪਣੇ ਸਰਵਣ ਦੇ ਹਾਵੇ, ਤੂੰ ਮਰ ਜਾਏਂ ਆਪਣੇ ਚਹੁੰ ਪੁੱਤਾਂ ਦੇ ਹਾਵੇ"

## ਕੁੜੇ ਸ਼ਾਂਤੀ

ਬਾਰਾਂ ਤਾਂ ਬਜੇ ਸ਼ਾਂਤੀ ਆਈ ਮਸ਼ੀਨ ਤੋਂ, ਮੂੰਅ ਪਰ ਪਰਛਾ ਆਈ ।
ਨੀ ਕੁੜੇ ਸ਼ਾਂਤੀ ਮੂੰਅ ਪਰ ਪਰਛਾ ਆਈ ।
"ਜਾ ਨੀ ਧੀਏ ਤੂੰ ਨ੍ਹੈਰ ਤੇ ਨ੍ਹਾ ਆ, ਮੂੰਅ ਦਾ ਪਰਛਾ ਲਾ ਆ ।
ਨੀ ਕੁੜੇ ਸ਼ਾਂਤੀ ਮੂੰਅ ਦਾ ਪਰਛਾ ਲਾ ਆ ।"
ਖੋ੍ਹਲ ਕੇ ਕਪੜੇ ਸ਼ਾਂਤੀ ਨਾਮਣ ਬੈਠ ਗਈ, ਸ੍ਹਾਬ ਦੀ ਕਾਰ ਵੀ ਆ ਗਈ ।

ਨੀ ਕੁੜੇ ਸ਼ਾਂਤੀ, ਸੁਾਬ ਨੇ ਚੱਕ ਕੇ ਪਾਈ ।
ਇਕ ਵੀ ਰੋਵੇ ਸ਼ਾਂਤੀ ਦੋ ਵੀ ਰੋਵੇ, "ਤੂੰ ਕਿਉਂ ਏਡੀ ਘਬਰਾਈ ।,
ਨੀ ਕੁੜੇ ਸ਼ਾਂਤੀ, ਤੂੰ ਕਿਉਂ ਏਡੀ ਘਬਰਾਈ ।"
ਇਕ ਵੀ ਰੋਵੇ ਦੋ ਵੀ ਰੋਵੇ, ਸੁਾਬ ਨੇ ਗਲ਼ ਨਾਲ਼ ਲਾਈ ।
"ਕਿੱਥੇ ਨੀ ਸ਼ਾਂਤੀ ਪੇਕੇ ਨੀ ਤੇਰੇ, ਕਿਥੇ ਨੇ ਤੇਰੇ ਸਾਵਰੇ ।
ਨੀ ਕੁੜੇ ਸ਼ਾਂਤੀ ਕਿੱਥੇ ਐ ਤੇਰੇ ਸੌਂਵਰੇ ।"
"ਅੰਬੀ ਆਂ ਮੇਰੇ ਸੌਂਰੇ, ਮੇਰੇ ਸੁਾਬ ਜੀ ਰਾਣੇ ਆਂ ਮੇਰੇ ਪੇਕੇ ।
ਮੇਰੇ ਸੁਾਬ ਜੀ ਰਾਣੇ ਆਂ ਮੇਰੇ ਪੇਕੜੇ ।"
"ਮੰਜੇ ਤੇ ਰੋਵੇ ਤੇਰਾ ਬਾਪ ਨੀ ਸ਼ਾਂਤੀ, ਚੌਂਕੇ 'ਚ ਰੋਂਦੀ ਤੇਰੀ ਮਾਈ ।
ਨੀ ਕੁੜੇ ਸ਼ਾਂਤੀ, ਚੌਂਕੇ 'ਚ ਰੋਂਦੀ ਤੇਰੀ ਮਾਇ ।"
"ਗੋਰੇ ਗੋਰੇ ਨੈਣ ਤੇਰੇ ਸੁਰਮਿਆਂ ਵਾਲ਼ੇ, ਕੱਜਲ਼ ਤੇ ਮੌਜ ਲਗਾਈ,
ਚਿੱਟੇ ਚਿੱਟੇ ਦੰਦ ਨੇ ਤੇਰੇ ਕਲੀਆਂ ਵਾਲ਼ੇ ਸੁਰਖੀ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਸੁਰਖੀ ਨੇ ਮੌਜ ਲਗਾਈ ।
ਗੋਰੇ ਗੋਰੇ ਹੱਥ ਤੇਰਾ ਪਾਲਸ਼ਾਂ ਵਾਲੇ, ਮ੍ਹੈਂਦੀ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਮ੍ਹੈਂਦੀ ਨੇ ਮੌਜ ਲਗਾਈ ।
ਗੋਰੇ ਗੋਰੇ ਪੈਰ ਤੇਰੇ ਸੈਂਡਲਾਂ ਵਾਲ਼ੇ, ਜੁਰਾਬਾਂ ਵਾਲ਼ੇ, ਜੁਰਾਬਾਂ ਨੇ ਮੌਜ ਲਗਾਈ,
ਨੀ ਕੁੜੇ ਸ਼ਾਂਤੀ, ਜੁਰਾਬਾਂ ਨੇ ਮੌਜ ਲਗਾਈ ।

## ਜ਼ਮਾਨਾ ਬਲ਼ੀਆਂ ਦਾ

### ਜੇਠੀ ਨੂੰਹ ਦੀ ਬਲੀ[1]

ਕੋਈ ਸਾਡੇ ਤਾਂ ਸੌਂਰੇ ਨੇ ਖੂਹਾ ਲੁਆਇਆ, ਖੂਹਾ ਲੁਆਇਆ,
ਕੋਈ ਪਾਣੀ ਦੀ ਬੂੰਦ ਨਾ ਆਈ ਅੜਿਆ ।
ਕੋਈ ਪ੍ਰੜਿਆਂ ਨੂੰ ਪੁੱਛੇ, ਪ੍ਰੜਿਆਂ ਪੰਡਤਾਂ ਨੂੰ ਪੁੱਛਦਾ,
ਪੰਡਤਾਂ ਨੂੰ ਪੁੱਛਦਾ, "ਪਾਣੀ ਦੀ ਬੂੰਦ ਨਾ ਆਈ ਅੜਿਆ ।"
ਕੋਈ ਪ੍ਰੜਿਆ ਨੇ ਦੱਸਿਆ, ਪ੍ਰੜਿਆ ਪੰਡਤਾਂ ਨੇ ਦੱਸਿਆ ।"
"ਜੇਠੇ ਪੁੱਤਰ ਦੀ ਬਲ਼ ਦੇਵੀਂ ਅੜਿਆ ।"
"ਜੇਠਾਂ ਤਾਂ ਪੁੱਤਰ ਮੈਂਨੂੰ ਬਹੁਤ ਪਿਆਰਾ, ਬਹੁਤ ਪਿਆਰਾ,
ਜੇਠੀ ਨੂੰਹ ਦੀ ਬਲ਼ੀ ਦੇਈਂ ਅੜਿਆ ।"
ਸੌਂਰੇ ਜੁ ਸਾਡੇ ਨੇ ਚਿੱਠੀ ਜੁ ਭੇਜੀ, ਚਿੱਠੀ ਜੋ ਭੇਜੀ,
ਛੇਤੀ ਸ਼ਤਾਬੀ ਘਰ ਆ ਜਾ ਨੌਂਹੇਂ ।
"ਕੋਈ ਢਲ਼ ਪਰਛਾਵੇਂ ਚਿੱਠੀ ਜੋ ਪ੍ਰੜਦੀ, ਚਿੱਠੀ ਜੋ ਪੜ੍ਹਦੀ,
ਨੈਣਾਂ ਨੇ ਛਹਿਬਰ ਲਾਈ ਅੜਿਆ ।
ਕੋਈ ਸੱਦੋ ਕਹਾਰਾਂ ਨੂੰ ਬੀੜੋ ਮੇਰਾ ਡੋਲ਼ਾ ਬੀੜੋ ਮੇਰਾ ਡੋਲ਼ਾ,
ਛੇਤੀ ਸ਼ਤਾਬੀ ਘਰ ਜਾਣਾ ਅੜਿਆ ।

ਕੋਈ ਪੰਜ ਰੁਪਈਏ ਆਪਣੇ ਬਾਬਲ ਨੂੰ ਦੇਵਾਂ, ਬਾਬਲ ਨੂੰ ਦੇਵਾਂ,
ਇਹ ਧੀਉ ਦੀ ਨਿਸ਼ਾਨੀ ਅੜਿਆ ।
ਕੋਈ ਸਿਰ ਦਾ ਸਾਲੂ ਆਪਣੀ ਮਾਈ ਨੂੰ ਦੇਵਾਂ, ਮਾਈ ਨੂੰ ਦੇਵਾਂ,
ਇਹੋ ਧੀਉ ਦੀ ਨਿਸ਼ਾਨੀ ਅੜਿਆ ।
ਕੋਈ ਹੱਥ ਦੀ ਮੁੰਦਰੀ ਆਪਣੇ ਵੀਰੇ ਨੂੰ ਦੇਵਾਂ, ਵੀਰੇ ਨੂੰ ਦੇਵਾਂ,
ਇਹੋ ਭੈਣਾਂ ਦੀ ਨਿਸ਼ਾਨੀ ਅੜਿਆ ।
ਕੋਈ ਬਾਹਾਂ ਦਾ ਚੂੜਾ, ਆਪਣੀ ਭਾਬੋ ਨੂੰ ਦੇਵਾਂ, ਭਾਬੋ ਨੂੰ ਦੇਵਾਂ,
ਇਹ ਨਣਦ ਦੀ ਨਿਸ਼ਾਨੀ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ ਬਾਗਾਂ -ਵਿਚ ਆਇਆ ਬਾਗਾ ਵਿਚ ਆਇਆ ।
ਮੇਰਾ ਸ੍ਹੌਰਾ ਤਾਂ ਦੇਖ ਦੇਖ ਰੋਵੇ ਅੜਿਆ ।
"ਕੋਈ ਤੈਂਨੂੰ ਤਾਂ ਸ੍ਹੌਰਿਆ ਨੋਂਹਾਂ ਹੋਰ ਬਥੇਰੀਆਂ, ਹੋਰ ਬਥੇਰੀਆਂ,
ਮੇਰੇ ਬਾਬਲ ਦੀ ਧੀ ਹੈ ਨਾ ਕੋਈ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ ਗਲੀਆਂ ਵਿਚ ਆਇਆ, ਗਲੀਆਂ ਵਿਚ ਆਇਆ,
ਮੇਰੀ ਸੱਸ ਤਾਂ ਦੇਖ ਦੇਖ ਰੋਵੇ ਅੜਿਆ ।
"ਕੋਈ ਤੈਂਨੂੰ ਤਾਂ ਸੱਸੇ ਨੌਂਹਾਂ  ਹੋਰ ਬਥੇਰੀਆਂ, ਹੋਰ ਬਥੇਰੀਆਂ,
ਮੇਰੀ ਮਾਈ ਦੀ ਧੀ ਹੈ ਨਾ ਕੋਈ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ, ਡ੍ਹੋੜੀ ਵਿਚ ਆਇਆ, ਡ੍ਹੋੜੀ ਵਿਚ ਆਇਆ,
ਮੇਰਾ ਦੇਵਰ ਤਾਂ ਦੇਖ ਦੇਖ ਰੋਵੇ ਅੜਿਆ ।
"ਕੋਈ ਤੈਂਨੂੰ ਤਾਂ ਦੇਰਾ ਭਾਬੋ ਹੋਰ ਬਥੇਰੀਆਂ, ਹੋਰ ਬਥੇਰੀਆਂ,
ਮੇਰੇ ਵੀਰੇ ਦੀ ਭੈਣ ਹੈ ਨਾ ਕੋਈ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ, ਵ੍ਹਿੜੇ 'ਚ ਆਇਆ, ਵ੍ਹਿੜੇ ਵਿਚ ਆਇਆ,
ਮੇਰੀ ਨਣਦ ਤਾਂ ਦੇਖ ਦੇਖ ਰੋਵੇ ਅੜਿਆ ।
"ਕੋਈ ਤੈਂਨੂੰ ਤਾਂ ਨਣਦੇ ਭਾਬੋ ਹੋਰ ਬਥੇਰੀਆਂ, ਹੋਰ ਬਥੇਰੀਆਂ,
ਮੇਰੀ ਭਾਬੋ ਦੀ ਨਣਦ ਨਾ ਕੋਈ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ ਖੂਹ ਪਰ ਆਇਆ, ਖੂਹ ਪਰ ਆਇਆ,
ਮੇਰਾ ਕੌਂਤ ਤਾਂ ਦੇਖ ਦੇਖ ਰੋਵੇ ਅੜਿਆ ।
"ਕੋਈ ਤੈਂਨੂੰ ਤਾਂ ਕੌਂਤਾਂ ਨਾਰਾਂ ਹੋਰ ਬਥੇਰੀਆਂ, ਹੋਰ ਬਥੇਰੀਆਂ,
ਮੇਰੇ ਵੀਰੇ ਦੀ ਭੈਣ ਹੈ, ਨਾ ਕੋਈ ਅੜਿਆ ।"
ਕੋਈ ਚੱਕਿਆ ਡੋਲ਼ਾ ਮੇਰਾ ਖੂਹ ਵਿਚ ਤਾਰਿਆ, ਖੂਹ ਵਿਚ ਤਾਰਿਆ,
ਹੁਣ ਪਾਣੀ ਦੀ ਰੇਲ ਛਾਲ ਹੋਈ ਅੜਿਆ ।"

## ਨੂੰਹ ਸੱਸ ਦਾ ਮੁਕਾਬਲਾ

### ਸੱਸੂ ਮੱਝ ਦੀ ਲੱਸੀ ਪਲ਼ਾ

"ਨੀ ਮਾਏ ਰਿੁਨ ਚਲ਼ਾਈ ਦਾ ਸਾਗ, ਨਿੱਕਾ ਤੇ ਨਿੱਕਾ ਚੀਰ ਕੇ ਨੀ ।

ਨਿੱਕਾ ਤੇ ਨਿੱਕਾ ਚੀਰ ਕੇ ਨੀ ।
ਨੀ ਮਾਏ ਸੇਰ ਕ ਮੱਖਣੀ ਪਾ, ਜਦੋਂ ਮੈਂ ਆਉਨੀਆ ਕੱਤ ਕੇ ਨੀ ।
ਜਦੋਂ ਮੈਂ ਆਉਨੀਆ ਕੱਤ ਕੇ ਨੀ ।
ਨੀ ਮਾਏ ਸੇਰ ਕੁ ਮੱਖਣੀ ਪਾ, ਨਹੀਂ ਤਾ ਮੈਂ ਬ੍ਹੈਂਨੀਆਂ ਰੁੱਸ ਕੇ ਨੀ ।
ਨਹੀਂ ਤਾਂ ਮੈਂ ਬ੍ਹੈਨੀਆਂ ਰੁੱਸ ਕੇ ਨੀ ।
"ਧੀਏ ਆਉਣਗੇ ਤੇਰੇ ਭਰਾ, ਰੁੱਸਣਾ ਕਿਥੋਂ ਸਿੱਖਿਆ ਨੀ ।
ਰੁੱਸਣਾ ਕਿਥੋਂ ਸਿਖਿਆ ਨੀ ।
"ਮਾਏ ਸੁਈਆ ਤਾਂ ਬੁਰੀ ਬਲਾ, ਰੁੱਸਣਾ ਉਥੋਂ ਸਿਖਿਆ ਨੀ ।
ਰੁੱਸਣਾ ਉਥੋਂ ਸਿਖਿਆ ਨੀ ।
"ਧੀਏ ਚਰਖਾ ਚੁੱਕ ਲਿਆ, ਮਾਵਾਂ ਤੇ ਧੀਆਂ ਕਤੀਏ ਨੀ ।
ਮਾਵਾ ਤੇ ਧੀਆਂ ਕੱਤੀਏ ਨੀ ।"
"ਮਾਏ ਤੂੰ ਬੁੱਢੀ ਮੈਂ ਮੁਟਿਆਰ, ਤੇਰਾ ਮੇਰਾ ਤਿਵਣਾ ਨਾ ਰਲ਼ੇ ਨੀ ।
ਤੇਰਾ ਮੇਰਾ ਤਿਵਣਾ ਨਾ ਰਲ਼ੇ ਨੀ ।
"ਸੱਸੂ ਮੱਝ ਦੀ ਲੱਸੀ ਪਲ਼ਾ, ਜਦੋਂ ਮੈਂ ਆਉਨੀਆਂ ਪ੍ਹੀ ਕੇ ਨੀ ।
ਜਦੋਂ  ਮੈਂ ਆਉਨੀਆਂ ਪ੍ਹੀ ਕੇ ਨੀ ।"
"ਨੂੰਹੇਂ ਲੱਸੀ ਪਿਲ਼ਾਈ ਨਾ ਜਾ, ਬਾਗੀਂ ਤਾਂ ਲਾਲ ਕਮਾਉਂਦੇ ਐ ਨੀ ।
ਬਾਗੀਂ ਤਾਂ ਲਾਲ ਕਮਾਉਂਦੇ ਐ ਨੀ ।"
"ਨਣਦੇ ਚੱਕ ਲੈ ਲੱਜ ਤੇ ਡੋਲ, ਪਾਣੀ ਨੂੰ  ਚਲੀਏ ਨੀ ।
ਪਾਣੀ ਨੂੰ ਚੱਲੀਏ ਨੀ ।"
"ਨਣਦੇ ਰੱਜ ਕੇ ਪਾਣੀ ਪਲ਼ਾ,  ਖੂਹ ਵਿਚ ਲੱਜ ਬਹਾਕੇ ਨੀ ।
ਖੂਹ ਵਿਚ ਲੱਜ ਬਹਾ ਕੇ ਨੀ ।"
"ਭਾਬੋ ਆਪੇ ਤੂੰ ਖਿੱਚ ਕੇ ਪੀ, ਸਾਤੇ ਪਿਲ਼ਾਇਆ ਨਾ ਜਾ ।
ਸਾਤੇ ਪਿਲ਼ਾਇਆ ਨਾ ਜਾ ।"
"ਨਣਦੇ ਕੱਪੜੇ ਖ੍ਹੋਲ ਕੇ ਬ੍ਹੈ, ਤੈਨੂੰ ਮੈਂ ਦੇਵਾਂ ਨ੍ਹਲ਼ਾ ।
ਤੈਨੂੰ ਮੈਂ ਦੇਵਾਂ ਨ੍ਹਲ਼ਾ ।"
"ਭਾਬੋ ਚਲ ਖਾਂ ਵੀਰੇ ਦੇ ਕੋਲ਼, ਤੇਰੀ ਤਾਂ ਗੁੱਤ ਪਟਾਉਨੀਆਂ ਨੀ ।
ਤੇਰੀ ਤਾਂ ਗੁੱਤ ਪਟਾਉਨੀਆਂ ਨੀ ।"

## ਨਸ਼ੇ ਦੀਏ ਬੰਦ ਬੋਤਲੇ

ਨਸ਼ੇ ਦੀਏ ਬੰਦ ਬੋਤਲੇ, ਹਾਇ ਬੰਦ ਬੋਤਲੇ, ਤੈਂਨੂੰ ਪੀਣਗੇ,
ਹਾਇ ਓਏ ਤੈਂਨੂੰ ਪੀਣਗੇ ਨਸੀਬਾਂ ਵਾਲੇ ।
ਆਪ ਸੱਸੂ ਮੰਜੇ ਲੇਟਦੀ, ਹਾਇ ਮੰਜੇ ਲੇਟਦੀ,
ਸਾਨੂੰ ਮਾਰਦੀ ਹਾਇ ਓਇ ਸਾਨੂੰ ਮਾਰਦੀ ਚੱਕੀ ਵਲ ਸੈਨਤਾਂ ।
"ਅਸਾਂ ਚੱਕੀ ਨਈਂਓਂ ਪੀਸਣੀ ਹਾਇ ਓਇ ਨਈਂਓਂ ਪੀਸਣੀ,
ਚੱਕੀ ਪੀਸਣ, ਹਾਇ ਓਇ, ਚੱਕੀ ਪੀਸਣ ਸ੍ਹੌਰੇ ਦੀਆ ਜਾਈਆ ।"

"ਤੂੰ ਤੇ ਚੱਕੀ ਆਪੇ ਪੀਸਣੀ ਹਾਇ ਓਇ ਆਪੇ ਪੀਸਣੀ,
ਜਦੋਂ ਬਰਸੀ ਹਾਇ ਓਇ ਜਦੋਂ ਬਰਸੀ ਸੱਮਾਂ ਵਾਲੀ ਲਾਠੀ ।
ਅੱਧੀ ਰਾਤੀਂ ਮਾਰ ਪਈ ਹਾਹਿ ਓਇ, ਮਾਰ ਪਈ,
ਭੰਨ ਸਿੱਟੀਆ ਹਾਇ ਓਇ ਭੰਨ ਸਿੱਟੀਆ ਮਲੂਕ ਜਈਆਂ ਹੱਡੀਆਂ ।
ਨਾਲ਼ੇ ਮੇਰਾ ਲੌਂਗ ਭੰਨਿਆਂ ਹਾਇ ਓਇ ਲੌਂਗ ਭੰਨਿਆਂ,
ਨਾਲ਼ੇ ਭੰਨੀਆਂ ਹਾਇ ਓਇ ਨਾਲ਼ੇ ਭੰਨੀਆਂ ਮਲੂਕ ਜਈਆਂ ਹੱਡੀਆਂ ।
ਨਾਲ਼ੇ ਮੁੰਡਾ ਮੋਤੀ ਚੁਗਦਾ, ਹਾਇ ਓਇ ਮੋਤੀ ਚੁਗਦਾ,
ਨਾਲ਼ੇ ਪੁੱਛਦਾ ਹਾਇ ਓਇ, ਨਾਲ਼ੇ ਪੁੱਛਦਾ 'ਕਿੱਥੇ ਕਿੱਥੇ ਲੱਗੀਆਂ ।"
"ਹਾਇ ਨਾ ਤੂੰ ਪੁੱਛ ਵੈਰੀਆ, ਹਾਇ ਓਇ ਪੁੱਛ ਵੈਰੀਆ,
ਦਿਨ ਚ੍ਹੜਦੇ ਨੂੰ, ਹਾਇ ਓਇ ਦਿਨ ਚ੍ਹੜਦੇ ਨੂੰ ਕੈਦ ਕਰਾਂ ਦਊਂ ।
ਅਸਾਂ ਤੈਨੂੰ ਨਈਂਉ ਦੱਸਣਾ, ਹਾਇ ਓਇ ਨਈਂਉ ਦੱਸਣਾ,
ਦਿਨ ਚ੍ਹੜਦੇ ਨੂੰ, ਹਾਇ ਓਇ ਦਿਨ ਚ੍ਹੜਦੇ ਨੂੰ ਕੈਦ ਕਰਾਂ ਦਊਂ ।"
"ਕਿੱਥੇ ਦੇ ਵਰੰਟ ਆਏ ਨੇ, ਹਾਇ ਓਇ ਵਰੰਟ ਆਏ ਨੇ,
ਕਿਥੇ ਦੀ ਹਾਇ ਓਇ ਕਿਥੇ ਦੀ ਕੈਦ ਪਈ ਬੋਲੇ ।"
"ਦਿੱਲੀ ਦੇ ਵਰੰਟ ਆਏ ਨੇ, ਹਾਇ ਓਇ ਵਰੰਟ ਆਏ ਨੇ,
ਜੰਮੂ ਸ਼੍ਹੈਰ ਦੀ ਹਾਇ ਓਇ ਜੰਮੂ ਸ਼੍ਹੈਰ ਦੀ ਕੈਦ ਪਈ ਬੋਲੇ ।"
ਅੱਧੀ ਰਾਤੀਂ ਖਤ ਲਿਖਿਆ ਹਾਇ ਓਇ ਖਤ ਲਿਖਿਆ,
ਵੀਰਾ ਸ਼ਾਮ ਦੀ, ਹਾਇ ਓਇ ਵੀਰਾ ਸ਼ਾਮ ਦੀ ਗੱਡੀ ਚੜ੍ਹ ਆਇਆ ।
ਕੁੜੀਆਂ ਤੋਂ ਵੀਰਾ ਪੁੱਛਦਾ, ਹਾਇ ਓਇ ਵੀਰਾ ਪੁੱਛਦਾ,
"ਮੇਰੀ ਭੈਣ ਦਾ, ਹਾਇ ਓਇ ਮੇਰੀ ਭੈਣ ਦਾ ਚੁਬਾਰਾ ਕ੍ਹਿੜਾ ।"
ਕੁੜੀਆਂ ਨੇ ਸੱਚ ਦੱਸਿਆ, ਹਾਇ ਓਇ ਸੱਚ ਦੱਸਿਆ,
"ਤੇਰੀ ਭੈਣ ਦਾ, ਹਾਇ ਓਇ ਤੇਰੀ ਭੈਣ ਦਾ ਚੁਬਾਰਾ ਸ੍ਹਾਮਣਾ ।"
"ਸੱਸੇ ਤੇਰੀ ਮੱਠ ਮਰ ਜਾਏ, ਹਾਇ ਓਇ ਮੱਝ ਮਰ ਜਾਏ,
ਮੇਰੇ ਵੀਰ ਨੂੰ ਹਾਏ ਓਇ ਮੇਰੇ ਵੀਰ ਨੂੰ ਸੁੱਕੀ ਖੰਡ ਪਾਈ ।"
ਬੂਹੇ ਅੱਗੇ ਨ੍ਹੈਰ ਵਗਦੀ, ਹਾਇ ਓਇ ਨ੍ਹੈਰ ਵਗਦੀ,
ਡੁੱਬ ਮਰ ਵੇ, ਹਾਇ ਓਇ ਡੁੱਬ ਮਰ ਵੇ ਸ੍ਹੌਰੇ ਦਿਆ ਟੱਬਰਾ ।"
"ਮੇਰਾ ਸੁਖ ਮੰਗ ਗੋਰੀਏ, ਹਾਇ ਓਇ ਮੰਗ ਗੋਰੀਏ,
ਦਿਨ ਚੜ੍ਹਦੇ ਨੂੰ, ਹਾਇ ਓਇ ਦਿਨ ਚੜ੍ਹਦੇ ਨੂੰ, ਲੌਂਗ ਕਰਾ ਦਊਂ ।"
"ਬੂਹੇ ਅੱਗੇ ਸੱਪ ਲੇਟਦਾ, ਹਾਇ ਓਇ ਸੱਪ ਲੇਟਦਾ,
ਲੜੇ ਜਾਏ ਨੀ, ਹਾਇ ਓਇ ਲੜ ਨੀ ਜਾਏ ਨਣਾਨੇ ਤੇਰੇ ।"
"ਮੇਰੇ ਕ੍ਹਾਨੂੰ ਲੜੇ ਭਾਬੀਏ, ਹਾਇ ਓਇ ਲੜੇ ਭਾਬੀਏ,
ਮੇਰੇ ਵੀਰ ਦੀ ਹਾਇ ਓਇ ਮੇਰੇ ਵੀਰ ਦੀ ਭੈਣ ਨਾ ਕੋਈ ।
ਤੇਰੇ ਸੱਪ ਲੜੇ ਭਾਬੀਏ ਹਾਇ ਲੜੇ ਭਾਬੀਏ,
ਮੇਰੇ ਵੀਰੇ ਨੂੰ ਹਾਇ ਓਇ, ਮੇਰੇ ਵੀਰੇ ਨੂੰ ਨਾਰਾਂ ਬਥੇਰੀਆਂ ।

## ਨਾਲ਼ੇ ਚੂਰੀ ਬਰਬਾਦ, ਨਾਲ਼ੇ ਚੋਰ ਨੀ ਭੈਣੇਂ

ਮੇਰੀ ਸੱਸ ਗਈ ਬਜਾਰ, ਤਾਲਾ ਲਾ ਗਈ ਬੂਾਰੋ ਬੂਾਰ,
ਸ਼ਾਵਾ ਸ਼ਾਵਾ ਨੀ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਪੁੱਠੀ ਚਾਬੀ ਲਾਈ, ਜਦ ਮੈਂ ਪੁੱਠੀ ਚਾਬੀ ਲਾਈ,
ਤਾਲਾ ਖੁਲ੍ਹ ਗਿਆ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜੱਦ ਮੈਂ ਛਿੱਕੇ ਹੱਥ ਪਾਇਆ, ਜਦ ਮੈਂ ਛਿੱਕੇ ਹੱਥ ਪਾਇਆ,
ਡੱਬਾ ਘਿਓ ਦਾ ਨਿਕਲ਼ ਆਇਆ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਮੈਂ ਮੱਟੀ ਹੱਥ ਪਾਇਆ, ਜੱਦ ਮੈਂ ਮੱਟੀ ਹੱਥ ਪਾਇਆ,
ਮੱਟੀ ਸ਼ੱਕਰ ਦੀ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਭੜੋਲੀ ਹੱਥ ਪਾਇਆ, ਜੱਦ ਮੈਂ ਭੜੋਲੀ ਹੱਥ ਪਾਇਆ,
ਭੜੋਲੀ ਆਟੇ ਦੀ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਚੂਰੀ ਕੁੱਟਣ ਲੱਗੀ, ਜੱਦ ਮੈਂ ਚੂਰੀ ਕੁੱਟਣ ਲੱਗੀ,
ਕੁੱਤਾ ਆਕੜਿਆ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਪ੍ਹੈਲੀ ਬੁਰਕੀ ਪਾਈ, ਜਦ ਮੈਂ ਪ੍ਹੈਲੀ ਬੁਰਕੀ ਪਾਈ,
ਕੁੱਤਾ ਭੌਂਕਿਆ, ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਦੂਜੀ ਬੁਰਕੀ ਪਾਈ, ਜਦ ਮੈਂ ਦੂਜੀ ਬੁਰਕੀ ਪਾਈ,
ਸੱਸੂ ਆ ਗਈ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜੱਦ ਮੈਂ ਕੋਠੇ ਸਿੱਟਣ ਲੱਗੀ, ਜਦ ਮੈਂ ਕੋਠੇ ਸਿੱਟਣ ਲੱਗੀ ।
ਕਾਲ਼ਾ ਸੂੰਕਿਆ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਜਦ ਮੈਂ ਮਿੱਟੀ ਸਿੱਟਣ ਲੱਗੀ, ਜਦ ਮੈਂ ਮਿੱਟੀ ਸਿੱਟਣ ਲੱਗੀ,
ਚੂਹੇ ਆ ਗਏ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਮੇਰੀ ਸੱਸ ਨੇ ਪਾਈ ਦੁਹਾਈ, ਮੇਰੀ ਸੱਸ ਨੇ ਪਾਈ ਦੁਹਾਈ,
ਚੋਰ ਚੋਰ ਨੀ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਮੇਰ ਸੌਰੇ ਫੜ ਲਏ ਡੰਡੇ, ਮੇਰੇ ਸੌਰੇ ਫੜ ਲਏ ਡੰਡੇ,
ਜੇਠੇ ਮੁੰਗਲ਼ੀਆਂ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।
ਮੇਰੇ ਸੌਰੇ ਭੰਨੇ ਗੋਡੇ, ਮੇਰੇ ਸੌਰੇ ਭੰਨੇ ਗੋਡੇ,
ਜੇਠੇ ਉਂਗਲੀਆਂ ਭੈਣੋਂ, ਸ਼ਾਵਾ ਸ਼ਾਵ ਨੀ ਭੈਣੋਂ । 2 ।
ਨਾਲ਼ੇ ਚੂਰੀ ਬਰਬਾਦ, ਨਾਲ਼ੇ ਚੂਰੀ ਬਰਬਾਦ,
ਨਾਲ਼ੇ ਚੋਰ ਨੀ ਭੈਣੋਂ, ਸ਼ਾਵਾ ਸ਼ਾਵਾ ਨੀ ਭੈਣੋਂ । 2 ।

## ਮੈਂ ਤੇ ਸੱਸ ਅਸੀਂ ਕਦੇ ਨਾ ਲੜੀਆਂ

ਵੇ ਲਿਆ ਦੇ ਚੰਬਾ, ਲਾਮਾਂ ਘੜੇ ਦੇ ਕੋਲ਼ । 2 ।
ਮੈਂ ਤਾਂ ਦਰਾਣੀ ਅਸੀਂ ਕਦੇ ਨਾ ਲੜੀਆਂ । 2 ।
ਦਿਉਰ ਨੇ ਮਾਰੇ ਮੰਦੇ ਬੋਲ, ਵੇ ਲਿਆ ਦੇ ਚੰਬਾ, ਲਾਮਾਂ ਘੜੇ ਦੇ ਕੋਲ਼ । 2 ।
ਮੈਂ ਤੇ ਸੱਸ ਅਸੀਂ ਕਦੇ ਨਾ ਲੜੀਆਂ, ਮੈਂ ਤੇ ਸੱਸ ਅਸੀਂ ਕਦੇ ਨਾ ਲੜੀਆਂ । 2 ।

ਸੌਂਰੇ ਨੇ ਮਾਰੇ ਮੰਦੇ ਬੋਲ਼, ਵੇ ਲਿਆਦੇ ਚੰਬਾ ਲਾਮਾਂ ਘੜੇ ਦੇ ਕੋਲ਼ । 2 ।
ਮੈਂ ਤੇ ਨਣਾਨ ਅਸੀਂ ਕਦੇ ਨਾ ਲੜੀਆਂ, ਮੈਂ ਤੇ ਨਣਾਨ ਅਸੀਂ ਕਦੇ ਨਾ ਲੜੀਆਂ ।
ਨਣਦੇਈਏ ਨੇ ਮਾਰੇ ਮੰਦੇ ਬੋਲ ਵੇ, ਲਿਆ ਦੇ ਚੰਬਾ ਲਾਮਾਂ ਘੜੇ ਦੇ ਕੋਲ਼ । 2 ।
ਮੈਂ ਤੇ ਜਠਾਣੀ ਅਸੀਂ ਕਦੇ ਨਾ ਲੜੀਆਂ, ਮੈਂ ਤੇ ਜਠਾਣੀ ਕਦੇ ਨਾ ਲੜੀਆਂ । 2 ।
ਜੇਠ ਨੇ ਮਾਰੇ ਮੰਦੇ ਬੋਲ ਵੇ, ਲਿਆ ਦੇ ਚੰਬਾ ਲਾਮਾਂ ਘੜੇ ਦੇ ਕੋਲ਼ । 2 ।
ਮੈਂ ਤੇ ਗੁਆਂਢਣ ਅਸੀਂ ਕਦੇ ਨਾ ਲੜੀਆਂ, ਮੈਂ ਤੇ ਗੁਆਂਢਣ ਕਦੇ ਨਾ ਲੜੀਆਂ ।
ਗੁਆਂਢੀ ਨੇ ਮਾਰੇ ਮੰਦੇ ਬੋਲ ਵੇ, ਵੇ ਲਿਆ ਦੇ ਚੰਬਾ, ਲਾਮਾਂ ਘੜੇ ਦੇ ਕੋਲ਼ । 2 ।

## ਸੱਸੂ ਨਹੀਉਂ ਵਸਣਾ

ਸੱਸੂ ਨਈਂਉਂ ਵਸਣਾ ਨੀ ਜੁਦੇ ਕਰ ਦੇ । 2 ।
ਆ ਜਾ ਸੱਸੂ ਨੀ ਆਪਾਂ ਦੋਨੋਂ ਦਾਜ ਵੰਡੀਏ । 2 ।
ਸਾਡੇ ਮਾਪਿਆਂ ਦਾ ਦਾਜ ਸਾਡੇ ਵਲ ਕਰ ਦੇ । 2 ।
ਆ ਜਾ ਸੱਸੂ ਨੀ ਆਪਾਂ ਦੋਨੋਂ ਗ੍ਹੈਣੇ ਵੰਡੀਏ । 2 ।
ਸਾਡੇ ਮਾਪਿਆਂ ਦੇ ਗ੍ਹੈਣੇ ਸਾਡੇ ਵਲ ਕਰ ਦੇ । 2 ।
ਆ ਜਾ ਸੱਸੂ ਨੀ ਆਪਾਂ ਦੋਨੋਂ ਭਾਂਡੇ ਵੰਡੀਏ । 2 ।
ਸਾਡੇ ਪੇਕਿਆਂ ਦੇ ਭਾਂਡੇ ਸਾਡੇ ਵਲ ਕਰ ਦੇ । 2 ।
ਆ ਜਾ ਸੱਸੂ ਨੀ ਆਪਾ ਦੋਨੋਂ ਪਸ਼ੂ ਵੰਡੀਏ । 2 ।
ਸਾਡੇ ਪੇਕਿਆਂ ਦੀ ਮੱਝ ਸਾਡੇ ਵਲ ਕਰ ਦੇ । 2 ।
ਆ ਜਾ ਸੱਸੂ ਨੀ ਆਪਾ ਦੋਨੋਂ ਟੱਬਰ ਵੰਡੀਏ । 2 ।
ਸਾਡੇ ਬਾਪ ਦਾ ਜੁਆਈ ਸਾਡੇ ਵਲ ਕਰਦੇ । 2 ।
ਸੱਸੂ ਨਈਉਂ ਵਸਣਾ ਨੀ ਜੁਦੇ ਕਰ ਦੇ । 2 ।

## ਅੱਜ ਮੇਰੀ ਸੱਸ ਵਿਕਦੀ

ਅੱਜ ਮੇਰੀ ਸੱਸ ਵਿਕਦੀ ਕੋਈ ਰੁਪਈਏ ਦੀ ਲੈ ਲੌ । 2 ।
ਰੁਪਈਏ ਦੀ ਲੈ ਲੌ ਅਠੱਨੀ ਦੀ ਲੈ ਲੌ । 2 ।
ਅੱਜ ਮੇਰੀ ਸੱਸ ਵਿਕਦੀ ਕੋਈ ਅਠੱਨੀ ਦੀ ਲੈ ਲੌ । 2 ।
ਅਠੱਨੀ ਦੀ ਲੈ ਲੌ, ਚਵੱਨੀ ਦੀ ਲੈ ਲੌ । 2 ।
ਅੱਜ ਮੇਰੀ ਸੱਸ ਵਿਕਦੀ ਕੋਈ ਚਵੱਨੀ ਦੀ ਲੈ ਲੌ । 2 ।
ਚਵੱਨੀ ਦੀ ਲੈ ਲੌ, ਦਵੱਨੀ ਦੀ ਲੈ ਲੌ । 2 ।
ਅੱਜ ਮੇਰੀ ਸੱਸ ਵਿਕਦੀ, ਕੋਈ ਇਕੱਨੀ ਦੀ ਲੈ ਲੌ । 2 ।
ਇਕੱਨੀ ਦੀ ਲੈ ਲੌ ਜਾਂ ਐਵੇਂ ਹੀ ਲੈ ਲੌ । 2 ।
ਅੱਜ ਮੇਰੀ ਸੱਸ ਵਿਕਦੀ ਕੋਈ ਚੱਕ ਕੇ ਈ ਲੇ ਜਾਊ । 2 ।
ਅੱਜ ਮੇਰੀ ਸੱਸ ਵਿਕਦੀ ਕੋਈ ਰੁਪਈਏ ਦੀ ਲੈ ਲੌ । 2 ।

### ਮਾਰਾਂਗਾ ਥਮੀਆਂ ਦੇ ਵਿਚ

"ਸੱਸੂ ਇਕ ਤਾਂ ਦੇ ਦੇ ਮੈਂਨੂੰ ਲੱਜ, ਦੂਜਾ ਦੇ ਦੇ ਡੋਲਣਾ ।
ਅੜੀਏ ਅੱਜ ਤਾਂ ਕਰ ਰਹੀ ਚੁੱਪ ਕ੍ਹਾਨੂੰ ਨੀ ਅਸੀਂ ਬੋਲਣਾ ।"
"ਅੜਿਏ ਨਾ ਬੋਲੀਂ ਮੇਰੀਏ ਨੋਂਹੇਂ, ਤੈਂਨੂੰ ਘਰੋਂ ਨੀ ਕਢਾਂਵਦੀ
ਅੜੀਏ ਬ੍ਹਾਰੋਂ ਤਾਂ ਆਊ ਮੇਰਾ ਪੁੱਤ, ਪਟਾਵਾਂ ਤੇਰੀ ਗੁੱਤ,
ਘਰੋਂ ਨੀ ਕਢਾਂਵਦੀ ।"
"ਅੜੀਏ ਕਿਥੋਂ ਲਿਆਵੇਂਗੀ ਨੌਂਹ ਕ ਸਾਡੇ ਨਾਲੋਂ ਸੋਹਣੀਆਂ ।"
"ਅੰਦਰੋਂ ਕਢਾਂਗੀ ਦੰਮ, ਦੰਮਾਂ ਦੀਆਂ ਬੋਰੀਆਂ ।
ਅੜੀਏ ਨਾਲੇ ਵ੍ਹਿਆਵਾਂਗੀ ਪੁੱਤ, ਕ ਤੇਰੇ ਨਾਲੋਂ ਸੋਹਣੀਆਂ ।"
ਬ੍ਹਾਰੋਂ ਤਾਂ ਆਇਆ ਮੇਰਾ ਪੁੱਤੀ, ਤੇ ਕੱਢਦਾ ਸੀ ਘੂਰੀਆਂ ।
"ਨੀ ਅੜੀਏ ਨਾ ਡਰ ਮੇਰੀਏ, ਨਾਰੇ, ਤੈਂਨੂੰ ਨਈਂ ਮਾਰਦਾ ।
ਅੜੀਏ ਮਾਰਾਂਗਾ ਥੰਮੀਆਂ ਦੇ ਵਿਚ ਤੇ ਮਾਂ ਦਾ ਦਿਲ ਪਰਚਾਂਵਦਾ ।"

# ਦੇਰ ਭਾਵੇਂ ਮੱਝ ਚੁੰਘ ਜਾਏ

### ਨਾਗਰ ਵੇਲ ਫੱਲੀ ਵਿਚ ਵਿਹੜੇ

"ਨਾਗਰ[1] ਵੇਲ ਫੁੱਲੀ ਵਿਚ ਵ੍ਹਿੜੇ ਨਾਗਰ ਵੇਲ ਫੁੱਲੀ -ਵਿਚ ਵ੍ਹੇੜੇ ।
ਵੇ ਦੇਰਾ ਉਹਦਾ ਫੁੱਲ ਲਿਆ ਦੇ, ਵੇ ਅੜਿਆ ਉਹਦਾ ਫੁੱਲ ਲਿਆ ਦੇ ।
ਕ ਸੁੱਖਾਂ ਸ਼ਾਮਲਿਆ ।"
"ਨਾਗਰ ਵੇਲ ਫੁੱਲੀ ਵਿਚ ਵ੍ਹੇੜੇ, ਨਾਗਰ ਵੇਲ ਫੁੱਲੀ ਵ੍ਹੇੜੇ,
ਨੀ ਭਾਬੋ ਤੋੜ ਗਈਉ ਸੂਇਆ ਵਾਲੀ, ਨੀ ਭਾਬੋ ਤੋੜ ਗਈਉ ਸੂਇਆਂ ਵਾਲੀ,
ਕ ਸਾਡੇ ਹਾਣ ਦੀਏ ।"
"ਲੱਪ ਸੁਰਮਾ ਡੁਲ੍ਹਾ -ਵਿਚ ਵ੍ਹੇੜੇ, ਲੱਪ ਸੁਰਮਾ ਡੁਲ੍ਹਾ ਵਿਚ ਵ੍ਹੇੜੇ ।
ਵੇ ਦੇਰਾ ਓਹੋ ਹੂੰਝ ਲਿਆ ਦੇ, ਵੇ ਅੜਿਆ ਓਹੋ ਹੂੰਝ ਲਿਆ ਦੇ,
ਕ ਸਾਡੇ ਹਾਣ ਦਿਆ ।"
"ਲੱਪ ਸੁਰਮਾ ਡੁਲ੍ਹਾ -ਵਿਚ ਵਿਹੜੇ, ਲੱਖ ਸੁਰਮਾ ਡੁਲ੍ਹਾ ਵਿਚ ਵਿਹੜੇ,
ਨੀ ਭਾਬੋ ਹੰਝੂ ਗਈਓ ਸੂਹਿਆਂ ਵਾਲੀ, ਨੀ ਅੜੀਏ ਹੂੰਝ ਗਈਓ ਸੂਹਿਆਂ ਵਾਲੀ,
ਕ ਸਾਡੇ ਹਾਣ ਦੀਏ ।"
"ਚਿੱਟੜੇ ਚਾਵਲ ਦੁੱਧ ਮਲ਼ਾਈਆਂ, ਚਿੱਟੜੇ ਚਾਵਲ ਦੁੱਧ ਮਲ਼ਾਈਆਂ,
ਵੇ ਦੇਰਾ ਆ ਜਾ ਰਸੋਈ ਘਰ ਮੇਰੇ, ਵੇ ਅੜਿਆ, ਆ ਜਾ ਰਸੋਈ ਘਰ ਮੇਰੇ,
ਕ ਸਾਡੇ ਹਾਣ ਦਿਆ ।"
"ਅੱਜ ਰਸੋਈ ਮੈਂਨੂੰ ਰਾਜੇ ਦੇ ਵ੍ਹੇੜੇ, ਅੱਜ ਰਸੋਈ ਮੈਂਨੂੰ ਰਾਜੇ ਦੇ ਵ੍ਹੇੜੇ,
ਨੀ ਭਾਬੋ ਭਲ਼ਕੇ ਖਾਵਾਂ ਘਰ ਤੇਰੇ, ਨੀ ਅੜੀਏ ਭਲ਼ਕੇ ਖਾਵਾ ਘਰ ਤੇਰੇ,
ਕ ਸਾਡੇ ਹਾਣ ਦੀਏ ।"
"ਰੱਤੜਾ ਪਲ਼ੰਘ ਚਿੱਟੜਾ ਵਛੌਣਾ, ਰਤੜਾ, ਪਲ਼ੰਘ ਚਿੱਟੜਾ ਵਛੌਣਾ,

ਵੇ ਦੇਰਾ ਅੱਜ ਸੌਂਵੀਂ ਘਰ ਮੇਰੇ, ਵੇ ਅੜਿਆ ਅੱਜ ਸੌਂਵੀਂ ਘਰ ਮੇਰੇ :
ਕ ਸਾਡੇ ਹਾਣ ਦਿਆ ।"
"ਅੱਜ ਤਾਂ ਸੌਣਾ ਮੈਂ ਰਾਜੇ ਦੇ ਡੇਰੇ, ਅੱਜ ਤਾਂ ਸੌਣਾ ਮੈਂ ਰਾਜੇ ਦੇ ਡੇਰੇ;
ਨੀ ਭਾਬੋ ਭਲ਼ਕੇ ਸੌਂਵਾਂ ਘਰ ਤੇਰੇ, ਨੀ ਅੜੀਏ ਭਲ਼ਕੇ ਸੌਂਵਾਂ ਘਰ ਤੇਰੇ;
ਕ ਸਾਡੇ ਹਾਣ ਦੀਏ ।"
"ਟੁੱਟੜੀ ਮੰਜੜੀ ਬਾਣ ਪੁਰਾਣਾ, ਟੁੱਟੜੀ ਮੰਜੜੀ ਬਾਣ ਪੁਰਾਣਾ;
ਵੇ ਦੇਰਾ ਸਿੱਟ ਛੱਡਾਂ ਪਛਵਾੜੇ, ਵੇ ਅੜਿਆ ਸਿੱਟ ਛੱਡਾਂ ਪਛਵਾੜੇ;
ਕ ਸਾਡੇ ਹਾਣ ਦਿਆ ।"
"ਅੱਧੀ ਰਾਤੀਂ ਕੋਈ ਪਿਛਲੇ ਪ੍ਹੈਰੇ, ਅੱਧੀ ਰਾਤੀਂ ਕੋਈ ਪਿਛਲੇ ਪ੍ਹੈਰੇ,
ਵੇ ਦੇਰਾ ਕੁੰਡੜਾ ਕਿਨ ਖੜਕਾਇਆ, ਵੇ ਅੜਿਆ ਕੁੰਡੜਾ ਕਿਨ ਖੜਕਾਇਆ ।
ਕ ਸਾਡੇ ਹਾਣ ਦਿਆ ।"
"ਅੱਧੀ ਅੱਧੀ ਰਾਤੀਂ ਕੋਈ ਪਿਛਲੇ ਪ੍ਹੈਰੇ, ਅੱਧੀ ਰਾਤੀਂ ਕੋਈ ਪਿਛਲੇ ਪ੍ਹੈਰੇ,
ਭਾਬੋ ਕੁੰਡੜਾ ਮੈਂ ਖੜਕਾਇਆ, ਨੀ ਅੜੀਏ ਕੁੰਡੜਾ ਮੈਂ ਖੜਕਾਇਆ;
ਕ ਸਾਡੇ ਹਾਣ ਦੀਏ ।"
"ਪੈਰ ਮੇਰੇ ਬਨਾਰਸੀ ਸੀ ਜੋੜਾ, ਪੈਰ ਮੇਰੇ ਬਨਾਰਸੀ ਸੀ ਜੋੜਾ;
ਵੇ ਦੇਰਾ ਲਾਏ ਮਾਰਾਂ ਸਿਰ ਤੇਰੇ, ਵੇ ਅੜਿਆ ਲਾਏ ਮਾਰਾਂ ਸਿਰ ਤੇਰੇ ;
ਕਿ ਸਾਡੇ ਹਾਣ ਦਿਆ ।"
"ਹੱਥ ਮੇਰੇ ਰੰਗੀਲ ਸੀ ਸੋਟੀ, ਹੱਥ ਮੇਰਾ ਰੰਗੀਲ ਸੀ ਸੋਟੀ;
ਭਾਬੋ ਲਾਏ ਸੁੱਟਾਂ ਪਾਸੇ ਤੇਰੇ, ਨੀ ਅੜੀਏ ਲਾਏ ਸੁੱਟਾਂ ਪਾਸੇ ਤੇਰੇ;
ਕ ਸਾਡੇ ਹਾਣ ਦੀਏ ।"
"ਹੱਥ ਮੇਰੇ ਕੋਈ ਸੋਨੇ ਦੀਆਂ ਛਾਪਾਂ, ਹੱਥ ਮੇਰੇ ਕੋਈ ਸੋਨੇ ਦੀਆਂ ਛਾਪਾਂ;
ਵੇ ਦੇਰਾ ਲਾਏ ਮਾਰਾਂ ਅੱਗੇ ਤੇਰੇ, ਵੇ ਅੜਿਆ ਲਾਏ ਮਾਰਾਂ ਅੱਗੇ ਤੇਰੇ;
ਕ ਸਾਡੇ ਹਾਣ ਦਿਆ ।"

## ਨੀ ਆਹ ਲੈ ਭਾਬੜੀਏ

"ਨੀ ਆਹ ਲੈ ਭਾਬੜੀਏ, ਧੇਲੇ ਦੀ ਮਠਿਆਈ । 2 ।
ਨੀ ਦੋਨੋਂ ਖਾ ਲਈਏ, ਦੇਵਰ ਤੇ ਭਰਜਾਈ । 2 ।
"ਪ੍ਹਰਾਂ ਹੋ ਦੇਰਾ ਵੇ, ਜੀਵੇ ਮੇਰਾ ਮਾਹੀ । 2 ।
"ਨੀ ਆਹ ਲੈ ਭਾਬੜੀਏ, ਕਾਰ ਮੋਟਰ ਆਈ । 2 ।
ਨੀ ਦੋਨੋਂ ਚਲ ਚਲੀਏ, ਦੇਵਰ ਤੇ ਭਰਜਾਈ । 2 ।
"ਪ੍ਹਰਾਂ ਹੋ ਦੇਰਾ ਵੇ, ਜੀਵੇ ਮੇਰਾ ਮਾਹੀ । 2 ।
ਨੀ ਆਹ ਲੈ ਭਾਬੜੀਏ, ਰੜੇ ਖੂਹੀ ਲਵਾਈ । 2 ।
ਨੀ ਦੋਨੋਂ ਲਾ ਲਈਏ, ਦੇਵਰ ਤੇ ਭਰਜਾਈ । 2 ।
"ਪ੍ਹਰਾਂ ਹੋ ਦੇਰਾ ਵੇ, ਜੀਵੇ ਮੇਰਾ ਮਾਹੀ । 2 ।
"ਨੀ ਆਹ ਲੈ ਭਾਬੜੀਏ, ਧੇਲੇ ਦੀ ਮਠਿਆਈ । 2 ।

## ਮੈਂ ਮਿੱਟੀ ਖਾਣੀ ਆਂ

ਵੇ ਸਟਾ ਦੇ ਬੋਰਾ ਮਿੱਟੀ ਦਾ, ਮੈਂ ਮਿੱਟੀ ਖਾਣੀ ਆਂ । 2 ।
ਦੇਰ ਨੂੰ ਆਖਿਆ ਮਿੱਟੀ ਲਿਆ ਦੇ, ਪਤਾਸੇ ਲੈ ਕੇ ਆ ਗਿਆ ।
ਸਾਰਾ ਟੱਬਰ ਸੌਂ ਗਿਆ ਨੀ ਮੇਰਾ ਦੇਵਰ ਕਰੇ ਤਮਾਸ਼ੇ ।
ਸ਼ਾਵਾ ਨੀ ਸ਼ਤਾਨੀ ਦੇਵਰ, ਸ਼ਾਵਾ ਨੀ ਮੇਰੀ ਅੱਖ ਦਾ ਕੱਜਲ਼ ।
ਸ਼ਾਵਾ ਨੀ ਮੈਂਨੂੰ ਕਰਦਾ ਖਜਲ਼ ।
ਖੂਹੀ ਤੋਂ ਪਾਣੀ ਕਿਨ ਭਰਿਆ, ਨਾ ਮੈਂ ਭਰਿਆ, ਨਾ ਤੈਂ ਭਰਿਆ ।
ਨੀ ਮੇਰਾ ਨਿਕੜਾ ਦੇਵਰ ਨਿਕਲ਼ ਆਇਆ, ਨੀ ਮੈਂਨੂੰ ਆਪਣੇ ਮਾਹੀ ਦਾ ਫਿਕਰ ਪਿਆ ।
ਨੀ ਮੈਂ ਮਿੱਟੀ ਖਾਣੀ ਆਂ, ਸਟਾ ਦੇ ਬੋਰਾ ਮਿੱਟੀ ਦਾ ।
ਦੇਰ ਨੂੰ ਆਖਿਆ ਮਿੱਟੀ ਲਿਆ ਦੇ, ਮਖਾਣੇ ਲੈ ਕੇ ਆ ਗਿਆ ।
ਸਾਰਾ ਟੱਬਰ ਸੌਂ ਗਿਆ ਨੀ, ਮੇਰੇ ਦੇਰ ਖੜਾ ਸਰ੍ਹਾਣੇ ।
ਸ਼ਾਵਾ ਨੀ ਸ਼ਤਾਨੀ ਦੇਵਰ ਸ਼ਾਵਾ ਨੀ ... ........... ।
ਦੇਰ ਨੂੰ ਆਖਿਆ ਮਿੱਟੀ ਲਿਆ ਦੇ, ਛੁਆਰੇ ਲੈ ਕੇ ਆ ਗਿਆ ।
ਸਾਰਾ ਟੱਬਰ ਸੌਂ ਗਿਆ, ਨੀ ਮੇਰਾ ਦੇਵਰ ਕਰੇ ਇਸ਼ਾਰੇ ।
ਸ਼ਾਵਾ ਨੀ ਸ਼ਤਾਨੀ ਦੇਵਰ ਸ਼ਾਵਾ ਨੀ ................... ।

## ਦੰਮ ਸਾਡੇ ਸਾਂਝੇ ਨੀ ਭਾਬੋ

"ਵ੍ਹਿੜੇ ਮੇਰੇ ਨੀ ਭਾਬੋ, ਨੀ ਕਲੀਆਂ ਬੂਟਾ ।
ਨੀ ਸੁਣ ਅੜੀਏ ਨੀ ਕਲੀਆਂ ਬੂਟਾ ਨੀ ਭਾਬੋ ।
ਕਲੀਆਂ ਤੋੜ ਕੇ ਭਾਬੋ ਹਾਰ ਪਰੋ ਲੈ ।
ਸੁਣ ਅੜੀਏ ਹਾਰ ਪਰੋ ਲੈ ਨੀ ਭਾਬੋ ।
ਹਾਰ ਪਰੋ ਨੀ ਭਾਬੋ, ਗਲਾਂ ਵਿਚ ਪਾ ਲੈ;
ਸੁਣ ਅੜੀਏ, ਗਲਾਂ ਵਿਚ ਪਾ ਲੈ ਨੀ ਭਾਬੋ ।
ਰਾਤਾਂ ਚਾਨਣੀਆਂ ਭਾਬੋ ਮੇਰੀ ਗੱਲ ਸੁਣ ਜਾ;
ਸੁਣ ਅੜੀਏ ਮੇਰੀ ਗੱਲ ਸੁਣ ਜਾ ਨੀ ਭਾਬੋ"
"ਤੇਰੀ ਗੱਲ ਨਾ ਸੁਣਾਂ ਦੇਰਾ, ਬੜਾ ਭਾਈ ਮਾਰੇ;
ਸੁਣ ਅੜਿਆ ਬੜਾ ਭਾਈ ਮਾਰੇ ਵੇ ਦੇਰਾ ।"
"ਬੜਾ ਭਾਈ ਨਾ ਮਾਰੇ ਭਾਬੋ, ਦਮ ਸਾਡੇ ਸਾਂਝੇ;
ਨੀ ਸੁਣ ਅੜੀਏ ਨੀ ਦੰਮ ਸਾਡੇ ਸਾਂਝੇ ਨੀ ਭਾਬੋ ।"

## ਭਰੀਆਂ ਸਰਾਹੀਆਂ ਸਿੰਘਾ

"ਭਰੀਆਂ ਸਰਾਹੀਆਂ ਸਿੰਘਾ ਲੱਕ ਨਾਲ ਲਾਈਆਂ, ਲੱਕ ਨਾਲ ਲਾਈਆ,
ਤੁਸੀਂ ਪੀਵੋ ਅਸੀਂ ਹੋਰ ਭਰਾਂਗੇ ।"
"ਭਰੀਆਂ ਸਰਾਹੀਆਂ ਗੋਰੀਏ ਭਰੀਆਂ ਰਹਿਣ ਦੇ, ਭਰੀਆਂ ਰਹਿਣ ਦੇ,
ਭਾਬੋ ਦੇ ਬ੍ਹਿੜੇ ਅਸੀਂ ਚਲ ਨੀ ਪੀਮਾਂਗੇ ।"

"ਭਾਬੋ ਤਾਂ ਤੇਰੀ ਸਿੰਘਾ ਕੁਲ ਵੇ ਬਿਆਈ, ਛੋਟੀ ਭਰਜਾਈ,
ਆਪ ਮੁੋਰੇ, ਉਹਨੂੰ ਮਗਰ ਕਰਾਂਗੇ ।
ਤੱਤੜਾ ਪਾਣੀ ਵੇ ਸਿੰਘ ਠੰਡੜਾ ਵੇ ਹੋਇਆ, ਠੰਡੜਾ ਵੇ ਹੋਇਆ,
ਤੁਸੀਂ ਨ੍ਹਾਉ ਅਸੀਂ ਹੋਰ ਕਰਾਂਗੇ ।"
"ਤੱਤੜਾ ਪਾਣੀ ਗੋਰੀਏ ਠੰਡੜਾ ਰਹਿਣ ਦੇ, ਠੰਡੜਾ ਰਹਿਣ ਦੇ ।
ਭਾਬੋ ਦੇ ਬ੍ਰਿੜੇ ਅਸੀਂ ਚਲ ਨੀ ਨ੍ਹਾਵਾਂਗੇ ।"
"ਭਾਬੋ ਤਾ ਤੇਰੀ ਸਿੰਘ ਕਲ੍ਹ ਵੇ ਬਿਆਈ, ਛੋਟੀ ਭਰਜਾਈ,
ਆਪ ਮੂੋਰੇ ਉਹਨੂੰ ਮਗਰ ਕਰਾਂਗੇ ।
ਤੱਤੜੀ ਰਸੋਈ ਸਿੰਘਾ, ਠੰਡੜੀ ਵੇ ਹੋਏ, ਠੰਡੜੀ ਵੇ ਹੋਈ,
ਤੁਸੀਂ ਖਾਉ ਅਸੀਂ ਹੋਰ ਕਰਾਂਗੇ ।"
"ਤੱਤੜੀ ਰਸੋਈ ਗੋਰੀਏ ਠੰਡੜੀ ਰਹਿਣ ਦੇ, ਠੰਡੜੀ ਰਹਿਣ ਦੇ,
ਭਾਬੋ ਦੇ ਬ੍ਰਿੜੇ ਅਸੀਂ ਚਲ ਨੀ ਖਾਵਾਂਗੇ ।"

## ਮੁੰਡਾ ਰੋਵੇ ਲੈ ਅੰਬੀਆਂ ਨੂੰ

"ਮੁੰਡਾ ਰੋਵੇ ਲੈ ਅੰਬੀਆਂ ਨੂੰ, ਮੁੰਡਾ........ ਰੋਵੇ ਲੈ ਅੰਬੀਆਂ ਨੂੰ ।"
"ਤੇਰੇ ਮਾਪਿਆਂ ਦੇ ਬਾਗ ਬਥੇਰੇ ਭਾਬੀਏ.......ਲੈ ਅੰਬੀਆਂ ਨੂੰ ।
ਕੰਧ ਕੱਢ ਲੇ ਲਮਾਰੀ ਰੱਖ ਲੇ, ਕੰਧ ਕੱਢ ਲੇ ਲਮਾਰੀ ਰੱਖ ਲੈ ।
ਤੈਂਨੂੰ ਦੁੱਧਾ ਦੇ ਗਲਾਸ ਫੜਾਵਾ ਭਾਬੀਏ, ਲੈ ਅੰਬੀਆਂ ਨੂੰ ।
ਨਾਲੇ ਮੇਰਾ ਨੀ ਦੁੱਧ ਰੋੜ੍ਹਿਆ, ਨਾਲੇ ਮੇਰੇ ਨੀ ਦੁੱਧ ਰੋੜ੍ਹਿਆ ।
ਨਾਲੇ ਭੰਨਿਆ ਗਲਾਸ ਬਲੌਰੀ ਭਾਬੀਏ, ਲੈ ਅੰਬੀਆਂ ਨੂੰ ।"
"ਦੁੱਧ ਪੁੱਤ ਵੇ ਨਈਂਉਂ ਲੱਭਦੇ, ਦੁੱਧ ਪੁੱਤ ਵੇ ਨਈਉਂ ਲੱਭਦੇ ।
ਲਭ ਜਾਣਗੇ ਗਲਾਸ ਬਲੌਰੀ, ਲੈ ਅੰਬੀਆਂ ਨੂੰ ।"
"ਦੁੱਧ ਪੁੱਤ ਨੀ ਲੱਭ ਜਾਣਗੇ, ਦੁੱਧ ਪੁੱਤ ਨੀ ਲੱਭ ਜਾਣਗੇ ।
ਨਹੀਂ ਲੱਭਣੇ ਗਲਾਸ ਬਲੌਰੀ ਭਾਬੀਏ, ਲੈ ਅੰਬੀਆਂ ਨੂੰ ।"
ਮੁੰਡਾ ਰੋਵੇ ਲੈ ਅੰਬੀਆਂ ਨੂੰ, ਮੁੰਡਾ ਰੋਵੇ ਲੈ ਅੰਬੀਆਂ ਨੂੰ ।"

## ਸੁੱਖਣਾਂ ਸੁੱਖ ਨੀ ਲਈਆਂ

ਪ੍ਰੀਂਦੀ ਨੇ ਸੁਖੀਆਂ ਪਕਾਉਂਦੀ ਨੇ ਸੁਖੀਆਂ, ਅਉਖੀ ਵੇਲੇ,
ਅਉਖੀ ਵੇਲੇ ਬਾਬਾ ਮੇਰਿਆ, ਅਉਖੀ ਵੇਲੇ, ਸੁੱਖਣਾਂ ਸੁੱਖ ਨੀ ਲਈਆਂ ।
ਚੱਕੀ ਪ੍ਰੀਂਦੀ ਨੂੰ ਪੁੱਛਦਾ, "ਕੁੜੀਏ ਨੀ ਅੱਛਰ, ਮੇਲੇ ਚਲਣਾ ਜਰੂਰ ਏ ।"
"ਮੇਲੇ ਜਾਣ ਤੇਰੀਆਂ ਭਾਬੀਆਂ, ਮੁੰਡਿਆ ਵੇ ਈਸ਼ਰਾ, ਜਿਨ੍ਹਾਂ ਨਾਲ ਬਹੁਤ ਪਿਆਰ ਏ ।
ਆਟਾ ਗੁਨ੍ਹਦੀ ਨੂੰ ਪੁੱਛਦਾ, "ਕੁੜੀਏ ਨੀ ਅੱਛਰ, ਮੇਲੇ ਚਲਣਾ ਜਰੂਰ ਵੇ.... ।"
"ਮੇਲੇ ਜਾਣ ਤੇਰੀਆਂ ਭਾਬੀਆਂ, ਮੁੰਡਿਆ ਵੇ ਈਸ਼ਰਾ, ਜਿਨ੍ਹਾਂ ਨਾਲ ਬਹੁਤਾ ਪਿਆਰ ਵੇ ।"

# ਛੇੜ ਛਾੜ

## ਬੁਲੜ੍ਹ ਸਾਨੂੰ ਲੈਣ ਆ ਗਿਆ

ਪ੍ਰੀੜੀ ਉਤੇ ਬਹਿ ਜਾ ਬੁਲ੍ਹੜਾ, ਹਈ ਸ਼ਾਵਾ । 2 ।
ਤੈਂਨੂੰ ਦੇਖਣ ਸਈਆਂ ਨੇ ਆਉਣਾ, ਹਈ ਸ਼ਾਵਾ । 2 ।
ਕਿਨੇ ਮੇਰਾ ਬੁਲ੍ਹੜ ਨਿੰਦਿਆ, ਹਈ ਸ਼ਾਵਾ । 2 ।
ਮਾਏ ਲੀ ਪਕਾ ਦੇ ਮੱਠੀਆਂ, ਹਈ ਸ਼ਾਵਾ । 2 ।
ਮੈ ਤਾਂ ਨਾਲ ਬੁਲ੍ਹੜ ਦੇ ਜਾਣਾ, ਹਈ ਸ਼ਾਵਾ । 2 ।
ਅੱਗੇ ਅੱਗੇ ਚਲ ਬੁਲ੍ਹੜਾ, ਹਈ ਸ਼ਾਵਾ । 2 ।
ਤੇਰੇ ਮਗਰ ਟ੍ਹੈਲਦੀ ਆਵਾਂ, ਹਈ ਸ਼ਾਵਾ । 2 ।
ਗੱਡੀ ਵਿਚ ਬਹਿ ਜਾ ਬੁਲ੍ਹੜਾ, ਹਈ ਸ਼ਾਵਾ । 2 ।
ਵੇ ਟਿਕਟ ਕਟਾ ਕੇ ਲਿਆਵਾਂ, ਹਈ ਸ਼ਾਵਾ । 2 ।
ਗੱਡੀ ਵਿਚ ਵੱਟ ਲਗਦਾ, ਹਈ ਸ਼ਾਵਾ । 2 ।
ਪੱਖਾ ਝੋਲ ਵੇ ਬੇਸ਼ਰਮਾ ਬੁਲ੍ਹੜਾ, ਹਈ ਸ਼ਾਵਾ । 2 ।
ਬੁਲ੍ਹੜ ਜੀ ਨੂੰ ਗੁੱਸਾ ਆ ਗਿਆ, ਹਈ ਸ਼ਾਵਾ । 2 ।
ਉਨ੍ਹੇਂ ਬੂਟ ਸਣੇ ਲੱਤ ਮਾਰੀ, ਹਈ ਸ਼ਾਵਾ । 2 ।
ਮਾਏ ਨੀ ਘੜਾ ਦੇ ਮੁੰਗਲਾ, ਹਈ ਸ਼ਾਵਾ । 2 ।
ਅੰਦਰ ਵਾੜ ਕੇ ਬੁਲ੍ਹੜ ਨੂੰ ਕੁੱਟਣਾ, ਹਈ ਸ਼ਾਵਾ । 2 ।
ਲੋਕਾਂ ਭਾਣੇ ਬਿੱਲੀ ਕੁੱਟੀ ਆ, ਹਈ ਸ਼ਾਵਾ । 2 ।
ਬੁਲ੍ਹੜ ਕੁੱਟਿਆ ਸੰਦੂਕਾਂ ਉਹਲੇ, ਹਈ ਸ਼ਾਵਾ । 2 ।
ਸੌਂਰਾ ਸਾਡਾ ਮੱਚ ਨੀ ਗਿਆ, ਹਈ ਸ਼ਾਵਾ । 2 ।
ਨੀ ਉਹ ਟਿੱਡੀਆਂ ਦੀ ਹੇੜ ਲਿਆਇਆ, ਹਈ ਸ਼ਾਵਾ । 2 ।
ਇਕ ਟਿੱਡੀ ਮਰ ਨੀ ਗਈ, ਹਈ ਸ਼ਾਵਾ । 2 ।
ਸਾਨੂੰ ਨੌਂ ਸੌ ਦਾ ਘਾਟਾ ਆਇਆ, ਹਈ ਸ਼ਾਵਾ । 2 ।
ਇਕ ਟਿੱਡੀ ਸੂ ਨੀ ਪਈ, ਹਈ ਸ਼ਾਵਾ । 2 ।
ਸਾਨੂੰ ਨੌਂ ਸੌ ਦਾ ਵਾਧਾ ਆਇਆ, ਹਈ ਸ਼ਾਵਾ । 2 ।
ਟਿੱਡੀਆਂ ਦਾ ਦੁੱਧ ਰਿੜਕਾਂ, ਹਈ ਸ਼ਾਵਾ । 2 ।
ਠਾਣੇਦਾਰ ਲੱਸੀ ਨੂੰ ਆਇਆ, ਹਈ ਸ਼ਾਵਾ । 2 ।
ਲੱਸੀ ਤੈਂਨੂੰ ਤਾਂ ਦੇਵਾਂਗੀ, , ਹਈ ਸ਼ਾਵਾ । 2 ।
ਪ੍ਹੈਲ੍ਹਾਂ ਮੁੱਛਾਂ ਮੁਨਾ ਕੇ ਆ ਜਾ, ਹਈ ਸ਼ਾਵਾ । 2 ।

## ਤਮਾਸ਼ਾ ਕਦੂਏ ਦਾ

ਮਾਰੇ ਗਾ, ਚੀਰੇ ਵਾਲਾ ਮਾਰੇ ਗਾ
ਵਾ ਵਾ ਤਮਾਸ਼ਾ ਕਦੂਏ ਦਾ । 2 ।
ਕਦੂ ਰੁਪਏ ਦੇ ਇਕ ਮ੍ਹਾਈਆ, ਪਿਛਵਾੜੇ ਜਾ ਰੋ ਪਿੱਟ ਮ੍ਹਾਈਆ ।

ਹਾਂ ਕਿ ਮ੍ਹਾਈਆ ਮਾਰੇ ਗਾ, ਚੀਰੇ ਵਾਲਾ ਮਾਰੇਗਾ, ਲੱਗਾ ਤਮਾਸ਼ਾ ਕਦੂਏ ਦਾ ।
ਕਦੂ ਰੁਪਏ ਦੇ ਦੋ ਮ੍ਹਾਈਆਂ, ਪਿਛਵਾੜੇ ਜਾ ਕੇ ਸੌਂ ਮ੍ਹਾਈਆ ।
ਕਦੂ ਰੁਪਏ ਦੇ ਤਿੰਨ ਮ੍ਹਾਈਆ, ਪਿਛਵਾੜੇ ਜਾ ਕੇ ਰ੍ਹਿਨ ਮ੍ਹਾਈਆ ।
ਕਦੂ ਰੁਪਏ ਦੇ ਚਾਰ ਮ੍ਹਾਈਆ, ਤੇਰੀ ਮਾਂ ਦੇ ਆ ਗਏ ਜਾਰ ਮ੍ਹਾਈਆ ।
ਕਦੂ ਰੁਪਏ ਦੇ ਪੰਜ ਮ੍ਹਾਈਆ, ਤੇਰੀ ਮਾਂ ਦੀ ਆ ਗਈ ਜੰਜ ਮ੍ਹਾਈਆ ।
ਕਦੂ ਰੁਪਏ ਦੇ ਛੇ ਮ੍ਹਾਈਆ, ਤੇਰੀ ਮਾਂ ਦਾ ਮਰ ਗਿਆ ਪੇ ਮ੍ਹਾਹੀਆਂ ।
ਕਦੂ ਰੁਪਏ ਦੇ ਸੱਤ ਮ੍ਹਾਈਆ, ਤੇਰੀ ਮਾਂ ਦੀ ਟੁੱਟ ਗਈ ਲੱਤ ਮ੍ਹਾਈਆ ।
ਕਦੂ ਰੁਪਏ ਦੇ ਅੱਠ ਮ੍ਹਾਹੀਆ, ਤੇਰੀ ਮੇਰੀ ਹੋ ਰਾਈ ਬਸ ਮ੍ਹਾਈਆ ।
ਕਦੂ ਰੁਪਏ ਦੇ ਨੌਂ ਮ੍ਹਾਈਆ, ਪਿਛਵਾੜੇ ਜਾ ਕੇ ਸੌਂ ਮ੍ਹਾਈਆਂ ।
ਕਦੂ ਰੁਪਏ ਦੇ ਦਸ ਮ੍ਹਇਆ, ਪਿਛਵਾੜੇ ਜਾ ਕੇ ਪਿੱਟ ਮ੍ਹਾਈਆ ।

## ਰੰਗ ਮਾਹੀਏ ਦਾ

ਵਾ ਵਾ ਰੰਗ ਮ੍ਹਾਈਏ ਦਾ ।2।
ਮੱਖਣ ਤੇ ਸੰਧੂਰ ਰੰਗ ਮ੍ਹਾਈਏ ਦਾ, ਸ਼ਾਵਾ ਰੰਗ ਮ੍ਹਾਈਏ ਦਾ ।
ਇਕ ਸਾਡੀ ਸੱਸ ਨੀ ਬੁਰੀ, ਹਾਇ ਸਾਡੀ ਸੱਸ ਨੀ ਬੁਰੀ ।
ਸਾਤੋਂ ਮਾਤਾ ਜੀ ਅਖਵਾਏ, ਸਾਤੋਂ ਆਖਿਆ ਨਾ ਜਾਵੇ ।
ਮੂੰਹੋਂ ਬੁੜ੍ਹੀਏ ਨਿਕਲ ਜਾਵੇ, ਰੰਗ ਮ੍ਹਾਈਏ ਦਾ ।
ਇਕ ਸਾਡਾ ਸੌਂਰਾ ਨੀ ਬੁਰਾ, ਹਾਇ ਸੌਂਰਾ ਨੀ ਬੁਰਾ ।
ਸਾਤੋਂ ਪਿਤਾ ਜੀ ਅਖਵਾਏ, ਸਾਤੋਂ ਆਖਿਆ ਨਾ ਜਾਵੇ ।
ਮੂੰਹੋਂ ਬੁੜ੍ਹਿਆ ਨਿਕਲ ਜਾਵੇ, ਰੰਗ ਮ੍ਹਾਈਏ ਦਾ ।
ਇਕ ਸਾਡਾ ਜੇਠ ਵੇ ਬੁਰਾ, ਹਾਇ ਜੇਠ ਵੇ ਬੁਰਾ ।
ਸਾਤੋਂ ਵੀਰਾ ਜੀ ਅਖਵਾਵੇ, ਸਾਤੋਂ ਆਖਿਆ ਨਾ ਜਾਵੇ ।
ਮੂੰਹੋਂ ਮੁੰਡਿਆ ਨਿਕਲ ਜਾਵੇ, ਰੰਗ ਮ੍ਹਾਈਏ ਦਾ ।
ਇਕ ਸਾਡੀ ਨਣਦ ਬੁਰੀ, ਹਾਇ ਨਣਦ ਬੁਰੀ,
ਸਾਤੋਂ ਭੈਣ ਜੀ ਅਖਵਾਵੇ, ਸਾਤੋਂ ਆਖਿਆ ਨਾ ਜਾਵੇ,
ਮੂੰਹੋਂ ਕੁੜੀਏ ਨਿਕਲ ਜਾਵੇ, ਰੰਗ ਮ੍ਹਾਈਏ ਦਾ ।
ਇਕ ਸਾਡਾ ਦੇਰ ਵੇ ਬੁਰਾ, ਹਾਇ ਦੇਰ ਵੇ ਬੁਰਾ,
ਸਾਤੋਂ ਵੀਰ ਜੀ ਅਖਵਾਵੇ, ਸਾਤੋਂ ਆਖਿਆ ਨਾ ਜਾਵੇ,
ਮੂੰਹੋਂ ਕਾਕਾ ਨਿਕਲ ਜਾਵੇ, ਰੰਗ ਮ੍ਹਾਈਏ ਦਾ ।
ਇਕ ਸਾਡਾ ਮਾਹੀ ਚੰਗਾ, ਹਾਇ ਮਾਹੀ ਚੰਗਾ,
ਸਾਤੋਂ ਬਾਬੂ ਜੀ ਅਖਵਾਵੇ, ਮੂੰਹੋਂ ਆਪੇ ਨਿਕਲ ਜਾਵੇ, ਰੰਗ ਮ੍ਹਾਈਏ ਦਾ ।

## ਵੇ ਦੀਦਾਰ ਮੈਂ ਨਾ ਬੱਚਦੀ

ਵੇ ਦੀਦਾਰ ਮੈਂ ਨਾ ਬਚਦੀ, ਵੇ ਦੀਦਾਰ ਮੈਂ ਨਾ ਬਚਦੀ,
ਬੂਹੇ ਵਿਚ ਡਾਕਦਾਰ, ਮੈਂ ਨਾ ਬਚਦੀ ।

ਸੱਦੋ ਮੇਰੀ ਮਾਂ, ਜ੍ਹਿੜੀ ਮਣਸੇ ਗੋਰੀ ਗਾਂ, ਵੇ ਦੀਦਾਰ ਮੈਂ ਨਾ ਬਚਦੀ।
ਸੱਦੋ ਮੇਰਾ ਪਿਓ, ਜ੍ਹਿੜਾ ਨਿੱਤ ਲਿਆਵੇ ਘਿਓ, ਵੇ ਦੀਦਾਰ ਮੈਂ ਨਾ ਬਚਦੀ।
ਸੱਦੋ ਮੇਰੀ ਸੱਸ, ਜਿਹੜੀ ਸੁਣ ਕੇ ਜਾਵੇ ਨੱਸ, ਵੇ ਦੀਦਾਰ ਮੈਂ ਨਾ ਬਚਦੀ।
ਸੱਦੋ ਮੇਰਾ ਸੌਂਰਾ ਜ੍ਹਿੜਾ ਆਵੇ ਸੁਣ ਕੇ ਦੌੜਾ, ਵੇ ਦੀਦਾਰ.........
ਸੱਦੋ ਮੇਰਾ ਕੰਤ, ਜ੍ਹਿੜਆ ਲਿਆਵੇ ਫੁੱਲ ਤੇ ਚੌਂਕ,
ਵੇ ਦੀਦਾਰ ਮੈਂ ਨਾ ਬਚਦੀ, ਵੇ ਦੀਦਾਰ ਮੈਂ ਨਾ ਬਚਦੀ।
ਬੂਹੇ ਵਿਚ ਡਾਕਦਾਰ, ਮੈਂ ਨਾ ਬਚਦੀ।

## ਓਹੋ ਵੱਟਾ ਲੱਥਾਂ ਦਾ

ਤੇਰੀ ਮਾਂ ਦੇ ਲੰਮੇ ਲੰਮੇ ਪੈਰ ਵੇ, ਜਦੋਂ ਫਿਰਦੀ ਤਾਂ ਫਿਰਦੀ ਸਾਰਾ ਸ਼ੈਹਰ ਵੇ।
ਵੇ ਅਸਾਂ ਵੱਢ ਸਿੱਟਣੇ ਵੇ ਰਾਂਝਣਾ, ਵੇ ਅਸਾਂ ਵੱਢ ਸਿੱਟਣੇ ਵੇ ਰਾਂਝਣਾ।
ਤੇਰੀ ਮਾਂ ਦੀ ਲੰਮੀ ਲੰਮੀ ਗੁੱਤ ਵੇ, ਵੇ ਅਸਾਂ ਵੱਢ ਸਿੱਟਣੀ ਵੇ ਰਾਂਝਣਾ।
ਤੇਰੀ ਮਾਂ ਦੇ ਉਚੇ ਉਚੇ ਦੰਦ ਵੇ, ਦਾਅ ਲੱਗਾ ਤਾ ਅਸਾਂ ਦੇਣੇ ਭੰਨ ਵੇ।
ਤੇਰੀ ਮਾਂ ਨੇ ਰਿੰਨ੍ਹੀਆਂ ਗੰਦਲਾਂ, ਅਸਾਂ ਮੰਗੀਆਂ ਤੇ ਪੈ ਗਈਆਂ ਦੰਦਲਾਂ।
ਤੇਰੀ ਮਾਂ ਨੇ ਰਿੰਨ੍ਹੀਆਂ ਸਾਗ ਵੇ, ਅਸਾਂ ਮੰਗਿਆਂ ਤਾਂ ਦਿੱਤਾ ਵੇ ਜਵਾਬ ਵੇ।
ਅਸਾਂ ਪੇਕਿਆਂ ਤੋਂ ਆਂਦੀਆ ਸੇਮੀਆਂ, ਅਸਾਂ ਰ੍ਹਿਨੀਆਂ ਤੇ ਅਸਾਂ ਨਈਓਂ ਦੇਣੀਆਂ।
ਵੇ ਅੜਿਆ ਓਹੋ ਵੱਟਾ ਲੱਥਾ ਆ ਵੇ ਰਾਂਝਣਾ।

## ਸਾੜ੍ਹੀ ਲੈ ਦੇ ਹਰੇ ਲੱਪੇ ਵਾਲੀ

"ਸਾੜ੍ਹੀ ਲੈ ਦੇ ਹਰੇ ਲੱਪੇ ਵਾਲ਼ੀ, ਪੀਲ਼ੇ ਲੱਪੇ ਵਾਲ਼ੀ, ਵੇ ਮੁੰਡਿਆ ਸਿਆਲਕੋਟੀਆ" ।2।
ਸਾੜ੍ਹੀ ਲੈ ਦਊਂ ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਨੀ ਤੋਰੀਏ ਨੂੰ ਵਿਕ ਲੈ ਲੈਣ ਦੇ ।2।
ਦੋਨੋਂ ਰੋਈਏ ਬੰਨੇਦੇ ਉੱਤੇ ਖੜ੍ਹਕੇ, ਕਿ ਦਾਤੀ ਹੱਥ ਫੜਕੇ, ਕਿ ਤੋਰੀਏ ਨੂੰ ਤੇਲਾ ਪੈ ਗਿਆ ।2।
"ਸਾੜ੍ਹੀ ਲੈਦੇ ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਵੇ ਮੁੰਡਿਆ ਸਿਆਲਕੋਟੀਆ ।2।
ਸਾੜ੍ਹੀ ਲੈ ਦਊਂ ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਨੀ ਬੀ.ਏ. ਵਿਚੋਂ ਪਾਸ ਹੋ ਲਵਾਂ' ।2।
'ਦੋਨੋਂ ਰੋਈਏ ਕੌਲਜ ਪਿੱਛੇ ਖੜਕੇ, ਕਿਤਾਬਾਂ ਹੱਥ ਫੜਕੇ, ਨੀ ਬੀ.ਏ.ਵਿਚੋਂ ਫ੍ਹੇਲ ਹੋ ਗਿਆ ।2।
"ਸਾੜ੍ਹੀ ਲੈਦੂੰ ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਵੇ ਮੁੰਡਿਆ ਸਿਆਲਕੋਟੀਆ' ।2।
"ਲੈ ਦਊਂ ਹਰੇ ਲੱਪੇ ਵਾਲੀ ਪੀਲੇ ਲੱਪੇ ਵਾਲੀ, ਨੀ ਬੂਰਾ ਝੋਟਾ ਵਿਕ ਲੈਣਦੇ ।2।
ਦੋਨੋਂ ਰੋਈਏ ਖੁਰਲੀ ਦੇ ਕੋਲ ਖੜਕੇ, ਬੂਰੇ ਦੀ ਪੂਛ ਫੜਕੇ, ਨੀ ਬੂਰਾ ਸਾਡਾ ਪੂਰਾ ਹੋ ਗਿਆ2
'ਰਹਿ ਗਈ ਰਹਿ ਗਈ, ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਜੀ ਬੂਰਾ ਸਾਡਾ ਪੂਰਾ ਹੋ ਗਿਆ 2
'ਸਾੜ੍ਹੀ ਲੈ ਦੇ ਹਰੇ ਲੱਪੇ ਵਾਲੀ, ਪੀਲੇ ਲੱਪੇ ਵਾਲੀ, ਵੇ ਮੁੰਡਿਆ ਸਿਆਲਕੋਟੀਆ' ।2।

## ਅੱਡੀ ਤੋੜੇ ਵਾਲੀ

ਅੱਡੀ ਤੋੜੇ ਵਾਲ਼ੀ ਝਾਂਜਰ ਛਣਕੇ, ਬੀਬਾ ਜੀ ਅੱਡੀ ਤੋੜੇ ਵਾਲ਼ੀ ਸ਼ਾਵਾ। 2।
ਜੇ ਮੈਂ ਜਾਣਦੀ ਤੂੰ ਪੁੱਤ ਹਲਵਾਈ ਦਾ ਵੇ, ਜੇ ਮੈਂ ਜਾਣਦੀ, ਸ਼ਾਵਾ। 2।
ਤੇਰੀ ਬਰਫੀ ਦੀ ਡਲੀ ਉਤੇ ਡੁਲ੍ਹੀ, ਬੀਬਾ ਜੀ ਅੱਡੀ ਤੋੜੀ ਵਾਲ਼ੀ ਸ਼ਾਵਾ। 2।

ਜੇ ਮੈਂ ਜਾਣਦੀ ਤੂੰ ਪੁੱਤ ਸੁਨਿਆਰ ਦਾ ਵੇ, ਜੇ ਮੈਂ ਜਾਣਦੀ, ਸ਼ਾਵਾ । 2 ।
ਤੇਰੀ ਚੈਨੀ ਨੂੰ ਦੇਖ ਦੇਖ ਡੁਲ੍ਹੀ, ਬੀਬਾ ਜੀ ਅੱਡੀ ਤੋੜੀ ਵਾਲ਼ੀ ਸ਼ਾਵਾ । 2 ।
ਜੇ ਮੈਂ ਜਾਣਦੀ ਤੂੰ ਪੁੱਤ ਜਿਮੀਂਦਾਰ ਦਾ ਵੇ, ਜੇ ਮੈਂ ਜਾਣਦੀ, ਸ਼ਾਵਾ । 2 ।
ਤੇਰੀ ਗੰਨੇ ਦੀ ਪੋਰੀ ਉਤੇ ਡੁਲ੍ਹੀ, ਬੀਬਾ ਜੀ ਅੱਡੀ ਤੋੜੇ ਵਾਲ਼ੀ ਸ਼ਾਵਾ । 2 ।
ਜੇ ਮੈਂ ਜਾਣਦੀ ਤੂੰ ਪੁੱਤ ਸ਼ਾਹੂਕਾਰ ਦੇ ਵੇ, ਜੇ ਮੈਂ ਜਾਣਦੀ, ਸ਼ਾਵਾ । 2 ।
ਤੇਰੇ ਫੈਸ਼ਨ ਨੂੰ ਦੇਖ ਦੇਖ ਡੁਲ੍ਹੀ, ਬੀਬਾ ਜੀ ਅੱਡੀ ਤੋੜੇ ਵਾਲ਼ੀ, ਸ਼ਾਵਾ । 2 ।
ਜੇ ਮੈਂ ਜਾਣਦੀ ਤੂੰ ਪੁੱਤ ਬਜਾਜ ਦਾ ਵੇ, ਜੇ ਮੈਂ ਜਾਣਦੀ, ਸ਼ਾਵਾ । 2 ।
ਤੇਰੀ ਟਾਈ ਨੂੰ ਦੇਖ ਦੇਖ ਡੁਲ੍ਹੀ, ਬੀਬਾ ਜੀ ਅੱਡੀ ਤੋੜੇ ਵਾਲ਼ੀ, ਸ਼ਾਵਾ । 2 ।

## ਨਟਖਟ ਦਾ ਦੁਪੱਟਾ

"ਨਟਖਟ ਦਾ ਦੁਪੱਟਾ ਅਸਾਂ ਨਾਂ ਲੈਣਾ । 2 ।"
"ਪਾ ਲੈ ਜੈਂਪਰ ਤੇ ਸਲਵਾਰ, ਚੁੰਨੀ ਲੈ ਲੈ ਪੜਦੇਦਾਰ ।
ਇਨ੍ਹਾਂ ਨੰਗਿਆਂ ਸਿਰਾਂ ਦਾ ਜੱਸ ਨਾ ਰ੍ਹੈਣਾ ।"
"ਪਾਣੀ ਸਾੜ੍ਹੀ ਤੇ ਬਲੌਜ, ਸਿਨਮਾ ਦੇਖੂੰ ਚੰਨਾ ਰੋਜ । 2 ।
ਇਨ੍ਹਾਂ ਨੰਗਿਆਂ ਸਿਰਾਂ ਦਾ ਜੱਸ ਰੋਜ ਰ੍ਹੈਣਾ ।
ਪਾਣੀ ਸਾੜ੍ਹੀ ਤੇ ਬਲੌਜ, ਸੈਰ ਕਰਨੀ ਚੰਨਾ ਰੋਜ । 2 ।
ਇਨ੍ਹਾਂ ਨੰਗਿਆਂ ਸਿਰਾਂ ਦਾ ਜੱਸ ਰੋਜ ਰ੍ਹੈਣਾ ।"
"ਮੈਂ ਕੀ ਜਾਣਦਾ ਸੀ, ਕੰਜਰੀ ਦੇ ਵੱਸ ਪੈਣਾ । 2 ।"
"ਮੈਂ ਕੀ ਜਾਣਦੀ ਨਲੈਕ ਬਾਬੂ ਪੱਲੇ ਪੈਣਾ ।"
"ਨਟਖਟ ਦਾ ਦੁਪੱਟਾ ਅਸਾਂ ਨਾ ਲੈਣਾ ।"

## ਪੱਟਿਆ ਜ਼ਮਾਨਾ

ਪੀਆ ਜੀ ਤੇਰਿਆਂ ਫੈਸ਼ਨਾਂ ਨੇ ਪੱਟਿਆ ਜ਼ਮਾਨਾ । 2 ।
ਸੈਂਡਲ ਵਾਲ਼ੀ ਨਾ ਬਿਗੜੀ, ਚੱਪਲ ਵਾਲ਼ੀ ਨਾ ਬਿਗੜੀ । 2 ।
ਬੈਲ ਬੋਟਮ ਵਾਲੀ ਬਿਗੜ ਗਈ, ਲੁੱਟਿਆ ਜ਼ਮਾਨਾ । 2 ।
ਸਾੜ੍ਹੀ ਵਾਲੀ ਨਾ ਬਿਗੜੀ, ਸੂਟ ਵਾਲੀ ਨਾ ਬਿਗੜੀ । 2 ।
ਬੈਲ ਬੋਟਮ ਵਾਲੀ ਬਿਗੜ ਗਈ, ਪੱਟਿਆ ਜ਼ਮਾਨਾ । 2 ।
ਪੈਂਡਲ ਵਾਲੀ ਨਾ ਬਿਗੜੀ, ਹਾਰ ਵਾਲੀ ਨਾ ਬਿਗੜੀ । 2 ।
ਘੜੀ ਵਾਲੀ ਬਿਗੜ ਗਈ, ਲੁੱਟਿਆ ਜ਼ਮਾਨਾ । 2 ।
ਪੱਫ ਵਾਲੀ ਨਾ ਬਿਗੜੀ, ਇੱਕ ਗੁੱਤ ਵਾਲੀ ਨਾ ਬਿਗੜੀ । 2 ।
ਦੋ ਗੁੱਤਾ ਵਾਲੀ ਬਿਗੜ ਗਈ, ਪੱਟਿਆ ਜ਼ਮਾਨਾ । 2 ।
ਵੰਗਾ ਵਾਲੀ ਨਾ ਬਿਗੜੀ, ਘੜੀ ਵਾਲੀ ਨਾ ਬਿਗੜੀ । 2 ।
ਕਾਟਿਆਂ ਵਾਲੀ ਬਿਗੜ ਗਈ, ਪੱਟਿਆ ਜ਼ਮਾਨਾ । 2 ।
ਪੀਆਂ ਜੀ ਤੇਰੇ ਫੈਸ਼ਨਾਂ ਨੇ ਪੱਟਿਆ ਜ਼ਮਾਨਾ । 2 ।

## ਹੁਣ ਕਹੀ ਕ ਹੋਈ ਆ

ਸ਼ਾਵਾ ਭਾਈ ਹੁਣ ਕਹੀ ਕ ਹੋਈਆ, ਸ਼ਾਵਾ ਭਾਈ ਹੁਣ ਕਹੀ ਕ ਹੋਈ ਆ । 2 ।
ਹੋਈਆ ਗੁਤਮ ਗੁੱਤੀ ਭਈ ਹੁਣ ਕਹੀ ਕ ਹੋਈ ਆ । 2 ।
ਸੱਸ ਨੇ ਫੜ ਲਿਆ ਲੂਣ ਘੋਟਣਾ, ਨੂੰ ਨੇ ਫੜ ਲਈ ਡੋਈ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕ ਹੋਈ ਆ ।
ਨੂੰਹ ਤਾਂ ਕੱਲ੍ਹੀ ਪੇਕੇ ਤੁਰ ਗਈ, ਘਰ ਵਿਚ ਰਿਹਾ ਨਾ ਕੋਈ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕ ਹੋਈ ਆ ।
ਜਦੋਂ ਅੱਗ ਬਾਲਣ ਲੱਗਾ, ਮੁੱਛਾਂ ਦੇ ਸੜ ਗਏ ਬਾਲ ਭਈ,
ਹੁਣ ਕਹੀ ਕੇ ਹੋਈ ਆ, ਸ਼ਾਵਾ ਬਈ ਹੁਣ ਕਹੀ ਕ ਹੋਈ ਆ ।
ਜਦੋਂ ਆਟਾ ਗੁਨ੍ਹਣ ਲੱਗਾ, ਹੋਇਆ ਲੇਟਮ ਲੇਟ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕ ਹੋਈ ਆ ।
ਜਦੋਂ ਰੋਟੀ ਥੱਲਣ ਲੱਗਾਂ, ਪੋਟੇ ਸੜ ਗਏ ਨਾਲ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕ ਹੋਈ ਆ ।
ਜਦੋਂ ਰੋਟੀ ਖਾਣ ਲੱਗਾ ਖਾਣ ਲੱਗਾ, ਪ੍ਰਾਹੁਣੇ ਆ ਗਏ ਚਾਰ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕੁ ਹੋਈ ਆ ।
ਜਦੋਂ ਛਾਬਾ ਦੇਖਣ ਲੱਗਾ, ਨਾ ਰੋਟੀ ਨਾ ਦਾਲ ਭਈ,
ਹੁਣ ਕਹੀ ਕ ਹੋਈ ਆ, ਸ਼ਾਵਾ ਭਈ ਹੁਣ ਕਹੀ ਕ ਹੋਈ ਆ ।
ਕੋਠੇ ਚੜ੍ਹ ਕੇ ਵਾਜਾਂ ਮਾਰੇ, ਆ ਜਾ ਘਰ ਦੀਏ ਨਾਰੇ ਨੀ,
ਹੁਣ ਕੁਝ ਨਈਂ ਕ੍ਹੈਂਦਾ, ਸ਼ਾਵਾ ਭਈ ਹੁਣ ਕੁਛ ਨਈਂ ਆਉਣਾ,
ਮਾਂ ਦੀਆਂ ਪੱਕੀਆਂ ਖਾ, ਭਈ ਹੁਣ ਮੈਂ ਨਈਂ ਆਉਣਾ,
ਸ਼ਾਵਾ ਭਈ ਹੁਣ ਮੈਂ ਨਈਂ ਆਉਣਾ, ਸ਼ਾਵਾ ਭਈ ਹੁਣ ਮੈਂ ਨਈਂ ਆਉਣਾ ।

## ਕੋਠਾ ਪਾ ਲਿਆਈ ਛੜਿਆ ਮਹੱਲੇ

ਕੋਠਾ ਪਾ ਲਿਆ ਈ ਛੜਿਆਂ ਮਹੱਲੇ ਵੇ ਢੋਲਾ ਤੈਂਨੂੰ ਸਬਰ ਪਵੇ । 2 ।
ਇਕ ਛੜਾ ਕ੍ਹੈਂਦਾ ਤੈਂਨੂੰ ਸਾੜ੍ਹੀ ਮੈਂ ਲਿਆ ਦਿਆਂ । 2 ।
ਦੂਜਾ ਛੜਾ ਕ੍ਹੈਂਦਾ ਤੇਰੇ ਲੋਕ ਉੱਤੇ ਲਾ ਦਿਆਂ । 2 ।
ਤੀਜਾ ਛੜਾ ਕ੍ਹੈਂਦਾ ਬੱਲੇ ਬੱਲੇ, ਵੇ ਢੋਲਾ… …. … …. ….
ਇਕ ਛੜਾ ਕ੍ਹੈਂਦਾ ਤੈਨੂੰ ਬੁੰਦੇ ਮੈਂ ਲਿਆ ਦਿਆਂ । 2 ।
ਦੂਜਾ ਛੜਾ ਕ੍ਹੈਂਦਾ ਤੇਰੇ ਕੰਨਾਂ ਵਿਚ ਪਾ ਦਿਆਂ । 2 ।
ਤੀਜਾ ਛੜਾ ਕ੍ਹੈਂਦਾ ਬੱਲੇ ਬੱਲੇ, ਵੇ ਢੋਲਾ… … … …
ਇਕ ਛੜਾ ਕ੍ਹੈਂਦਾ ਤੈਂਨੂੰ ਮੁੰਦੀ ਮੈਂ ਲਿਆ ਦਿਆਂ । 2 ।
ਦੂਜਾ ਛੜਾ ਕ੍ਹੈਂਦਾ ਤੇਰੀ ਉਂਗਲੀ ਚ ਪਾ ਦਿਆਂ । 2 ।
ਤੀਜਾ ਛੜਾ ਕ੍ਹੈਂਦਾ ਬੱਲੇ ਬੱਲੇ, ਵੇ ਢੋਲਾ… … … … … ….
ਇਕ ਛੜਾ ਕ੍ਹੈਂਦਾ ਤੈਂਨੂੰ ਝਾਂਜਰਾਂ ਲਿਆ ਦਿਆਂ । 2 ।
ਦੂਜਾ ਛੜਾ ਕ੍ਹੈਂਦਾ ਪੈਰਾਂ ਵਿਚ ਪਾ ਦਿਆਂ । 2 ।
ਤੀਜਾ ਛੜਾ ਕ੍ਹੈਂਦਾ ਬੱਲੇ ਬੱਲੇ, ਵੇ ਢੋਲਾ…. …….. ……..

## ਕਾਲ਼ਿਆ ਨਸ਼ਾ ਤੈਂਨੂੰ ਭੰਗ ਦਾ

"ਕਾਲਿਆ ਕਾਲਿਆ ਪਿਛਾਂ ਹਟ ਨਸ਼ਾ ਤੈਂਨੂੰ ਭੰਗ ਦਾ । 2 ।"
"ਗੋਰੀਏ ਗੋਰੀਏ ਨਾ ਕਰ ਗੁਮਾਨ ਗੋਰੇ ਰੰਗ ਦਾ । 2 ।"
"ਸ੍ਹਾਬ ਦੀ ਕੋਠੀ ਹੇਠਾਂ ਹੱਟ ਹਲਵਾਈ ਦੀ । 2 ।
ਗੋਰੀਏ ਗੋਰੀਏ, ਡੂਨਾ ਲਿਆ ਦੂੰ ਕਲਾਕੰਦ ਦਾ । 2 ।"
"ਸ੍ਹਾਬ ਦੀ ਕੋਠੀ ਹੇਠਾਂ ਹੱਟ ਬਜਾਜੀ ਦੀ । 2 ।
ਗੋਰੀਏ ਗੋਰੀਏ, ਸੂਟ ਸਮਾ ਦੂ ਸਵਾ ਸੱਠ ਦਾ । 2 ।"
ਸ੍ਹਾਬ ਦੀ ਕੋਠੀ ਹੇਠਾਂ ਹੱਟ ਸੁਨਿਆਰੇ ਦੀ । 2 ।
ਗੋਰੀਏ ਗੋਰੀਏ ਸੈੱਟ ਬਣਾ ਦੂੰ ਨਵੇਂ ਸੰਨ ਦਾ । 2 ।"
"ਸ੍ਹਾਬ ਦੀ ਕੋਠੀ ਹੇਠਾਂ ਹੱਟ ਐ ਮੋਚੀ ਦੀ । 2 ।
ਗੋਰੀਏ ਗੋਰੀਏ ਸੈਂਡਲ ਲਿਆ ਦੂੰ ਨਵੇਂ ਸੰਨ ਦਾ । 2 ।"
"ਸ੍ਹਾਬ ਦੀ ਕੋਠੀ ਹੇਠਾਂ ਮੁਨਿਆਰੀ ਦੀ । 2 ।
ਗੋਰੀਏ ਗੋਰੀਏ ਬਿੰਦੀ ਲਿਆ ਦੂੰ ਲਾਲ ਰੰਗ ਦੀ । 2 ।"
"ਕਾਲਿਆ ਕਾਲਿਆ ਪਿਛਾਂ ਹੱਟ ਨਸ਼ਾ ਤੈਨੂੰ ਭੰਗ ਦਾ । 2 ।"
"ਗੋਰੀਏ ਗੋਰੀਏ ਨਾ ਕਰ ਗੁਮਾਨ ਗੋਰੇ ਰੰਗ ਦਾ । 2 ।"

## ਹੁਣ ਤਾਂ ਮਾਹੀਆਂ ਮੇਰਾ ਏ

ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਜਦੋਂ ਸੀ ਬੋਲਦਾ ਏ.ਬੀ.ਸੀ.ਡੀ, ਜਦੋਂ ਸੀ ਬੋਲਦਾ ਏ ਬੀ ਸੀ. ਡੀ ।
ਹੁਣ ਤਾਂ ਬੋਲਦਾ ਡਾਰਲਿੰਗ ਡਾਰਲਿੰਗ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਜਦੋਂ ਸੋ ਸੌਂਦਾ ਟੁੱਟੀ ਮੰਜੀ ਤੇ, ਜਦੋਂ ਸੀ ਸੌਂਦਾ ਟੁੱਟੀ ਮੰਜ ਤੇ ।
ਹੁਣ ਤਾਂ ਸੌਂਦਾ ਡਬਲ ਬੈੱਡ ਤੇ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਜਦੋਂ ਸੀ ਪਾਉਂਦਾ ਪਾਟੀਆਂ ਨਿਕਰਾਂ, ਜਦੋਂ ਸੀ ਪਾਉਂਦਾ ਪਾਟੀਆਂ ਨਿਕਰਾਂ
ਹੁਣ ਤਾਂ ਪਾਉਂਦਾ ਪੈਂਟ ਕੋਟ ਤੇ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਜਦੋਂ ਸੀ ਰ੍ਹੈਂਦਾ ਟੁੱਟੇ ਜਏ ਛੱਪਰਾਂ, ਜਦੋਂ ਸੀ ਰ੍ਹੈਂਦਾ ਟੁੱਟੇ ਜਏ ਛੱਪਰਾਂ ।
ਹੁਣ ਤਾਂ ਰ੍ਹੈਂਦਾ ਕੋਠੀਆਂ ਦੇ ਵਿਚ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮ੍ਹਾਈਆ ਮੇਰਾ ਏ । 2 ।
ਜਦੋਂ ਸੀ ਬੋਲਦਾ ਬੀਬੀ ਬੀਬੀ, ਜਦੋਂ ਸੀ ਬੋਲਦਾ ਬੀਬੀ ਬੀਬੀ ।
ਹੁਣ ਤੇ ਬੋਲਦਾ ਮਾਈ ਡੀਅਰ ਤੇ, ਹੁਣ ਤੇ ਮ੍ਹਾਈਆ ਮੇਰਾ ਏ । 2 ।
ਸੱਸੇ ਨਾ ਕਰ ਪੁੱਤਰ ਪੁੱਤਰ, ਹੁਣ ਤਾਂ ਮ੍ਹਾਈਆ ਮੇਰਾ ਏ । 2 ।

## ਕੰਜਰੀ ਮਾਰੀ ਚੀਕ

ਜੇ ਮੈਂ ਮਰੂੰ ਤਾਂ ਪਾਵੀਂ ਖੱਦਰ ਓਇ, ਹੇ ਜਮਾਲੋ । 2 ।
ਮ੍ਹੋਰੇ ਕੰਜਰੀ ਮਗਰੇ ਟੱਬਰ ਓਇ, ਹੇ ਜਮਾਲੋ । 2 ।

ਜੇ ਮੈਂ ਮਰੂੰ ਤੇ ਪਾਵੀਂ ਖਾਸਾ ਓਇ, ਹੇ ਜਮਾਲੋ । 2 ।
ਮੁੱਰੇ ਕੰਜਰੀ ਤੇ ਮਗਰੋਂ ਈ ਤਮਾਸ਼ਾ ਓਇ, ਹੇ ਜਮਾਲੋ । 2 ।
ਜੇ ਮੈਂ ਮਰੂੰ ਤੇ ਪਾਵੀਂ ਲੱਠਾ ਓਇ, ਹੇ ਜਮਾਲੋ । 2 ।
ਮੁੱਰੇ ਕੰਜਰੀ ਤੇ ਮਗਰੇ ਈ ਨੱਠਾ ਓਇ, ਹੇ ਜਮਾਲੋ । 2 ।
ਜੇ ਮੈਂ ਮਰੂੰ ਤੇ ਪਾਵੀਂ ਸ਼ੀਟ ਓਇ, ਹੇ ਜਮਾਲੋ । 2 ।
ਮੁੱਰੇ ਕੰਜਰੀ ਮਾਰੀ ਚੀਕ ਓਇ, ਹੇ ਜਮਾਲੋ । 2 ।

## ਰੰਡੀ ਮੇਮ ਨਾਲ ਰਹਿੰਦਾ

ਜੇ ਮੈਂ ਕ੍ਹੈਂਨੀ ਮੈਂਨੂੰ ਕਾਂਟੇ ਵੇ ਕਰਾਦੇ, ਨੀ ਮੇਰੇ ਕੰਨ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ, ਰੰਡੀ ਮੇਮ ਨਾਲ ਰਹਿੰਦਾ । 2 ।
ਜੇ ਮੈਂ ਕ੍ਹੈਂਨੀ ਮੈਂਨੂੰ ਘੜੀ ਵੇ ਲਿਆ ਦੇ, ਨੀ ਮੇਰਾ ਗੁੱਟ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ, ਰੰਡੀ ਮੇਮ ਨਾਲ ਰਹਿੰਦਾ ।
ਜੇ ਮੈਂ ਕ੍ਹੈਂਨੀਂ ਮੈਂਨੂੰ ਸਾੜ੍ਹੀ ਵੇ ਲਿਆ ਦੇ, ਨੀ ਮੇਰਾ ਲੱਕ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ, ਰੰਡੀ ਮੇਮ ਨਾਲ ਰਹਿੰਦਾ ।
ਜੇ ਮੈਂ ਕ੍ਹੈਂਨੀ ਸੁਰਖੀ ਵੇ ਲਿਆਦੇ, ਮੇਰੇ ਬੁਲ੍ਹ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ ਰੰਡੀ ਮੇਮ ਨਾਲ ਰਹਿੰਦਾ ।
ਜੇ ਮੈਂ ਕ੍ਹੈਂਨੀ ਮੈਂਨੂੰ ਗੁੱਤ ਵੇ ਲਿਆ ਦੇ, ਨੀ ਮੇਰਾ ਸਿਰ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ, ਰੰਡੀ ਮੇਮ ਨਾਲ ਰਹਿੰਦਾ ।
ਜੇ ਮੈਂ ਕ੍ਹੈਂਨੀ ਮੈਂਨੂੰ ਝਾਂਜਰਾਂ ਲਿਆ ਦੇ, ਨੀ ਮੇਰੇ ਗਿੱਟੇ ਵੱਢਣ ਪੈਂਦਾ ।
ਲੈ ਦੇਖ ਨਣਾਨੇ ਨੀ, ਰੰਡੀ ਮੇਮ ਨਾਲ ਰਹਿੰਦਾ ।

## ਮਾਹੀਆ ਕੰਜਰੀ ਵਿਹੜੇ ਜਾਂਦਾ

ਸ੍ਹੋਣਾ ਕੰਜਰੀ ਵ੍ਹੇੜੇ ਜਾਂਦਾ ਨੀ ਮੈਂ ਕੀ ਕਰਾਂ ਨੀ । 4 ।
ਅਸਾਂ ਝੁਮਕੇ ਵੇ ਬਣਾਏ, ਮ੍ਹਾਈਏ ਬੋਝੇ ਵਿਚ ਪਾਏ,
ਉਹਨੇ ਕੰਜਰੀ ਦੇ ਪੁਆਏ, ਨੀ ਮੈਂ ਕੀ ਕਰਾਂ ਨੀ,
ਸ੍ਹੋਣਾ ਕੰਜਰੀ ਵ੍ਹੇੜੇ ਜਾਂਦਾ, ਨੀ ਮੈਂ ਕੀ ਕਰਾਂ ਨੀ । 4 ।
ਅਸਾਂ ਸਾੜ੍ਹੀ ਮੰਗਵਾਈ, ਮ੍ਹਾਈਏ ਬੈਗ ਵਿਚ ਪਾਈ,
ਉਹਨੇ ਕੰਜਰੀ ਦੇ ਪੁਆਈ ਨੀ ਮੈਂ ਕੀ ਕਰਾਂ ਨੀ,
ਮ੍ਹਾਈਆ ਕੰਜਰੀ ਵ੍ਹੇੜੇ ਜਾਂਦਾ ਨੀ, ਮੈਂ ਕੀ ਕਰਾਂ ਨੀ । 4 ।
ਅਸਾਂ ਹਾਰ ਵੇ ਮੰਗਾਇਆ, ਮ੍ਹਾਈਏ ਬੋਝੇ ਵਿਚ ਪਾਇਆ,
ਉਹਨੇ ਕੰਜਰੀ ਦੇ ਪੁਆਇਆ, ਨੀ ਮੈਂ ਕੀ ਕਰਾਂ । 4 ।
ਮ੍ਹਾਈਆ ਕੰਜਰੀ ਵ੍ਹੇੜੇ ਜਾਂਦਾ, ਨੀ ਮੈਂ ਕੀ ਕਰਾਂ ਨੀ । 4 ।
ਅਸੀਂ ਪੈਂਡਲ ਵੇ ਬਣਾਇਆ, ਮ੍ਹਾਈਏ ਬੋਝੇ ਵਿਚ ਪਾਇਆ,
ਉਹਨੇ ਕੰਜਰੀ ਨੂੰ ਫੜਾਇਆ, ਨੀ ਮੈਂ ਕੀ ਕਰਨਾ ਨੀ,
ਮ੍ਹਾਈਆ ਕੰਜਰੀ, ਵ੍ਹੇੜੇ ਜਾਂਦਾ, ਨੀ ਮੈਂ ਕੀ ਕਰ ਨੀ । 4 ।

## ਕੁਲਫੀ ਖਾਣੀ ਤਾਂ ਆ ਜਾ ਕੱਲ੍ਹੀ

ਮੇਰੇ ਹੱਥ ਵਿਚ ਛੱਲੀ ਕੁਲਫੀ ਖਾਣੀ ਤਾਂ ਆ ਜਾ ਕੱਲੀ ਕੁਲਫੀ ਖਾਣੀ ਆਂ,
ਜਦੋਂ ਮੈਂ ਕੁਲਫੀ ਖਾਣ ਲੱਗੀ, ਉਤੋਂ ਆਇਆ ਜੇਠ, ਜਿਹੜਾ ਜੰਮਿਆ ਮੰਜੇ ਹੇਠ,
ਕੁਲਫੀ ਖਾਣੀ ਆਂ।' ਸ਼ਾਵਾ ਕੁਲਫੀ ਖਾਣੀ ਆਂ।
ਮੇਰੇ ਹੱਥ ਵਿਚ ਕਾਨਾ, ਮੇਰੀ ਸੱਸ ਨੇ ਮਾਰਿਆ ਤ੍ਰਾਨਾ, ਕੁਲਫੀ ਖਾਣੀ ਆਂ।
ਮੇਰੇ ਹੱਥ ਵਿਚ ਤੀਰ, ਮੇਰਾ ਆ ਗਿਆ ਉਤੋਂ ਵੀਰ, ਕੁਲਫੀ ਖਾਣੀ ਆਂ।
ਜਦੋਂ ਮੈਂ ਕੁਲਫੀ ਖਾਣ ਲੱਗੀ ਉਤੋਂ ਆ ਗਿਆ ਦੇਰ।
ਮੈਂਨੂੰ ਕਹਿੰਦਾ ਕੁਲਫੀ ਖਾਣੀ ਤਾ ਕਰਦੇ -ਮਿਹਰ, ਕੁਲਫੀ ਖਾਣੀ ਆਂ।
ਸ਼ਾਵਾ ਕੁਲਫੀ ਖਾਣੀ ਆਂ। ਸ਼ਾਵਾ ਕੁਲਫੀ ਖਾਣੀ ਆਂ।

## ਨਾ ਦਈਂ ਮਾਏ

ਜੱਟੀ ਹੀਰ ਨੇ ਪਰੀਤਾਂ ਲਾਈਆਂ, ਰਾਂਝੇ ਨੇ ਮੁੰਦਰਾਂ ਪਾਇਆ ।2।
ਨਾ ਦਈਂ ਮਾਏ ਲੁਧਿਹਾਣੇ ਨੀ, ਲੁੱਦੇਹਾਣੇ ਦੇ ਮੁੰਡੇ ਸਾਰੇ ਕਾਣੇ ਨੀ।2।
ਉਨ੍ਹਾਂ ਐਨਕਾ ਨਾਲ ਸਜਾਈਆ, ਰਾਂਝੇ ਨੇ ਮੁੰਦਰਾਂ ਪਾਈਆਂ।2।
ਨਾ ਦਈਂ ਮਾਏ ਨੀ ਜਲੰਧਰ ਨੀ, ਜਲੰਧਰ ਦੇ ਮੁੰਡੇ ਸਾਰੇ ਕੰਜਰ ਨੀ।2।
ਉਨ੍ਹਾਂ ਚਾਕੂ ਛੁਰੀਆਂ ਚਲਾਈਆਂ ਰਾਂਝੇ ਨੇ ਮੁੰਦਰਾਂ ਪਾਈਆਂ।2।
ਨਾ ਦਈਂ ਮਾਏ ਜੰਮੂ ਸ਼ੈਰ ਨੀ, ਜੰਮੂ ਸ਼ੈਰ 'ਚ ਵਗਦੀ ਨ੍ਹੈਰ ਨੀ।2।
ਉਹਨਾਂ ਰੰਨਾਂ ਰੋੜ ਗਵਾਈਆਂ, ਰਾਂਝੇ ਨੇ ਮੁੰਦਰਾਂ ਪਾਈਆਂ।2।
ਦੇ ਦਈਂ ਮਾਏ ਕਸ਼ਮੀਰ ਨੀ, ਕਸ਼ਮੀਰ ਦੇ ਮੁੰਡੇ ਸਾਰੇ ਹੀਰ ਨੀ।2।
ਉਹਨਾਂ ਗਾਨੀਆਂ ਨਾਲ ਸਜਾਈਆਂ, ਰਾਂਝੇ ਨੇ ਮੁੰਦਰਾਂ ਪਾਈਆਂ।2।
ਦੇ ਦਈਂ ਨੀ ਮਾਏ ਵਲੈਤ ਨੀ, ਵਲੈਤ ਦੇ ਮੁੰਡੇ ਸਾਰੇ ਲੈਕ ਨੀ।2।
ਉਨ੍ਹਾ ਚਿੱਠੀਆਂ ਪਾ ਕੇ ਮੰਗਾਈਆਂ, ਰਾਂਝੇ ਨੇ ਮੁੰਦਰਾਂ ਪਾਈਆਂ।2।
ਜੱਟੀ ਹੀਰ ਨੀ ਪਰੀਤਾਂ ਲਾਈਆਂ, ਰਾਂਝੇ ਨੇ ਮੁੰਦਰਾਂ ਪਾਈਆਂ।2।

## ਜੰਮੂ ਸ਼ਹਿਰ ਨਾ ਦਈਂ ਮੇਰੀ ਮਾਂ

ਜੰਮੂ ਸ਼ੈਰ ਨਾ ਦੇਈਂ ਮੇਰੀ ਮਾਂ, ਹਈ ਸ਼ਾਵਾ ।2।
ਜੰਮੂ ਸ਼ਹਿਰ ਦੇ ਕੁੱਤੇ ਬੁਰੇ, ਹਈ ਸ਼ਾਵਾ ।2।
ਭੌਂਕਣ ਸਾਰੀ ਰਾਤ ਨੀ ਮ੍ਹਾਈਏ ਦਾ ਨੌਕਰ ਨਿੱਕਾ ਜ੍ਹਿਆ, ਹਈ ਸ਼ਾਵਾ ।2।
ਨਿੱਕਾ ਜਿਆ ਸ਼ਤਾਨ ਨੀ ਮੇਰੀ ਉਂਗਲ ਮਰੋੜ ਕੇ ਮੁਕਰ ਗਿਆ, ਹਈ ਸ਼ਾਵਾ ।2।
ਮੈਂ ਕੁੜੀ ਅਣਜਾਣ ਨੀ, ਮੇਰਾ ਰੋਂਦੀ ਦਾ ਹਾਸਾ ਨਿਕਲ ਗਿਆ ਹਈ ਸ਼ਾਵਾ ।2।
ਜੰਮੂ ਸ਼ੈਰ ਨਾ ਦਈਂ ਮੇਰੀ ਮਾਂ, ਜੰਮੂ ਦੇ ਗਧੇ ਬੁਰੇ, ਹਈ ਸ਼ਾਵਾ ।2।
ਚੀਕਣ ਸਾਰੀ ਰਾਤ ਨੀ, ਮ੍ਹਾਈਏ ਦਾ ਨੌਕਰ ਨਿੱਕਾ ਜਿਹਾ, ਹਈ ਸ਼ਾਵਾ ।2।
ਜੰਮੂ ਸ਼ਹਿਰ ਨਾਂ ਦਈਂ ਮੇਰੀ ਮਾਂ, ਜੰਮੂ ਸ਼ਹਿਰ ਦੇ ਬੁੱਢੇ ਬੁਰੇ, ਹਈ ਸ਼ਾਵਾ ।2।
ਜੇਹੜੇ ਖੰਘਦੇ ਸਾਰੀ ਰਾਤ ਨੀ, ਮ੍ਹਾਈਏ ਦਾ ਨੌਕਰ ਨਿੱਕਾ ਜਿਹਾ ਹਈ ਸ਼ਾਵਾ ।2।
ਜੰਮੂ ਸ਼ੈਰ ਨਾ ਦਈਂ ਮੇਰੀ ਮਾਂ, ਜੰਮੂ ਸ਼ੈਰ ਦੇ ਮੁੰਡੇ ਬੁਰੇ, ਹਈ ਸ਼ਾਵਾ ।2।

ਪੜਦੇ ਸਾਰੀ ਰਾਤ ਨੀ ਮ੍ਰਾਈਏ ਦਾ ਨੌਕਰ ਨਿੱਕਾ ਜਿਹਾ, ਹਈ ਸ਼ਾਵਾ ।2।
ਜੰਮੂ ਸ਼ੈਹਰ ਨਾ ਦੇਈਂ ਮੇਰੀ ਮਾਂ, ਜੰਮੂ ਸ਼ੈਹਰ ਦੇ ਰੋੜ ਬੁਰੇ, ਹਈ ਸ਼ਾਵਾ ।2।
ਖੁਭਦੇ ਸਾਰੀ ਰਾਤ ਨੀ ਮ੍ਰਾਈਏ ਦਾ ਨੌਕਰ ਨਿੱਕਾ ਜਿਹਾ, ਹਈ ਸ਼ਾਵਾ ।2।
ਨਿੱਕਾ ਜਿਹਾ ਸ਼ਤਾਨ ਨੀ ਮੇਰੀ ਉਂਗਲ ਮਰੋੜ ਕੇ ਮੁਕਰ ਗਿਆ, ਹਈ ਸ਼ਾਵਾ ।2।
ਮੈਂ ਕੁੜੀ ਅਣਜਾਣ ਨੀ ਰੋਂਦੀ ਦਾ ਹਾਸਾ ਨਿਕਲ ਗਿਆ, ਹਈ ਸ਼ਾਵਾ ।2।

## ਸੱਸ ਮੇਰੀ ਨੂੰ ਲੁੱਟ ਕੇ ਲੈ ਗਿਆ

ਹੱਖ ਸ਼ਰਾਬੀ ਹੋਠ ਗੁਲਾਬੀ, ਮੂੰਹ ਵਿਚ ਪੱਤਾ ਪਾਨ ਦਾ,
ਸੱਸ ਮੇਰੀ ਨੂੰ ਲੁੱਟ ਕੇ ਲੈ ਗਿਆ, ਡਾਕੂ ਪਾਕਿਸਤਾਨ ਦਾ,
ਹੋ ਬੱਲੇ ਬੱਲੇ, ਸ਼ਾਵਾ ਬਈ ਓ ਬੱਲੇ ਬੱਲੇ।
ਭਾਂਡੇ ਸਾਰੇ ਵੰਡਣ ਲੱਗੇ, ਪਤੀਲੀ ਵਲਾਂ ਖਲੋਈਂ ਵੇ,
ਪਤੀਲੀ ਨੂੰ ਦਿਲ ਮੇਰਾ ਕਰਦਾ, ਉਹ ਵੀ ਲੈ ਗਿਆ ਕੋਈ ਵੇ।
ਓ ਬੱਲੇ ਬੱਲੇ, ਸ਼ਾਵਾ ਬਈ ਓ ਬੱਲੇ ਬੱਲੇ।
ਕਪੜੇ ਸਾਰੇ ਵੰਡਣ ਲੱਗੇ, ਸ੍ਰਾੜੀ ਵਲਾਂ ਖਲੋਈਂ ਵੇ,
ਸ੍ਰਾੜੀ ਨੂੰ ਦਿਲ ਮੇਰਾ ਕਰਦਾ, ਉਹ ਵੀ ਲੈ ਗਿਆ ਕੋਈ ਵੇ।
ਮ੍ਰਈਆਂ ਸਾਰੀਆਂ ਵੰਡਣ ਲੱਗੇ, ਬੂਰੀ ਵਲਾਂ ਖਲੋਈਂ ਵੇ।
ਬੂਰੀ ਨੂੰ ਦਿਲ ਮੇਰਾ ਕਰਦਾ, ਉਹ ਵੀ ਲੈ ਗਿਆ ਕੋਈ ਵੇ।
ਮ੍ਹੈਲ ਚੁਬਾਰੇ ਵੰਡਣ ਲੱਗੇ, ਕੋਠੀ ਵਲਾਂ ਖਲੋਈਂ ਵੇ।
ਕੋਠੀ ਨੂੰ ਦਿਲ ਮੇਰਾ ਕਰਦਾ, ਉਹ ਵੀ ਲੈ ਗਿਆ ਕੋਈ ਵੇ।
ਬੁੱਢੀ ਬੁੱਢਾ ਵੰਡਣ ਲੱਗੇ, ਵਿਚੋਂ ਖਿਸਕ ਜਾਈਂ ਵੇ।
ਬੁੱਢਾ ਬੁੱਢੀ ਪੱਲੇ ਪੈ ਗਿਆ, ਉਹ ਨਾ ਲੈ ਗਿਆ ਕੋਈ ਵੇ।
ਓ ਬੱਲੇ ਬੱਲੇ, ਸ਼ਾਵਾ ਬਈ ਓ ਬੱਲੇ ਬੱਲੇ।
ਹੱਖ ਸ਼ਰਾਬੀ ਹੋਠ ਗੁਲਾਬੀ, ਮੂੰਹ ਵਿਚ ਪਤਾ ਪਾਨ ਦਾ।
ਸੱਸ ਮੇਰੀ ਨੂੰ ਲੁੱਟ ਕੇ ਲੈ ਗਿਆ, ਡਾਕੂ ਪਾਕਿਸਤਾਨ ਦਾ।

## ਬੁੱਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ

ਓ ਸ੍ਹੋਣਿਆ ਪਰਦੇਸੀ, ਨਾ ਕਰ ਗੁਮਾਨ ਗੋਰੇ ਰੰਗ ਦਾ ।2।
ਪੀਲ਼ੀ ਪੀਲ਼ੀ ਮਿੱਟੀ ਦੇ ਬਨੇਰੇ ਲਿਪਦੀ, ਬੁੱਢੜੇ ਨੂੰ ਦੇਖ ਕੇ ਮੈਂ ਦੂਰੋਂ ਪਿੱਟਦੀ।2।
ਪੀਲ਼ੀ ਪੀਲ਼ੀ ਮਿੱਟੀ ਦੇ ਬਨੇਰੇ ਸੁੱਕ ਗਏ, ਬੁੱਢੜੇ ਨੂੰ ਦੇਖ ਮੇਰੇ ਲੇਖ ਫੁੱਟ ਗਏ।2।
ਕਾਸ਼ਨੀ ਦੁਪੱਟਾ ਨੀ ਮੈਂ ਹੁਣੇ ਰੰਗਿਆ, ਮਾਹੀ ਗਿਆ ਪਰਦੇਸ ਨੀ ਮੈਂ ਕੀਲੀ ਟੰਗਿਆ।2।
ਕਾਸ਼ਨੀ ਦੁਪੱਟਾ ਗੁਲਾਨਾਰ ਹੋ ਗਿਆ, ਸ੍ਹੋਣੀਆਂ ਰੰਨਾਂ ਦਾ ਬੁਰਾ ਹਾਲ ਹੋ ਗਿਆ।2।
ਗੱਡੀ ਆਈ ਗੱਡੀ ਆਈ ਵਿਚ ਸ਼ਹਿਰ ਦੇ, ਬੁੱਢੜੇ ਨੂੰ ਧੱਕਾ ਦੇਵੋ ਵਿਚ ਨਹਿਰ ਦੇ।2।
ਗੱਡੀ ਆਈ ਗੱਡੀ ਆਈ ਕੂਕਾਂ ਮਾਰਦੀ, ਬੁੱਢੜੇ ਦੀ ਦਾੜ੍ਹੀ ਵਿਚ ਅੱਗਾ ਬਲਦੀ।2।

## ਸੁਨਿਆਰੇ ਮੇਰੀ ਨੱਥ ਵੇ ਘੜੀ

ਵੇ ਆ੍ਹ ਲੈ ਜੋਗੀ ਸੱਪ ਮਸਤਾਨਾ । 2 ।
ਸੌਂਰਿਆ ਸਾਨੂੰ ਮ੍ਹੈਲ ਵੇ ਪੁਆ ਦੇ, ਵੇ ਆ੍ਹ ਲੈ ਜੋਗੀ ਉਤੇ ਪੁਆ ਦੇ ਚੁਬਾਰਾ । 2 ।
ਹੇਠਾਂ ਜੋਗੀ ਮੈਂ ਵੇ ਵਸਾਂ, ਵੇ ਆ੍ਹ ਲੈ ਜੋਗੀ ਉਤੇ ਵਸੇ ਸੁਨਿਆਰਾ । 2 ।
ਸੁਨਿਆਰੇ ਮੇਰੀ ਨੱਥ ਵੇ ਘੜੀ, ਵੇ ਆ੍ਹ ਲੈ ਜੋਗੀ ਚੁਟਕੀ ਦੇ ਵਿਚ ਵੇ ਸਤਾਰਾ । 2 ।
ਸੌਂਰਿਆ ਸਾਨੂੰ ਮ੍ਹੈਲ ਵੇ ਲੈ ਦੇ, ਵੇ ਆ੍ਹ ਲੈ ਜੋਗੀ, ਲੱਸੀ ਪੀਵੇ ਟੱਬਰ ਸਾਰਾ । 2 ।
ਲੱਸੀ ਪੀਵੇ ਟੱਬਰ ਸਾਰਾ, ਵੇ ਆ੍ਹ ਲੈ ਜੋਗੀ, ਮੱਖਣ ਖਾਵੇ ਸੁਨਿਆਰਾ । 2 ।
ਨੱਥ ਪਾ ਕੇ ਬ੍ਹਾਰ ਨੂੰ ਗਈ, ਵੇ ਆ੍ਹ ਲੈ ਜੋਗੀ, ਪਿੰਡ ਪਿੰਡ ਪਿਆ ਲਸ਼ਕਾਰਾ । 2 ।
ਇਕ ਮੇਰਾ ਸੌਂਰਾ ਵੇ ਬੁਰਾ, ਵੇ ਆ੍ਹ ਲੈ ਜੋਗੀ, ਝੁੰਡ ਵਾਲਾ ਰਖਦਾ ਪੁਆੜਾ । 2 ।
ਇਕ ਮੇਰਾ ਜੇਠ ਵੇ ਬੁਰਾ, ਵੇ ਆ੍ਹ ਲੈ ਜੋਗੀ, ਤੁਰਦੀ ਦਾ ਲੈਂਦਾ ਐ ਨਤਾਰਾ । 2 ।
ਇਕ ਮੇਰੀ ਸੱਸ ਵੇ ਬੁਰੀ, ਵੇ ਆ੍ਹ ਲੈ ਜੋਗੀ, ਚੌਂਕਾ ਤਾਂ ਮੱਲਦੀ ਐ ਸਾਰਾ । 2 ।
ਇਕ ਸਾਡਾ ਦੇਰ ਵੇ ਬੁਰਾ, ਵੇ ਆ੍ਹ ਲੈ ਜੋਗੀ, ਨਿੱਤ ਉਹ ਰੱਖਦਾ ਪੁਆੜਾ । 2 ।
ਇਕ ਸਾਡਾ ਕੌਂਤ ਵੇ ਚੰਗਾ, ਵੇ ਆ੍ਹ ਲੈ ਜੋਗੀ, ਰਲ ਮਿਲ ਕਰਦਾ ਗੁਜਾਰਾ । 2 ।
ਵੇ ਆ੍ਹ ਲੈ ਜੋਗੀ ਰਲ ਮਿਲ ਕਰਦਾ ਗੁਜਾਰਾ । 2 ।
ਵੇ ਆ੍ਹ ਲੈ ਜੋਗੀ ਸੱਪ ਮਸਤਾਨਾ ਆਇਆ । 2 ।

## ਕਪੁੱਤ ਤੋਂ ਡਰਦੀਆਂ ਨੀ

ਸਾਲੂ ਕਢਦੀਆਂ ਨੀ, ਸਾਲੂ ਕਢਦੀਆਂ ਨੀ ।
ਸੱਸ ਮੇਰੀ ਕੁਪੱਤੀ, ਕਪੱਤ ਤੋਂ ਡਰਦੀਆਂ ਨੀ ।
ਕੁਪੱਤ ਤੋਂ ਡਰਦੀਆਂ ਨੀ, ਕਪੱਤ ਤੋਂ ਡਰਦੀਆਂ ਨੀ ।
ਸੌਂਰਾ ਬੜਾ ਕੁਪੱਤਾ, ਕਪੱਤ ਤੋਂ ਡਰਦੀਆਂ ਨੀ ।
ਕਪੱਤ ਤੋਂ ਡਰਦੀਆਂ ਨੀ ਕਪੱਤ ਤੋਂ ਡਰਦੀਆਂਨੀ ।
ਜੇਠ ਘੜੇ ਦਾ ਮੂੰਅ ਕ ਦ੍ਹਾੜੀਉਂ ਫੜਦੀਆਂ ਨੀ ।
ਦ੍ਹਾੜਿਉਂ ਫੜਦੀਆਂ ਨੀ, ਦ੍ਹਾੜੀਉਂ ਫੜਦੀਆਂ ਨੀ ।
ਜੇਠ ਠਾਣੇਦਾਰ, ਕਚ੍ਹੈਰੀਉਂ ਡਰਦੀਆਂ ਨੀ ।
ਕਚ੍ਹੈਰੀਉਂ ਡਰਦੀਆਂ ਨੀ, ਕਚ੍ਹੈਰੀਉਂ ਡਰਦੀਆਂ ਨੀ ।
ਦੇਰ ਮੇਰਾ ਕਪੱਤਾ, ਕਪੱਤ ਤੋਂ ਡਰਦੀਆਂ ਨੀ ।
ਕਪੱਤ ਤੋਂ ਡਰਦੀਆ ਨੀ, ਕਪੱਤ ਤੋਂ ਡਰਦੀਆਂ ਨੀ ।
ਦੋ ਮਾਰਾਂਗੀ ਥੱਪੜ, ਬ੍ਹੇੜਿਉਂ ਕਢਦੀਆਂ ਨੀ ।
ਬ੍ਹਿੜਿਉਂ ਕਢਦੀਆਂ ਨੀ, ਬ੍ਹੇੜਿਉਂ ਕਢਦੀਆਂ ਨੀ ।
ਬ੍ਹਾਰੋਂ ਆਵੇ ਸਰਦਾਰ, ਸਰਦਾਰੀਉਂ ਡਰਦੀਆਂ ਨੀ ।
ਸਰਦਾਰੀਉਂਂ ਡਰਦੀਆਂ ਨੀ, ਸਰਦਾਰੀਉਂ ਡਰਦੀਆਂ ਨੀ ।
ਪਤੀ ਮੇਰਾ ਪਰਮੇਸ਼ਰ, ਉਹ ਤੋਂ ਡਰਦੀਆ ਨੀ ।

## ਮੈਂ ਬੋਲਾਂ ਤੇ ਕਪੱਤੀ

ਸੁਣ ਨੀ ਵ੍ਹੇੜੇ ਵਾਲੀਓ ਮੈਂ ਬੋਲਾਂ ਤੇ ਕਪੱਤੀ । 2 ।
ਸੱਸ ਮੇਰੀ ਨੇ ਭਾਂਡੇ ਵੰਡੇ, ਸੱਸ ਮੇਰੀ ਨੇ ਭਾਂਡੇ ਵੰਡੇ । 2 ।
ਸੌਂਰਾ ਵੰਡੇ ਕੜਛੀ, ਸੁਣੋ ਨੀ ਵ੍ਹੇੜੇ ਵਾਲੀਉ ਮੈਂ ਮੱਛੀ ਵਾਂਗੂੰ ਤੜਫੀ ।
ਸੁਣੋ ਨੀ ਵ੍ਹੇੜੇ ਵਾਲੀਉ ਮੈਂ ਮੱਛੀ ਵਾਂਗੂੰ ਤੜਫੀ ।
ਸੱਸ ਮੇਰੀ ਨੇ ਮੱਝਾਂ ਵੰਡੀਆਂ, ਸੱਸ ਮੇਰੀ ਨੇ ਮੱਝਾਂ ਵੰਡੀਆਂ ।
ਸੌਂਰੇ ਵੰਡੀ ਕੱਟੀ, ਸੁਣੋ ਨੀ ਵ੍ਹੇੜੇ ਵਾਲੀਉ ਮੈਂ ਮੱਛੀ ਵਾਂਗੂੰ ਤੜਫੀ ।
ਸੌਂਰੇ ਮੇਰੇ ਨੇ ਕੋਠੇ ਵੰਡੇ, ਸੌਂਰੇ ਮੇਰੇ ਨੇ ਕੋਠੇ ਵੰਡੇ ।'
ਮੇਰੇ ਵੰਡੇ ਟੱਟੀ, ਸੁਣੋ ਨੀ ਵ੍ਹੇੜੇ ਵਾਲੀਉ ਮੈਂ ਮੱਛੀ ਵਾਂਗੂੰ ਤੜਫੀ ।
ਸੌਂਰੇ ਮੇਰੇ ਨੇ ਭਾਂਡੇ ਵੰਡੇ, ਸੌਂਰੇ ਮੇਰੇ ਨੇ ਭਾਂਡੇ ਵੰਡੇ ।
ਮੇਰੇ ਵੰਡੇ ਕੌਲੀ, ਸੌਂਰਿਆ ਵੇ ਤੇਰੀ ਜਾਨ ਨੂੰ ਮੈਂ ਚੜ੍ਹ ਚੁਬਾਰੇ ਬੋਲੀ ।
ਸੌਂਰੇ ਮੇਰੇ ਨੇ ਖਰਬੂਜੇ ਵੰਡੇ, ਸੌਂਰੇ ਮੇਰੇ ਨੇ ਖਰਬੂਜੇ ਵੰਡੇ ।
ਮੇਰੇ ਵੰਡੇ ਪਿੱਦੀ, ਸੌਂਰਿਆਂ ਵੇ ਤੇਰੀ ਜਾਨ ਨੂੰ ਮੈਂ ਖਿੜਕੀ ਉਹਲੇ ਪੱਟੀ ।

## ਸੱਸੂ ਨੂੰ ਚੜ੍ਹਿਆ ਚਾ

ਮੈਂ ਨਵੀਂ ਵਿਆਂਦੜ ਆਈ ਕਿ ਚੂੜਾ ਛਣਕਿਆ, ਸ਼ਾਵਾ ਚੂੜਾ ਛਣਕਿਆ ।
ਪੂੜੇ ਨੂੰ ਕੀਤਾ ਜੀਅ ਕਿ ਆਟਾ ਗੁਨ੍ਹਿਆ, ਸ਼ਾਵਾ ਆਟਾ ਗੁਨ੍ਹਿਆ ।
ਜਾਂ ਪੂੜਾ ਪਕਾਇਆ, ਗਵਾਂਢਣ ਪੁੱਛਦੀ, ਸ਼ਾਵਾ ਗੁਆਂਢਣ ਪੁੱਛਦੀ ।
ਜਾਂ ਪਕਾਇਆ ਪੂੜਾ ਕ ਸੱਸੂ ਜਾਗ ਪਈ, ਸ਼ਾਵਾ ਸੱਸੂ ਜਾਗ ਪਈ ।
ਪ੍ਰੀੜੀ ਹੇਠ ਲੁਕੋਵਾਂ ਕ ਪ੍ਰੀੜੀ ਸੱਸੂ ਦੀ, ਸ਼ਾਵਾ ਪ੍ਰੀੜੀ ਸੱਸੂ ਦੀ ।
ਪ੍ਰੀੜੀ ਹੇਠ ਲੁਕੋਵਾਂ ਕ ਮੰਜਾ ਜੇਠ ਦਾ, ਸ਼ਾਵਾ ਮੰਜਾ ਜੇਠ ਦਾ ।
ਪੌੜੀ ਹੇਠ ਲੁਕੋਵਾਂ ਕ ਚੰਬਾ ਢ੍ਹੈ ਪਿਆ, ਸ਼ਾਵਾ ਚੰਬਾ ਢ੍ਹੈ ਪਿਆ ।
ਲੈ ਕੇ ਕੋਠੇ ਤੇ ਚੜ੍ਹਾਂ ਕੇ ਇੱਲਾਂ ਭਉਂਦੀਆਂ, ਸ਼ਾਵਾ ਇੱਲਾਂ ਭਉਂਦੀਆਂ ।
ਲੈ ਚੁਬਾਰੇ ਚੜ੍ਹਾਂ ਤੇ ਮ੍ਰਾਈਆ ਆ ਗਿਆ, ਸ਼ਾਵਾ ਮ੍ਰਾਈਆ ਆ ਗਿਆ ।
ਮੈਂ ਸਾਲੂ ਵਿਚ ਲਪੇਟੀ ਮਾਹੀ ਨੇ ਕੁੱਟਿਆ, ਸ਼ਾਵਾ ਮਾਹੀ ਨੇ ਕੁੱਟਿਆ ।
ਸੱਸੂ ਨੂੰ ਚੜ੍ਹ ਗਿਆ ਚ ਕ ਨੂੰਹ ਕੁੱਟਿਆ, ਸ਼ਾਵਾ ਨੂੰਹ ਨੂੰ ਕੁੱਟਿਆ ।
ਬਹੂ ਬਗਾਨੀ ਧੀ ਕ ਤੂਈਉਂ ਮੰਨਿਆ, ਸ਼ਾਵਾ ਤੂਈਉਂ ਮੰਨਿਆ ।
ਮੈਂ ਨਵੀਂ ਵ੍ਹਿਆਂਦੜ ਆਈ, ਕ ਚੂੜਾ ਛਣਕਿਆ, ਸ਼ਾਵਾ ਚੂੜਾ ਛਣਕਿਆ ।

## ਜੇਠ ਬੇਈਮਾਨ

ਵਗਦੀ ਨੀ, ਵਗਦੀ ਨੀ, ਨਦੀ ਨਰਵੈਣ ਵਗਦੀ ਨੀ । 2 ।
ਡੁੱਬ ਗਈ ਨੀ, ਡੁੱਬ ਗਈ ਨੀ, ਜਠਾਣੀ ਬਦਕਾਰ ਡੁੱਬ ਗਈ ਨੀ । 2 ।
ਰੋਂਦਾ ਨੀ, ਰੋਂਦਾ ਨੀਂ ਜੇਠ ਬੇਈਮਾਨ, ਰੋਂਦਾ ਨੀ । 2 ।
ਸੁੱਕ ਗਈ ਨੀ, ਸੁੱਕ ਗਈ ਨੀ, ਨਦੀ ਨਰਵੈਣ ਸੁੱਕ ਗਈ ਨੀ । 2 ।
ਨਿਕਲੀ ਨੀ, ਨਿਕਲੀ ਨੀ ਜਠਾਣੀ ਬਦਕਾਰ ਨਿਕਲੀ ਨੀ । 2 ।
ਹੱਸਿਆ ਨੀ, ਹੱਸਿਆ ਨੀ, ਜੇਠ ਬੇਈਮਾਨ ਹੱਸਿਆ ਨੀ । 2 ।

## ਤੇਰੀ ਭਾਬੋ ਲੜ ਅਸੀਂ ਲੜੀਏ

ਅਸੀਂ ਟਿਬਿਉਂ ਰ੍ਹੇੜਾ ਰ੍ਹੇੜਿਆ ਵੇ ਲਾਲ । 2 ।
ਘਰ ਆ ਜਾ ਮੱਖਣ ਦਿਆ ਪੇੜਿਆ ਵੇ ਲਾਲ । 2 ।
ਤੇਰੀ ਮਾਈ ਨੇ ਸਾਡੇ ਨਾਲ ਕੀਤੀਆਂ ਵੇ ਲਾਲ । 2 ।
ਅਸੀਂ ਪਾ ਗੁਥਲੀ ਵਿਚ ਸੀਤੀਆਂ ਵੇ ਲਾਲ । 2 ।
ਜਦੋਂ ਆਵੇਂ ਤੇ ਉਦੋਂ ਗੱਲਾਂ ਦੱਸੀਏ ਵੇ ਲਾਲ । 2 ।
ਨਈਂ ਤਾਂ ਦਿਲ ਦੀਆਂ ਦਿਲ ਵਿਚ ਰੱਖੀਏ ਵੇ ਲਾਲ । 2 ।
ਜਦੋਂ ਵਸਾਂਗੇ ਓਦੋਂ ਗੱਲਾਂ ਦੱਸਾਂਗੇ ਵੇ ਲਾਲ । 2 ।
ਅਸੀਂ ਟਿਬਿਉਂ ਰ੍ਹੇੜਾ ਰ੍ਹੇੜਿਆ ਵੇ ਲਾਲ । 2 ।
ਘਰ ਆ ਜਾ ਮੱਖਣ ਦਿਆ ਪੇੜਿਆ ਵੇ ਲਾਲ । 2 ।
ਤੇਰੀ ਭੈਣਾਂ ਨੇ ਸਾਡੇ ਨਾਲ ਕੀਤੀਆਂ ਵੇ ਲਾਲ । 2 ।
ਅਸੀਂ ਪਾ ਗੁਥਲੀ ਵਿਚ ਸੀਤੀਆਂ ਵੇ ਲਾਲ । 2 ।
ਜਦੋਂ ਆਵੇਗਾ ਓਦੋਂ ਗੱਲਾਂ ਦੱਸੀਏ ਵੇ ਲਾਲ । 2 ।
ਅਸੀਂ ਟਿਬਿਉਂ ਰ੍ਹੇੜਾ, ਰ੍ਹੇੜਿਆ ਵੇ ਲਾਲ । 2 ।
ਘਰ ਆ ਜਾ ਮੱਖਣ ਦਿਆ ਪੇੜਿਆ ਵੇ ਲਾਲ । 2 ।
ਤੇਰੀ ਭਾਬੋ ਨੇ ਸਾਡੇ ਨਾਲ ਕੀਤੀਆਂ ਵੇ ਲਾਲ । 2 ।
ਅਸਾਂ ਪਾ ਗੁਥਲੀ ਵਿਚ ਸੀਤੀਆਂ ਵੇ ਲਾਲ । 2 ।
ਤੇਰੀ ਭਾਬੋ ਲੜੇ ਅਸੀਂ ਲੜੀਏ ਵੇ ਲਾਲ । 2 ।
ਸਿਰ ਡਾਹ ਕੇ ਸ਼ਰੀਕਾ, ਕਰੀਏ ਵੇ ਲਾਲ । 2 ।
ਅਸੀਂ ਟਿਬਿਉਂ ਰ੍ਹੇੜਾ, ਰ੍ਹੇੜਿਆ ਵੇ ਲਾਲ । 2 ।

## ਨਣਦੇ ਨੀ ਜਾ ਸਹੁਰੇ

ਸੁੱਥਣੇ ਨੀ ਸ਼ੀਂਟ ਦੀਏ, ਸੁੱਥਣੇ ਨੀ ਸ਼ੀਂਟ ਦੀਏ ।
ਤੇਰਾ ਨਾਲ਼ਾ ਘੁੰਘਰੂਆਂ ਵਾਲ਼ਾ, ਨੀ ਸ਼ੀਂਟ ਦੀਏ । 2 ।
ਨਣਦੇ ਨੀ ਜਾ ਸ੍ਹੌਰੇ, ਨਣਦੇ ਨੀ ਜਾ ਸ੍ਹੌਰੇ ।
ਤੇਰਾ ਫੁੱਲ ਗੁਲਾਬੀ, ਆਇਆ ਨੀ, ਜਾ ਸਹੁਰੇ । 2 ।
ਨਣਦੇ ਨੀ ਜਾ ਸ੍ਹੌਰੇ, ਨਣਦੇ ਨੀ ਜਾ ਸ੍ਹੌਰੇ ।
ਭਾਬੋ ਨੀ ਨਈਂ ਜਾਣਾ, ਭਾਬੋ ਨੀ ਨਈਂ ਜਾਣਾ । 2 ।
ਭਾਵੇਂ ਲਾਟ ਸ੍ਹਾਬ ਚੜ੍ਹ ਆਵੇ ਨੀ, ਨਈਂ ਜਾਣਾ । 2 ।
ਨਣਦੇ ਨੀ ਵਿਗੜ ਗਈਉ, ਨਣਦੇ ਨੀ ਵਿਗੜ ਗਈਉ ।
ਤੂੰ ਕ੍ਹਿੜੇ ਸ੍ਹਾਬ ਨਾਲ ਜਾਣਾ ਨੀ, ਵਿਗੜ ਗਈਉ । 2 ।
ਬਾਬੂ ਨੀ ਗੱਡੀਆਂ ਦਾ, ਬਾਬੂ ਨੀ ਗੱਡੀਆਂ ਦਾ ।
ਜ੍ਹੇੜਾ ਸ਼੍ਹੈਰਾਂ ਦੀ ਸੈਲ ਕਰਾਵੇ ਨੀ, ਗੱਡੀਆਂ ਦਾ । 2 ।
ਨਣਦੇ ਨੀ ਜਾ ਸ੍ਹੌਰੇ, ਨਣਦੇ ਨੀ ਜਾ ਸ੍ਹੌਰੇ ।
ਭਾਬੋ ਨੀ ਨਈਂ ਜਾਣਾ, ਭਾਬੋ ਨੀ ਨਈਂ ਜਾਣਾ ।

ਤੂੰ ਕ੍ਰੇੜੇ ਸ੍ਰਾਬ ਨਾਲ ਜਾਣਾ ਨੀ, ਜਾ ਸ੍ਰੌਰੇ । 2 ।
ਬਾਬੂ ਨੀ ਬੈਂਕਾਂ ਦਾ, ਬਾਬੂ ਨੀ ਬੈਂਕਾਂ ਦਾ ।
ਕ੍ਰੇੜਾ ਚਿੱਟੇ ਚਿੱਟੇ ਨੋਟ ਫੜਾਵੇ ਨੀ, ਬੈਂਕਾਂ ਦਾ । 2 ।
ਨਣਦੇ ਨੀ ਜਾ ਸ੍ਰੌਰੇ, ਨਣਦੇ ਨੀ ਜਾ ਸ੍ਰੌਰੇ ।
ਭਾਬੋ ਨੀ ਨਈਂ ਜਾਣਾ, ਭਾਬੋ ਨੀ ਨਈਂ ਜਾਣਾ ।
ਤੂੰ ਕ੍ਰੇੜੇ ਸ੍ਰਾਬ ਨਾਲ ਜਾਣਾ ਨੀ, ਵਿਗੜ ਗਈਉ । 2 ।
ਮਾਸਟਰ ਨੀ ਸਕੂਲਾਂ ਦਾ, ਮਾਸਟਰ ਨੀ ਸਕੂਲਾਂ ਦਾ ।
ਜ੍ਰੇੜਾ ਮੁੰਡਿਆਂ ਨੂੰ ਆਪ ਪੜ੍ਹਾਵੇ ਨੀ, ਸਕੂਲਾਂ ਦਾ । 2 ।
ਸੁੱਥਣੇ ਨੀ ਸ਼ੀਂਟ ਦੀਏ, ਸੁੱਥਣੇ ਨੀ ਸ਼ੀਂਟ ਦੀਏ ।
ਤੇਰਾ ਨਾਲਾ ਘੁੰਘਰੂਆਂ ਵਾਲ਼ਾ ਨੀ, ਸ਼ੀਂਟ ਦੀਏ । 2 ।

## ਹਕੀਮ ਤਾਰਾ ਚੰਦ

ਸਾਡੇ ਕਮਰੇ ਕਮਰੇ ਆਵਣਾ ਹਕੀਮ ਤਾਰਾ ਚੰਦ । 2 ।
ਸਾਡੀ ਨਬਜ ਦੇਖਣੀ ਚਲਦੀ ਕਿ ਬੰਦ । 2 ।
ਤੁਸੀਂ ਆਇਉ ਹਕੀਮ ਜੀ, ਗੋਰੀ ਬੜੀ ਤੰਗ । 2 ।
ਹਕੀਮ ਨੇ ਦੱਸਿਆ ਮੂੰਗੀ ਤੇ ਫੁਲਕਾ । 2 ।
ਮੈਂ ਤਾਂ ਖਾਈ ਹਕੀਮ ਜੀ, ਆਲੂ ਗੋਭੀ ਬੰਦ । 2 ।
ਹਕੀਮ ਨੇ ਦੱਸਿਆ ਬਹੁਤਾ ਨਈਂ ਬੋਲਣਾ । 2 ।
ਅਸੀਂ ਲਾ ਲਿਆ ਹਕੀਮ ਜੀ ਜਠਾਣੀ ਨਾਲ ਜੰਗ । 2 ।
ਹਕੀਮ ਨੇ ਦੱਸਿਆ ਬਹੁਤਾ ਨਈਂ ਫਿਰਨਾ । 2 ।
ਮੈਂ ਤਾਂ ਟੱਪ ਆਈਆਂ ਹਕੀਮ ਜੀ, ਜੇਠ ਵਾਲੀ ਕੰਧ । 2 ।
ਅਸੀਂ ਹੋ ਗਏ ਹਕੀਮ ਜੀ, ਅੱਗੇ ਨਾਲੋਂ ਤੰਗ । 2 ।
ਸਾਡੇ ਕਮਰੇ ਕਮਰੇ ਆਵਣਾ ਹਕੀਮ ਤਾਰਾ ਚੰਦ । 2 ।

## ਪਾਣੀ ਮਾਰ ਉਛਾਲੀ ਆਇਆ

ਪਾਣੀ ਮਾਰ ਉਛਾਲੀ ਆਇਆ ਵਗਦੀ ਨ੍ਹੈਰ ਦੇ ਕੰਢੇ । 2 ।
ਸਾਨੂੰ ਹੋਟਲ ਇਕ ਪੁਆ ਦਿਓ, ਵਗਦੀ ਨ੍ਹੈਰ ਦੇ ਕੰਢੇ । 2 ।
ਖਾਣਾ ਖਾਣਗੀਆਂ ਕੁੜੀਆਂ, ਪਲੇਟਾਂ ਚੱਟਣਗੇ ਮੁੰਡੇ । 2 ।
ਸਾਨੂੰ ਕਾਲਜ ਇਕ ਪੁਆ ਦਿਓ, ਵਗਦੀ ਨ੍ਹੈਰ ਦੇ ਕੰਢੇ । 2 ।
ਕਾਲਜ ਪੜ੍ਹਨਗੀਆਂ ਕੁੜੀਆਂ, ਕਿਤਾਬਾਂ ਚੱਕਣਗੇ ਮੁੰਡੇ । 2 ।
ਸਾਨੂੰ ਬਾਗ ਇਕ ਲੁਆ ਦਿਓ, ਵਗਦੀ ਨ੍ਹੈਰ ਦੇ ਕੰਢੇ । 2 ।
ਸੈਰ ਕਰਨਗੀਆਂ ਕੁੜੀਆ ਤੇ ਰਿਕਸ਼ਾ ਵਾਹੁੰਣਗੇ ਮੁੰਡੇ । 2 ।
ਸਾਨੂੰ ਮੰਦਰ ਇਕ ਬਣਵਾ ਦਿਓ, ਵਗਦੀ ਨ੍ਹੈਰ ਦੇ ਕੰਢੇ । 2 ।
ਪੂਜਾ ਕਰਨਗੀਆਂ ਕੁੜੀਆਂ ਤੇ ਝਾੜੂ ਲਾਵਣਗੇ ਮੁੰਡੇ । 2 ।
ਪਾਣੀ ਮਾਰ ਉਛਾਲੀ ਆਇਆ, ਵਗਦੀ ਨ੍ਹੈਰ ਦੇ ਕੰਢੇ । 2 ।

### ਸੂਈ ਤੇ ਕਲਿੱਪ ਜੂੜਾ ਫੈਸ਼ਨਦਾਰ

ਸੂਈ ਤੇ ਕਲਿੱਪ ਜੂੜਾ ਫੈਸ਼ਨਦਾਰ, ਮਾਹੀ ਮੇਰਾ ਵਸੇ ਕਲਕੱਤੇ ਬਜਾਰ । 2 ।
ਬੁੜ੍ਹੀਆਂ ਦਾ ਲਾਣਾਂ ਕਿਹੋ ਜਿਆ ਹੁੰਦਾ, ਬੁੜ੍ਹੀਆਂ ਦਾ ਲਾਣਾ ਕਿਹੋ ਜਿਹਾ ਹੁੰਦਾ । 2 ।
ਸੌ ਸੌ ਟਾਕੀ ਇਕ ਸਲਵਾਰ, ਮਾਹੀ ਮੇਰਾ ਵਸੇ ਕਲਕੱਤੇ ਬਜਾਰ । 2 ।
ਕੁੜੀਆਂ ਦਾ ਲਾਣਾ ਕਿਹੋ ਜਿਆ ਹੁੰਦਾ, ਕੁੜੀਆ ਦਾ ਲਾਣਾ ਕਿਹੋ ਜਿਆ ਹੁੰਦਾ । 2 ।
ਸ੍ਹਾੜੀ ਬੁੰਨੀ ਰੇਸ਼ਮੀ ਰੁਮਾਲ, ਮਾਹੀ ਮੇਰਾ ਵਸੇ ਕਲਕੱਤੇ ਬਜਾਰ । 2 ।
ਬੁੜ੍ਹੀਆਂ ਦਾ ਖਾਣਾ ਕਿਹੋ ਜਿਆ ਹੁੰਦਾ, ਬੁੜ੍ਹੀਆਂ ਦਾ ਖਾਣਾ ਕਿਹਾ ਜਿਹਾ ਹੁੰਦਾ । 2 ।
ਬਾਸੀ ਰੋਟੀ ਬੱਟੀ ਕ ਸਾਗ, ਮਾਹੀ ਮੇਰਾ ਵਸੇ ਕਲਕੱਤੇ ਬਜਾਰ । 2 ।
ਕੁੜੀਆਂ ਦਾ ਖਾਣਾ ਕਿਹੋ ਜਿਆ ਹੁੰਦਾ, ਕੁੜੀਆਂ ਦਾ ਖਾਣਾ ਕਿਹੋ ਜਿਹਾ ਹੁੰਦਾ । 2 ।
ਮੀਟ ਦੀ ਪਲੇਟ ਅ ਫੁਲਕੇ ਚਾਰ, ਮਾਹੀ ਮੇਰਾ ਵਸੇ ਕਲਕੱਤੇ ਬਜਾਰ । 2 ।
ਬੁੜ੍ਹੀਆਂ ਦਾ ਜਾਣਾ ਕਿਹੋ ਜਿਹਾ ਹੁੰਦਾ, ਬੁੜ੍ਹੀਆਂ ਦਾ ਜਾਣਾ ਕਿਹੋ ਜਿਹਾ ਹੁੰਦਾ । 2 ।
ਪੈਦਲ ਤੁਰਨਾ ਜਾਂਦੇ ਈ ਛਾਲ, ਮਾਹੀ ਮੇਰਾ ਵਸੇ ਕਲਕੱਤੇ ਬਾਜਾਰ । 2 ।
ਕੁੜੀਆਂ ਦਾ ਤੁਰਨਾ ਕਿਹੋ ਜਿਆ ਹੁੰਦਾ, ਕੁੜੀਆਂ ਦਾ ਤੁਰਨਾ ਕਿਹੋ ਜਿਆ ਹੁੰਦਾ । 2 ।
ਕਾਰ ਵਿੱਚ ਬ੍ਹੈਣਾ ਮਜੇਦਾਰ, ਮਾਹੀ ਮੇਰਾ ਵਸੇ ਕਲਕੱਤੇ ਬਾਜਾਰ । 2 ।

### ਹੁਕਮ ਕੁਤਵਾਲੀ ਸੇ ਆਇਆ

ਬਾਹਰ ਖੜਾ ਪਟਵਾਰੀ, ਹੁਕਮ ਕੁਤਵਾਲੀ ਸੇ ਆਇਆ । 2 ।
ਕੁੜੀਆਂ ਨੂੰ ਚਾਹੀਦੀਆਂ ਦੋ ਗੁੱਤਾ ਕਰਨੀਆਂ । 2 ।
ਬੁੱਢੀਆਂ ਦੀ ਗੁੱਤ ਮੁਨਵਾ ਦਉ, ਹੁਕਮ ਕੁਤਵਾਲੀ ਸੇ ਆਇਆ । 2 ।
ਕੁੜੀਆਂ ਨੂੰ ਚਾਹੀਦੀਆਂ, ਸ੍ਹਾੜੀਆਂ ਲਗਾਉਣੀਆਂ । 2 ।
ਬੁੱਢੀਆਂ ਨੂੰ ਘਗਰੇ ਸਵਾ ਦਉ, ਹੁਕਮ ਕੁਤਵਾਲੀ ਸੇ ਆਇਆ । 2 ।
ਕੁੜੀਆਂ ਨੂੰ ਚਾਹੀਦਾ ਪੌਡਰ ਲਗਾਉਣਾ । 2 ।
ਬੁੱਢੀਆਂ ਦੇ ਪਟੇ ਰਖਵਾ ਦਉ, ਹੁਕਮ ਕੁਤਵਾਲੀ ਸੇ ਆਇਆ । 2 ।
ਕੁੜੀਆਂ ਨੂੰ ਚਾਹੀਦਾ, ਕੋਠੀਉਂ ਮੇਂ ਰਹਿਣਾ । 2 ।
ਬੁੱਢੀਆਂ ਨੂੰ ਬ੍ਹਾਰ ਕਢਾ ਦਿਓ, ਹੁਕਮ ਕੁਤਵਾਲੀ ਸੇ ਆਇਆ । 2 ।
ਬਾਹਰ ਖੜਾ ਪਟਵਾਰੀ, ਹੁਕਮ ਕੁਤਵਾਲੀ ਸੇ ਆਇਆ । 2 ।

## ਸੁਹਾਗ

### ਲਾਡਲੀ ਨਾ ਰੱਖੀਂ ਬਾਬਲ ਜੀ

ਲਾਡਲੀ ਨਾ ਰੱਖੀਂ ਬਾਬਲ ਜੀ ਤੇਰੀ ਲਾਡਲੀ ਨੂੰ ਦੁੱਖ ਬੇ ਬਥੇਰੇ ।
ਲਾਡਲੀ ਮੈਂ ਇਉਂ ਰਖਾਂਗਾ, ਜਿਉਂ ਕਾਗਦਾਂ ਦੇ ਵਿਚ ਸੋਨਾ ।
ਉੱਠੋ ਤੁਸੀਂ ਮਿਲੋ ਬਾਬਲ ਜੀ, ਧੀਆਂ ਆਪਣੇ ਘਰਾਂ ਨੂੰ ਚਲੀਆਂ ।
ਧੀਆਂ ਜੀ ਦਾ ਕੀ ਮਿਲਣਾ, ਧੀਆਂ ਪਾ ਕੇ ਵਿਛੋੜੇ ਚਲੀਆਂ ।
ਲਾਡਲੀ ਨਾ ਰੱਖੀਂ ਚਾਚਾ ਜੀ, ਤੇਰੀ ਲਾਡਲੀ ਨੂੰ ਦੁੱਖ ਬੇ ਬਥੇਰੇ ।

ਲਾਡਲੀ ਮੈਂ ਇਉਂ ਰਖਾਂਗਾ, ਜਿਉਂ ਕਾਗਦਾਂ ਦੇ ਵਿਚ ਸੋਨਾ ।
ਉੱਠੋ ਤੁਸੀਂ ਮਿਲੋ ਚਾਚਾ ਜੀ, ਧੀਆਂ ਆਪਣੇ ਘਰਾਂ ਨੂੰ ਚਲੀਆਂ ।
ਧੀਆਂ ਜੀ ਦਾ ਕੀ ਮਿਲਣਾ, ਧੀਆਂ ਪਾ ਕੇ ਵਿਛੋੜਾ ਚਲੀਆਂ ।

## ਗੁੱਡੀਏ ਕਾਗਜ਼ਾਂ ਦੀਏ

ਗੁੱਡੀਏ ਕਾਗਜ਼ਾਂ ਦੀਏ, ਉੱਡ ਜਾਈਂ ਡੋਰ ਸੰਭਾਲ਼ ਕੇ ।
ਜੇ ਜੰਜ ਮੇਰੀ ਪੱਤਣਾਂ ਤੇ ਆਈ, ਜੇ ਜੰਜ ਮੇਰੀ ਪੱਤਣਾਂ ਤੇ ਆਈ ।
ਬੇੜੀਆਂ ਪਵਾ ਦੇ ਬਾਬਲਾ, ਜੰਜ ਪੱਤਣਾਂ ਤੇ ਆਈ ।
ਜੇ ਜੰਜ ਮੇਰੀ ਖੇੜੇ ਮੇਂ ਆਈ, ਜੇ ਜੰਜ ਮੇਰੀ ਖੇੜੇ ਮੇਂ ਆਈ ।
ਦਰੀਆਂ ਬਛਾ ਦੇ ਬਾਬਲ਼ਾ, ਜੰਜ ਖੇੜੇ ਮੇਂ ਆਈ ।
ਜੇ ਜੰਜ ਮੇਰੀ ਬਾਗ ਮੇਂ ਆਈ, ਜੇ ਜੰਜ ਮੇਰੀ ਬਾਗ ਮੇਂ ਆਈ ।
ਬਾਗੀਂ ਖਿੜੀ ਉ ਬਹਾਰ ਬੀਰਿਆ, ਜੰਜ ਬਾਗਾਂ ਮੇਂ ਆਈ ।
ਜੇ ਜੰਜ ਮੇਰੀ ਸੜਕਾਂ ਮੇਂ ਆਈ, ਜੇ ਜੰਜ ਮੇਰੀ ਸੜਕਾਂ ਮੇਂ ਆਈ ।
ਬੱਸਾਂ ਲਵਾਂ ਦੇ ਚਾਚਿਆਂ, ਜੰਜ ਮੇਰੀ ਸੜਕਾਂ ਮੇਂ ਆਈ ।
ਗੁੱਡੀਏ ਕਾਗਜ਼ਾਂ ਦੀਏ, ਉੱਡ ਜਾਈਂ ਡੋਰ ਸੰਭਾਲ ਕੇ ।

## ਚੀਰੇ ਵਾਲੇ ਦੀਆਂ ਫੌਜਾਂ ਨੇ ਘੇਰ ਲਈਉ

ਬਾਬਲੇ ਦੇ ਬਾਗ ਮੇਂ ਖੇਲਣ ਗਈਉ, ਮੈਂ ਖੇਲਣ ਗਈਉ ।
ਮੇਰੀ ਖੇਲਦੀ ਖੇਲਦੀ ਰੈਣ ਗਈਉ ।
ਮੇਰੀ ਮਾਈ ਵੀ ਦੇਖੇ, ਮੇਰਾ ਬਾਬਲ ਵੀ ਦੇਖੇ ।
ਚੀਰੇ ਵਾਲ਼ੇ ਦੀਆਂ ਫੌਜਾਂ ਨੇ ਘੇਰ ਲਈਉ ।
ਮੇਰੀ ਮਾਈ ਵੀ ਰੋਵੇ, ਮੇਰਾ ਬਾਬਲ ਵੀ ਰੋਵੇ,
ਸਾਡੀ ਰੇਸ਼ਮ-ਖੋਇ ਲਈਉ ।
ਆਪਣੇ ਚਾਚੇ ਦੇ ਬਾਗ ਮੇਂ ਖੇਲਣ ਗਈਉ, ਮੈਂ ਖੇਲਣ ਗਈਉ ।
ਮੇਰੀ ਖੇਲਦੀ ਖੇਲਦੀ ਰੈਣ ਗਈਉ ।
ਮੇਰੀ ਚਾਚੀ ਵੀ ਦੇਖੇ, ਮੇਰਾ ਚਾਚਾ ਵੀ ਦੇਖੇ,
ਚੀਰੇ ਵਾਲ਼ੇ ਦੀਆਂ ਫੌਜਾਂ ਨੇ ਘੇਰ ਲਈਉ ।
ਮੇਰੀ ਚਾਚੀ ਵੀ ਰੋਵੇ, ਮੇਰਾ ਚਾਚਾ ਵੀ ਰੋਵੇ,
ਸਾਡੀ ਰੇਸ਼ਮ-ਚੁੰਨੜੀ ਖੋਇ ਲਈਉ ।

## ਬਾਬਲ ਤੈਂਨੂੰ ਫਿਕਰ ਨਹੀਉਂ

ਨੀ ਲਿਆਵੋ ਚਿੱਟੀ ਮਿੱਟੀ, ਬਣਾਵੋ ਰਿਉੜੀਆਂ ।
ਵੇ ਤੂੰ ਕ੍ਰੇੜੀ ਕੋਠੀ ਸੁੱਤਾ, ਬਾਬਾ ਤੈਨੂੰ ਫਿਕਰ ਨਈਉਂ ।
ਨਾ ਮੈਂ ਸੁੱਤਾ ਨਾ ਮੈਂ ਜਾਗਾਂ, ਪੋਤੀ ਨੈਣੀ ਨੀਂਦ ਨਈਉਂ ।
ਵੇ ਤੂੰ ਕ੍ਰੇੜੀ ਕੋਠੀ ਸੁੱਤਾ, ਬਾਬਲ ਤੈਨੂੰ ਫਿਕਰ ਨਈਉਂ ।
ਨਾ ਮੈਂ ਸੁੱਤਾ ਨਾ ਮੈਂ ਜਾਗਾਂ, ਬੇਟੀ ਨੈਣੀਂ ਨੀਂਦ ਨਈਉਂ ।

## ਵਿਹੜੇ ਵਰਾਂਡਾ ਪੁਆ ਮੇਰੇ ਬਾਬਲ

ਵ੍ਹੇੜੇ ਵਰਾਂਡਾ ਪੁਆ ਮੇਰੇ ਬਾਬਲ, ਬਰਾਂਡੇ ਦੇ ਅੰਦਰ ਆ ਮੇਰੇ ਰਾਮ ।
ਗਲ਼ੀਆਂ ਚਿੱਕੜ ਵ੍ਹੇੜੇ ਗਾਰਾ, ਸ੍ਹੈਜੇ ਆ ਮੇਰਾ ਰਾਮ ।
ਵ੍ਹੇੜੇ ਬਰਾਂਡਾ ਪੁਆ ਮੇਰੇ ਚਾਚਾ, ਬਰਾਂਡੇ ਦੇ ਅੰਦਰ ਆ ਮੇਰੇ ਰਾਮ ।
ਗਲ਼ੀਆਂ ਚਿੱਕੜ ਵ੍ਹੇੜੇ ਗਾਰਾ, ਸ੍ਹੈਜੇ ਸ੍ਹੈਜੇ ਆ ਮੇਰੇ ਰਾਮ ।

## ਬੇਰੀ ਦਿਆ ਪੱਤਿਅ ਲੈਰਿਆ[1]

ਬੇਰੀ ਦਿਆ ਪੱਤਿਆ ਲੈਰਿਆ, ਕਿਉਂ ਲੈਨਾਂ ਹੁਲਾਰੇ । 2 ।
ਇਕ ਗੱਲ ਸੁਣ ਮੇਰੇ ਬਾਬਿਆ, ਪੋਤੀ ਦੂਰ ਨਾ ਦੇਵੀ । 2 ।
ਦੂਰਾਂ ਦੀਆਂ ਬਾਟਾਂ ਲੰਮੀਆਂ, ਸਾਤੇ ਤੁਰਿਆ ਨਾ ਜਾਵੇ । 2 ।
ਪੈਰਾਂ ਦੀਆਂ ਘੱਸ ਗਈਆਂ ਤਲ਼ੀਆਂ, ਨੈਣੀਂ ਨੀਂਦ ਨਾ ਆਵੇ । 2 ।
ਆਖਿਉ ਮੇਰੇ ਬਾਬਲ ਨੂੰ, ਬੇਟੀ ਦੂਰ ਨਾ ਦੇਵੇ । 2 ।
ਦੂਰਾਂ ਦੀਆਂ ਬਾਟਾਂ ਲੰਮੀਆਂ, ਸਾਤੇ ਤੁਰਿਆ ਨਾ ਜਾਵੇ । 2 ।
ਪੈਰਾਂ ਦੀਆਂ ਘੱਸ ਗਈਆਂ ਤਲ਼ੀਆਂ, ਨੈਣੀਂ ਨੀਂਦ ਨਾ ਆਵੇ । 2 ।
ਬੇਰੀ ਦਿਆ ਪੱਤਿਆ ਲੈਰਿਆ, ਕਿਉਂ ਲੈਨਾਂ ਹੁਲਾਰੇ । 2 ।

## ਪੋਤੀਆਂ ਦਾ ਦਾਨ ਕਦੇ ਹਰੇ ਰਾਮ

ਸੋਨੇ ਦਾ ਗੜਵਾ ਗੰਗਾ ਜਲ ਭਰਿਆ, ਗੰਗਾ ਜਲ ਭਰਿਆ ।'
ਵਿਚ ਕਪਾਹ ਦੀ ਛਿਟੀ ਹਰੇ ਰਾਮ ।
ਗਊਆਂ ਦਾ ਦਾਨ ਬਾਬਾ ਨਿੱਤ ਉੱਠ ਕਰਦਾ, ਸਵੇਰੇ ਉੱਠ ਕਰਦਾ ।'
ਪੋਤੀਆਂ ਦਾ ਦਾਲ ਕਦੇ ਹਰੇ ਰਾਮ ।
ਗਊਆਂ ਦਾ ਦਾਨ ਬ੍ਰਾਹਮਣ ਲੈਂਦੇ, ਬ੍ਰਾਹਮਣ ਲੈਂਦੇ ।'
ਧੀਆਂ ਦਾ ਦਾਨ ਜਵਾਈ ਹਰੇ ਰਾਮ ।
ਗਊਆਂ ਦਾ ਦਾਨ ਬਾਬਲ ਨਿੱਤ ਕਰਦਾ, ਸਵੇਰੇ ਉੱਠ ਕਰਦਾ ।'
ਧੀਆਂ ਦਾ ਦਾਨ ਕਦੇ ਹਰੇ ਰਾਮ ।
ਗਊਆਂ ਦਾ ਦਾਨ ਬ੍ਰਾਹਮਣ ਲੈਂਦੇ, ਬ੍ਰਾਹਮਣ ਲੈਂਦੇ ।
ਧੀਆਂ ਦਾ ਦਾਨ ਜਵਾਈ ਹਰੇ ਰਾਮ ।
ਸੋਨੇ ਦਾ ਗੜਵਾ ਗੰਗਾ ਜਲ ਭਰਿਆ, ਗੰਗਾ ਜਲ ਭਰਿਆ,
ਵਿਚ ਕਪਾਹ ਦੀ ਛਿੱਟੀ ਹਰੇ ਰਾਮ ।

## ਬਾਗਾਂ ਦੇ ਮੋਰ ਕਰਦੇ ਪਾਣੀਉਂ ਪਾਣੀ

ਬਾਗਾਂ ਦੇ ਮੋਰ ਕਰਦੇ ਪਾਣੀਉਂ ਪਾਣੀ ।
ਬਾਬੇ ਬਰ ਟੋਲ ਲਿਆਂਦਾ ਹਾਣੀਉਂ ਹਾਣੀ ।
ਬੱਡਾ ਨਾ ਟੋਲਿਉ ਵੇ ਮੈਂ ਆਪ ਨਿਆਣੀ ।
ਛੋਟਾ ਨਾ ਟੋਲਿਉ ਵੇ, ਜ੍ਹਿਨੇ ਸਾਡੀ ਸਾਰ ਨਾ ਜਾਣੀ ।

ਦੇਖ ਨੀ ਸਈਓ, ਇਹ ਚੰਦ ਚੜ੍ਹਦਾ ਨਈਓਂ ।
ਰੁਸੜਾ ਢੋਲ ਵ੍ਹੇੜੇ ਬੜਦਾ ਨਈਓਂ ।
ਅਰਜਾਂ ਦੇ ਨਾਲ਼ ਨੀ ਮੈਂ ਚੰਨ ਚੜ੍ਹਾਇਆ ।
ਮਿੰਨਤਾ ਦੇ ਨਾਲ਼ ਨੀ ਮੈਂ ਸ਼ਾਮ ਮਨਾਇਆ ।

## ਬਾਬੇ ਕੋਲੋਂ ਕੁਝ ਮੰਗ ਲਈਏ

ਬੀਬੀ ਪਤਲੀਏ ਨੀ ਪਤੰਗ ਜਈਏ, ਆਪਣੇ ਬਾਬੇ ਕੋਲੋਂ ਕੁਛ ਮੰਗ ਲਈਏ ।
ਬਾਬੇ ਬਰ ਦਿੱਤਾ, ਚੰਗਾ ਘਰ ਦਿੱਤਾ, ਹਰਿਆਂ ਬਾਗਾ ਵਿਚੋਂ ਫੁੱਲ ਤੋੜ ਦਿੱਤਾ ।
ਬੀਬੀ ਪਤਲੀਏ ਨੀ ਪਤੰਗ ਜਈਏ, ਆਪਣੇ ਬਾਬਲ ਕੋਲੋਂ ਕੁਛ ਮੰਗ ਲਈਏ ।
ਬਾਬਲ ਬਰ ਦਿੱਤਾ, ਚੰਗਾ ਘਰ ਦਿੱਤਾ, ਹਰਿਆਂ ਬਾਗਾਂ -ਵਿਚੋਂ ਫੁੱਲ ਤੋੜ ਦਿੱਤਾ ।

## ਦਿਨ ਰਹਿ ਗਏ ਥੋੜ੍ਹੇ

ਬਾਬੇ ਨੇ ਸਾਹਾ ਸੁਧਾਇ ਲਿਆ, ਸੁਧਾਇ ਲਿਆ,
ਨੀ ਦਾਦੀ ਦਿਲ ਰ੍ਹੈ ਗਏ ਥ੍ਹੋੜੇ ।
ਚਾਰੇ ਤਾਂ ਪੱਲੇ ਮੇਰੇ ਰੇਸ਼ਮੀ, ਨੀ ਮਾਏ ਰੋਂਦੀ ਦੇ ਭਿੱਜ ਗਏ ।
ਬਾਬਲ ਨੇ ਸਾਹਾ ਸੁਧਾਇ ਲਿਆ, ਨੀ ਮਾਏ ਦਿਨ ਰ੍ਹੈ ਗਏ ਥ੍ਹੋੜੇ ।
ਚਾਰੇ ਤਾਂ ਪੱਲੇ ਮੇਰੇ ਰੇਸ਼ਮੀ, ਨੀ ਮਾਏ ਰੋਂਦੀ ਦੇ ਭਿੱਜ ਗਏ ।

## ਬਾਬਲ ਦੇ ਮਹਿਲੀਂ ਨੀ ਮੈਂ ਸੋਨੇ ਦੀ ਚਿੜੀ

ਬਾਬਲ ਦੇ ਮ੍ਹੈਲੀਂ ਨੀ ਮੈਂ ਸੋਨੇ ਦੀ ਚਿੜੀ । 2 ।
ਚੋਗ ਚੁਗਦੀ ਉੱਡ ਜਾਣਾ ਬੇ ਮੇਰੇ ਧਰਮੀਆਂ ਬਾਬਲਾ ।
ਪੁੱਤਾ ਨੂੰ ਦੇਂਦਾ ਬਾਬਲ ਮ੍ਹੈਲ ਤੇ ਮਾੜੀਆਂ ।
ਧੀਆਂ ਨੂੰ ਦੇਂਦਾ ਦੇਸ ਪਰਾਏ ਬੇ ਮੇਰੇ ਧਰਮੀਆਂ ਬਾਬਲਾ ।
ਚਾਰੇ ਕਹਾਰ ਮੇਰੀ ਡੋਲੀ ਨੂੰ ਲੱਗੇ । 2 ।
ਲੈ ਚੱਲੇ ਦੇਸ ਪਰਾਏ ਵੇ, ਧਰਮੀਆਂ ਬਾਬਲਾ ।
ਪੋਤਿਆਂ ਨੂੰ ਦਿੰਦਾ ਬਾਬਾ ਮ੍ਹੈਲ ਤੇ ਮਾੜੀਆਂ ।
ਪੋਤੀਆਂ ਨੂੰ ਦਿੰਦਾ ਦੇਸ ਪਰਾਏ, ਵੇ ਧਰਮੀਆਂ ਬਾਬਾ ।
ਚਾਰੇ ਕਹਾਰ ਮੇਰੀ ਡੋਲੀ ਨੂੰ ਲੱਗੇ ।
ਲੈ ਚੱਲੇ ਦੇਸ ਪਰਾਏ ਵੇ, ਮੇਰੇ ਧਰਮੀਆਂ ਬਾਬਾ ।

## ਕਿਸੇ ਨੌਂਕਰ ਦੇ ਗਲ਼ ਲਾ

ਖੂਹ ਤੇ ਨੀਰ ਭਰੇਂਦੀਏਂ, ਕੋਈ ਮਲ਼ ਮਲ਼ ਅੱਡੀਆਂ ਧੋ ।
ਬਾਗੀਂ ਚੰਬਾ ਖਿੜੇ ਪਿਆ ਕੋਈ ਬੈਠੀ ਹਾਰ ਪਰੋ ।
ਸੁਣ ਨੀ ਦਾਦੀ ਮੇਰੀਏ, ਮੇਰੇ ਬਾਬੇ ਨੂੰ ਸਮਝਾ ।
ਪੋਤੀਆਂ ਹੋਈਆਂ ਲਟਬਾਵਰੀਆਂ, ਕਿਸੇ ਨੌਂਕਰ ਦੇ ਗਲ਼ ਲਾ ।

ਸੁਣ ਨੀ ਪੋਤੀ ਮੇਰੀਏ, ਐਡੇ ਬੋਲ ਨਾ ਬੋਲ ।
ਜਿਥੇ ਗੁਜਾਰੇ ਬਾਰਾਂ ਬ੍ਰਰੇ ਉਥੇ ਛੇ ਮਹੀਨੇ ਹੋਰ ।
ਸੁਣ ਨੀ ਧੀਏ ਮੇਰੀਏ, ਐਡੇ ਬੋਲ ਨਾ ਬੋਲ ।
ਖੂਅ ਤੇ ਨੀਰ ਭਰੇਂਦੀਏ, ਕੋਈ ਮਲ਼ ਮਲ਼ ਅੱਡੀਆਂ ਧੋ ।
ਬਾਗੀਂ ਚੰਬਾ ਖਿੜੇ ਪਿਆ, ਕੋਈ ਬੈਠੀ ਹਾਰ ਪਰੋ ।
ਸੁਣ ਨੀ ਧੀਏ ਮੇਰੀਏ, ਐਡੇ ਬੋਲ ਨਾ ਬੋਲ ।
ਜਿਥੇ ਗੁਜਾਰੇ ਬਾਰਾਂ ਬ੍ਰਰੇ, ਉਥੇ ਛੇ ਮਹੀਨੇ ਹੋਰ ।
ਬਾਰ੍ਹਾਂ ਬ੍ਰਰੇ ਮੈਂ ਤਾਂ ਰਹੀ ਮੇਰਾ ਬਾਬਲ ਨਾਲ਼ ਪਿਆਰ ।
ਹੁਣ ਨਾ ਰ੍ਹੈਸਾਂ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ ।

## ਅਸੀਂ ਬਾਬੇ ਪੋਤੀਆਂ ਚਾਰ

ਅਸੀਂ ਬਾਬੇ ਪੋਤੀਆਂ ਚਾਰ, ਚਾਰੇ ਲਾਡਲੀਆਂ ।
ਸਾਨੂੰ ਚੌਹਾਂ ਨੂੰ ਦਿੱਤੜੇ ਦਾਜ, ਘੋੜੇ ਪਾਲਕੀਆਂ ।
ਅਸੀਂ ਉਡੀਆਂ ਖੰਭ ਖਿਲਾਰ, ਨਦੀਉਂ ਪਾਰ, ਪਰਬਤ ਸਾਡੇ ਆ੍ਹਲਣੇ ।
ਅਸੀਂ ਬਾਬਲ ਬੇਟੀਆਂ ਚਾਰ, ਚਾਰੇ ਲਾਡਲੀਆਂ ।
ਸਾਨੂੰ ਚੌਹਾਂ ਨੂੰ ਦਿੱਤੜੇ ਦਾਜ, ਘੋੜੇ ਪਾਲਕੀਆਂ ।
ਅਸੀਂ ਉਡੀਆਂ ਖੰਭ ਖਿਲਾਰ, ਨਦੀਉਂ ਪਾਰ, ਪਰਬਤ ਸਾਡੇ ਆ੍ਹਲਣੇ ।

## ਕੋਠਾ ਕਿਉਂ ਨਿਵਿਆਂ

"ਕੋਠਾ ਨਿਮਦਾ ਨਿਮਦਾ ਕਿਉਂ ਨਿਮਿਆਂ, ਕੋਠਾ ਨਿਮਦਾ ਨਿਮਦਾ ਕਿਉਂ ਨਿਮਿਆਂ ।"
"ਏ੍ਹਦੀ ਖੜ ਪੁਰਾਣੀ ਤਾਂ ਨਿਮਿਆਂ, ਏ੍ਹਦੀ ਖੜ ਪੁਰਾਣੀ ਤਾਂ ਨਿਮਿਆਂ ।"
"ਇਸ ਬੀਬੀ ਦਾ ਬਾਬਲ ਕਿਉਂ ਨਿਮਿਆਂ, ਇਸ ਬੀਬੀ ਦਾ ਬਾਬਲ ਕਿਉਂ ਨਿਮਿਆਂ ।"
"ਘਰ ਬੇਟੀ ਕੁਆਰੀ ਤਾਂ ਨਿਮਿਆਂ, ਘਰ ਬੇਟੀ ਕੁਆਰੀ ਤਾਂ ਨਿਮਿਆਂ ।"
"ਇਸ ਬੀਬੀ ਦਾ ਚਾਚਾ ਕਿਉਂ ਨਿਮਿਆਂ, ਇਸ ਬੀਬੀ ਦਾ ਚਾਚਾ ਕਿਉਂ ਨਿਮਿਆਂ ।"
"ਏ੍ਹਦੀ ਭਤੀਜੀ ਕੁਆਰੀ ਤਾਂ ਨਿਮਿਆਂ, ਏ੍ਹਦੀ ਭਤੀਜੀ ਕੁਆਰੀ ਤਾਂ ਨਿਮਿਆਂ ।"
"ਕੋਠਾ ਨਿਮਦਾ ਨਿਮਦਾ ਕਿਉਂ ਨਿਮਿਆਂ, ਕੋਠਾ ਨਿਮਦਾ ਨਿਮਦਾ ਕਿਉਂ ਨਿਮਿਆਂ ।"
"ਏ੍ਹਦੀ ਖੜ ਪੁਰਾਣੀ ਤਾਂ ਨਿਮਿਆਂ, ਏ੍ਹਦੀ ਖੜ ਪੁਰਾਣੀ ਤਾਂ ਨਿਮਿਆਂ ।"

## ਜੋਗੀਆਂ ਦੇ ਲੜ ਲਾਇਆ ਏ

"ਤੂੰ ਕੀ ਧ੍ਰੋ ਵੇ ਕਮਾਇਆ ਮੇਰੇ ਬਾਬਾ, ਮੈਂਨੂੰ ਜੋਗੀਆਂ ਦੇ ਲੜ ਲਾਇਆ ਏ ।"
"ਮੈਂ ਨਾ ਧ੍ਰੋ ਨੀ ਕਮਾਇਆ ਮੇਰੀ ਪੋਤੀ, ਤੈਂਨੂੰ ਕ੍ਰਿਸ਼ਨ ਵ੍ਹਿਆਵਣ ਆਇਆ ਏ ।"
"ਕੰਨੀ ਸੀ ਮੁੰਦਰਾਂ, ਗਲ਼ ਨਾਗਾਂ ਦੀ ਮਾਲ਼ਾ, ਮੈਂਨੂੰ ਦੇਖ ਜਟਾਂ ਡਰ ਆਇਆ ਏ ।"
"ਤੂੰ ਕੀ ਧ੍ਰੋ ਵੇ ਕਮਾਇਆ ਮੇਰੇ ਵੀਰਾ, ਮੈਂਨੂੰ ਜੋਗੀਆਂ ਦੇ ਲੜ ਲਾਇਆ ਏ ।"
"ਮੈਂ ਨਾ ਧ੍ਰੋ ਨੀ ਕਮਾਇਆ ਮੇਰੀ ਭੈਣਾਂ, ਤੈਂਨੂੰ ਕ੍ਰਿਸ਼ਨ ਵ੍ਹਿਆਵਣ ਆਇਆ ਏ ।"
"ਕੰਨੀ ਸੀ ਮੁੰਦਰਾਂ ਗਲ਼ ਸੱਪਾਂ ਦੀ ਮਾਲ਼ਾ, ਮੈਂਨੂੰ ਦੇਖ ਜਟਾਂ ਡਰ ਆਇਆ ਏ ।"

## ਜਿਨ੍ਹਾਂ ਦੀਆਂ ਪੋਤੀਆਂ ਕੁਆਰੀਆਂ ਵੇ

ਕੋਠੇ ਦੇ ਉਪਰ ਕੋਠੜੀ ਵੇ ਬਾਬਾ ਮੇਰਿਆ ਵੇ,
ਉਪਰ ਪੋਤੀ ਦਾ ਦਾਜ ਹੋਵੇ ।
ਜੇਨ੍ਹਾਂ ਦੀਆਂ ਪੋਤੀਆਂ ਕੁਆਰੀਆਂ ਵੇ, ਬੀਰਾ ਮੇਰਿਆ ਵੇ,
ਓਨ੍ਹਾਂ ਨੂੰ ਭੁੱਖ ਨਾ ਨੀਂਦ ਹੋਵੇ ।
ਜੇਨ੍ਹਾਂ ਦੀਆਂ ਭੈਣਾਂ ਕੁਆਰੀਆਂ ਵੇ, ਵੀਰਾ ਮੇਰਿਆ ਵੇ,
ਉਨ੍ਹਾਂ ਨੂੰ ਭੁੱਖ ਨਾ ਨੀਂਦ ਹੋਵੇ ।

## ਤੈਂ ਕਿਉਂ ਰੱਖੀ ਵੇ ਕੁਆਰੀ

ਬੀਜੀਂ ਬੀਜੀਂ ਵੇ ਮੇਰੇ ਬਾਬਲ, ਧਨੀਏਂ, ਜੀਰੇ ਦੀ ਕਿਆਰੀ । 2 ।
ਜੇ ਤੈਨੂੰ ਬੇਟੀ ਬਹੁਤ ਪਿਆਰੀ, ਤੈਂ ਕਿਉਂ ਰੱਖੀ ਵੇ ਕੁਆਰੀ । 2 ।
ਬੀਜੀਂ ਬੀਜੀਂ ਵੇ ਮੇਰੇ ਮਾਮਾ, ਧਨੀਏਂ ਜੀਰੇ ਦੀ ਕਿਆਰੀ । 2 ।
ਜੇ ਤੈਨੂੰ ਭਾਣਜੀ ਬ੍ਹੌਤ ਪਿਆਰੀ, ਤੈਂ ਕਿਉਂ ਰੱਖੀ ਵੇ ਕੁਆਰੀ । 2 ।

## ਲੁਕ ਜਾਉਂ ਮਾਮਾ ਜੀ ਦੀ ਗੋਦ

ਮੇਰੇ ਬਾਬਲ ਨੇ ਲੁਆਇਆ ਬਾਗ, ਮੈਨਾ ਤੋਤਾ ਬੋਲਦਾ । 2 ।
ਮੈਂ ਤਾ ਲੁਕ ਜਾਊਂ ਬਾਬਲ ਜੀ ਦੀ ਗੋਦ, ਜਦ ਘਰ ਆਉਣਗੇ । 2 ।
ਮੇਰੇ ਬੀਰੇ ਨੇ ਲੁਆਇਆ ਬਾਗ, ਮੈਨਾ ਤੋਤਾ ਬੋਲਦਾ । 2 ।
ਮੈਂ ਤਾਂ ਲੁਕ ਜਾਉਂ ਬੀਰੇ ਜੀ ਦੀ ਗੋਦ, ਜਦ ਘਰ ਆਉਣਗੇ । 2 ।

## ਵਰ ਟ੍ਹੋਲਣ ਜਾਵੇ

ਹੱਥ ਫੜ ਸੋਟੀ ਬਾਬਾ, ਲੱਕ ਬ੍ਹਨ ਧੋਤੀ, ਭਈ ਲੱਕ ਬ੍ਹਨ ਧੋਤੀ,
ਪੋਤੀ ਦਾ ਵਰ ਟ੍ਹੋਲਣ ਜਾਵੇ ।
ਹੱਥ ਫੜ ਸੋਟੀ ਚਾਚਾ, ਲੱਕ ਬ੍ਹਨ ਧੋਤੀ, ਭਈ ਲੱਕ ਬ੍ਹਨ ਧੋਤੀ,
ਭਤੀਜੀ ਦਾ ਵਰ ਟ੍ਹੋਲਣ ਜਾਵੇ ।
ਹੱਥ ਫੜ ਸੋਟੀ ਮਾਮਾ, ਲੱਕ ਬ੍ਹਨ ਧੋਤੀ, ਭਈ ਲੱਕ ਬ੍ਹਨ ਧੋਤੀ,
ਭਾਣਜੀ ਦਾ ਵਰ ਟ੍ਹੋਲਣ ਜਾਵੇ ।

## ਕ੍ਹਿਨੇ ਵਰ ਟ੍ਹੋਲਿਆ ਦੂਰੇ

ਊਚੀਏ ਲਮੀਏਂ ਲਾਲ ਖਜੂਰੇ, ਕ੍ਹਿਨੇ ਵਲ ਟ੍ਹੋਲਿਆ ਦੂਰੇ । 2 ।
ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ, ਓਨੇ ਵਰ ਟ੍ਹੋਲਿਆ ਦੂਰੇ । 2 ।
ਊਚੀਏ ਲਮੀਏਂ ਲਾਲ ਖਜੂਰੇ, ਕਿਨੇ ਵਰ ਟ੍ਹੋਲਿਆ ਦੂਰੇ । 2 ।
ਬੀਰਾ ਤਾਂ ਮੇਰਾ ਦੇਸਾਂ ਦਾ ਰਾਜਾ, ਓਨੇ ਵਰ ਟ੍ਹੋਲਿਆ ਦੂਰੇ । 2 ।

## ਰਾਜੇ ਕਸੁੰਭੀਏ ਨੇ ਆਉਣਾ

ਚਿਟੜੇ ਚੌਲ਼ ਉਬਾਲ਼ੀਂ ਮੇਰੇ ਬਾਬਾ, ਰਾਜੇ ਕਸੁੰਭੀਏ ਨੇ ਆਉਣਾ । 2 ।
ਚਿਟੜੇ ਚੌਲ਼ ਉਬਾਲ਼ੀਂ ਮੇਰੇ ਨਾਨਾ, ਰਾਜੇ ਕਸੁੰਭੀਏ ਨੇ ਆਉਣਾ । 2 ।
ਚਿਟੜੇ ਚੌਲ਼ ਉਬਾਲ਼ੀਂ ਮੇਰੇ ਬਾਬਲਾ, ਰਾਜੇ ਕਸੁੰਭੀਏ ਨੇ ਆਉਣਾ । 2 ।
ਚਿਟੜੇ ਚੌਲ਼ ਉਬਾਲ਼ੀਂ ਮੇਰੇ ਮਾਮਾ, ਰਾਜੇ ਕਸੁੰਭੀਏ ਨੇ ਆਉਣਾ । 2 ।

## ਮੇਰਾ ਕੌਣ ਰਖਵਾਲਾ ਬਣਾ ਦਿੱਤਾ

ਇਕ ਅੰਬ ਬੂਟਾ, ਦੂਜਾ ਰੰਗ ਝੂਠਾ । 2 ।
ਨੀ ਏ੍ਹ ਕ੍ਹੇੜੇ ਸ਼ਕੀਨ ਨੇ ਲਾ ਦਿੱਤਾ । 2 ।
ਨੀ ਏ੍ਹ ਬਾਬੇ ਸ਼ਕੀਨ ਨੇ ਲਾ ਦਿੱਤਾ । 2 ।
ਬਾਬਾ ਦੇਸ ਦਿੱਤੀ ਪਰਦੇਸ ਦਿੱਤੀ । 2 ।
ਮੇਰਾ ਕੌਣ ਰਖਵਾਲਾ ਬਣਾ ਦਿੱਤਾ । 2 ।
ਪੋਤੀ ਦੇਸ ਦਿੱਤੀ ਪਰਦੇਸ ਦਿੱਤੀ । 2 ।
ਤੇਰਾ ਕੌਂਤ ਰਖਵਾਲਾ ਬਣਾ ਦਿੱਤਾ । 2 ।
ਇਕ ਅੰਬ ਬੂਟਾ, ਦੂਜਾ ਰੰਗ ਝੂਠਾ । 2 ।
ਨੀ ਏ੍ਹਹ ਕ੍ਹੇੜੇ ਸ਼ਕੀਨ ਨੇ ਲਾ ਦਿੱਤਾ । 2 ।
ਬਾਬਲ ਦੇਸ ਦਿੱਤੀ, ਪਰਦੇਸ ਦਿੱਤੀ । 2 ।
ਮੇਰਾ ਕੌਣ ਰਖਵਾਲਾ ਬਣਾ ਦਿੱਤਾ । 2 ।
ਧੀਏ ਦੇਸ ਦਿੱਤੀ ਪਰਦੇਸ ਦਿੱਤੀ । 2 ।
ਤੇਰਾ ਕੌਂਤ ਰਖਵਾਲਾ ਬਣਾ ਦਿੱਤਾ । 2 ।

## ਦੂਰੋਂ ਤਾਂ ਆਉਂਦਿਉ ਜਾਨੀਉਂ

ਦੂਰੋਂ ਤਾਂ ਆਉਂਦਿਉ ਜਾਨੀਉਂ ਵੇ, ਮੇਰੇ ਬਾਬੇ ਨੂੰ ਸੱਦ ਬੁਲਾਇਉ । 2 ।
ਆਉਂਦੇ ਤਾਂ ਆਉਂਦੇ ਆ ਲੱਥੇ ਨੀ, ਬਾਗੀਂ ਅੰਬਾਂ ਦੀ ਠੰਡੜੀ ਛਾਂ । 2 ।
ਦੂਰੋਂ ਤਾਂ ਆਉਂਦਿਉ ਜਾਨੀਉਂ ਵੇ, ਮੇਰੇ ਨਾਨੇ ਨੂੰ ਸੱਦ ਬੁਲਾਇਉ । 2 ।
ਆਉਂਦੇ ਤਾਂ ਆਉਂਦੇ ਆ ਲੱਥੇ ਨੀ, ਬਾਗੀਂ ਅੰਬਾਂ ਦੀ ਠੰਡੜੀ ਛਾਂ । 2 ।

## ਅੱਜ ਮੈਂ ਹੋਈ ਤੇਰੇ ਦੇਸੋਂ ਪਰਦੇਸ

"ਸਰਸੋਂ ਬੀਜੀਂ ਵੇ ਬਾਬਲ, ਲੰਮੇ ਲੰਮੇ ਖੇਤ । 2 ।
ਅੱਜ ਮੈਂ ਹੋਈ ਬਾਬਲ ਜੀ ਤੇਰੇ ਦੇਸੋਂ ਪਰਦੇਸ । 2 ।
"ਕਿੱਥੇ ਜਰਮੀ ਧੀਏ ਨੀ ਕਿਥੇ ਲਿਖੇ ਤੇਰੇ ਲੇਖ । 2 ।"
"ਪੇਕੇ ਜਰਮੀ ਬਾਬਲ ਜੀ, ਸ੍ਹੌਰੇ ਲਿਖੇ ਮੇਰੇ ਲੇਖ । 2 ।
"ਕਿਨੇ ਤੈਂਨੂੰ ਪਾਲ਼ਿਆ ਧੀਏ ਨੀ ਕ੍ਹਿਨੇ ਦਿੱਤਾ ਵ੍ਹਿਆ । 2 ।"
"ਮਾਈ ਮੈਂਨੂੰ ਪਾਲ਼ਿਆ, ਸਈਉ ਨੀ, ਬਾਬਲ ਦਿੱਤਾ ਵ੍ਹਿਆ । 2 ।
"ਸਰਸੋਂ ਬੀਜੀਂ ਬੀਜੀਂ ਵੇ ਚਾਚਾ ਲੰਮੇ ਲੰਮੇ ਖੇਤ । 2 ।

ਅੱਜ ਮੈਂ ਹੋਈ ਚਾਚਾ ਜੀ ਤੇਰੇ ਦੇਸੋਂ ਪਰਦੇਸ । 2 ।"
"ਕਿਥੇ ਜਰਮੀ ਭਤੀਜੀਏ ਨੀ ਕਿਥੇ ਲਿਖੇ ਤੇਰੇ ਲੇਖ । 2 ।"
"ਪੇਕੇ ਜਰਮੀ ਚਾਚਾ ਜੀ ਸੌਂਰੇ ਲਿਖੇ ਮੇਰੇ ਲੇਖ । 2 ।"
"ਕਿਨੇ ਪਾਲ਼ਿਆ ਭਤੀਜੀਏ ਨੀ ਕਿਨੇ ਦਿੱਤਾ ਵ੍ਹਿਆ । 2 ।"
"ਚਾਚੀ ਮੈਂਨੂੰ ਪਾਲ਼ਿਆ ਸਈਉ ਨੀ, ਚਾਚੇ ਦਿੱਤਾ ਵ੍ਹਿਆ । 2 ।"

## ਕਿਸਮਤ ਨੇ ਜੁਦਾਈਆਂ ਪਾਈਆਂ ਨੇ

ਇਕ ਆਸ ਬਾਬਲ ਜੀ, ਤੇਰੇ ਮਿਲਣੇ ਦੀ,
ਕਿਸਮਤ ਨੇ ਜੁਦਾਈਆਂ ਪਾਈਆਂ ਨੇ ।
ਅੰਦਰ ਸਾਡੀ ਮਾਈ ਰਾਣੀ ਰੋ ਰਈ ਏ । 2 ।
ਰੋ ਰੋ ਹੰਝੂਆਂ ਦੇ ਹਾਰ ਪਰੋ ਰਈ ਏ । 2 ।
ਧੀਆਂ ਸੱਚ ਮੁੱਚ ਦੌਲਤਾ ਪਰਾਈਆਂ ਨੇ ।
ਕਿਸਮਤ ਨੇ ਜੁਦਾਈਆਂ ਪਾਈਆਂ ਨੇ ।
ਇਕ ਆਸ ਵੀਰਾ ਜੀ ਤੇਰੇ ਮਿਲਣੇ ਦੀ,
ਕਿਸਮਤ ਨੇ ਜੁਦਾਈਆਂ ਪਾਈਆਂ ਨੇ ।
ਅੰਦਰ ਸਾਡੀ ਭਾਬੋ ਰਾਣੀ ਰੋ ਰਈ ਏ । 2 ।
ਨਣਦਾਂ ਸੱਚਮੁੱਚ ਦੌਲਤਾਂ ਪਰਾਈਆਂ ਨੇ ।
ਕਿਸਮਤ ਨੇ ਜੁਦਾਈਆਂ ਪਾਈਆਂ ਨੇ ।

## ਕਿਸੇ ਰਾਜੇ ਨੇ ਆਉਣਾ

ਚੜ੍ਹੀਂ ਚੌਦਵੀਂ ਦਿਆ ਚੰਦਾ, ਚਾਨਣ ਕਰੀਂ ਵੇ ਚੁਫੇਰੇ । 2 ।
ਕਿਸੇ ਰਾਜੇ ਨੇ ਆਉਣਾ, ਮੇਰੇ ਬਾਬਲ ਦੇ ਵ੍ਹੇੜੇ । 2 ।
ਮੇਰੇ ਬਾਬਲ ਦੇ ਲਾਗੀਉ, ਖਾਣਾ ਖ਼ੂਬ ਸਜਾਇਉ । 2 ।
ਬਾਬਲ ਦੇਸਾਂ ਦਾ ਰਾਜਾ, ਕਿਤੇ ਨਿੰਦਿਆ ਨਾ ਜਾਵੇ । 2 ।
ਚੜ੍ਹੀਂ ਚੌਂਦਵੀਂ ਦਿਆ ਚੰਦਾ, ਚਾਨਣ ਕਰੀਂ ਵੇ ਚੁਫੇਰੇ । 2 ।
ਕਿਸੇ ਰਾਜੇ ਨੇ ਆਉਣਾ, ਮੇਰੇ ਬੀਰੇ ਦੇ ਵ੍ਹੇੜੇ । 2 ।
ਮੇਰੇ ਬੀਰੇ ਦੇ ਲਾਗੀਉ, ਖਾਣਾ ਖ਼ੂਬ ਸਜਾਇਉ । 2 ।
ਬੀਰਾ ਦੇਸਾਂ ਦਾ ਰਾਜਾ, ਕਿਤੇ ਨਿੰਦਿਆ ਨਾ ਜਾਵੇ । 2 ।

## ਦੂਰ ਦੇਸ ਨਾ ਦੇਵੋ

ਚਾਚੇ ਭਤੀਜੀ ਲਾਡਲੀ ਵੱਡੀ ਹੋ ਗਈ ਐ,
ਚਾਚੇ ਕਾਜ ਰਚਾਇਆ ਛਮ ਛਮ ਰੋ ਰਹੀ ਐ ਜੀ ।
"ਇਕ ਮੇਰੀ ਹੈ ਬੇਨਤੀ ਸੁਣ ਚਾਚਾ ਜੀ,
ਦੂਰ ਦੇਸ ਨਾ ਦੇਵੋ ਧਰਮੀਆਂ ਰਾਜਾ ਜੀ । 2 ।"
"ਐਡੇ ਬੋਲ ਨਾ ਬੋਲ ਮੇਰੀਏ ਭਤੀਜੀਏ,

ਜਿਥੇ ਤੇਰੇ ਸੰਜੋਗ ਉਥੇ ਜਾ ਰਹੀਐਂ ਜੀ । 2 ।"
ਮਾਮੇ ਭਾਣਜੀ ਲਾਡਲੀ ਵੱਡੀ ਹੋ ਰਈ ਐ,
"ਇਕ ਮੇਰੀ ਹੈ ਬੇਨਤੀ ਸੁਣ ਮਾਮਾ ਜੀ,
ਦੂਰ ਦੇਸ ਨਾ ਦੇਵੋ, ਧਰਮੀਆਂ ਰਾਜਾ ਜੀ ।"
"ਐਡੇ ਬੋਲ ਨਾ ਬੋਲ ਮੇਰੀਏ ਭਾਣਜੀਏ,
ਜਿਥੇ ਤੇਰੇ ਸੰਜੋਗ ਓਥੇ ਜਾ ਰਹੀਐਂ ਜੀ । 2 ।"

## ਸਾਤੇ ਤੁਰਿਆ ਨਾ ਜਾਵੇ

ਇਕ ਜੁ ਬੇਰੀ ਦਾ ਪੱਤ ਆ, ਓਅ ਵੀ ਲੈਂਦਾ ਹੁਲਾਰੇ । 2 ।
ਮੈਂ ਤੁਆਨੂੰ ਆਖਿਆ ਬਾਬਾ ਜੀ, ਪੋਤੀ ਦੂਰ ਨਾ ਦਈਓ । 2 ।
ਦੂਰਾਂ ਦੀਆਂ ਬਾਟਾਂ ਲੰਮੀਆਂ, ਸਾਤੇ ਤੁਰਿਆ ਨਾ ਜਾਵੇ । 2 ।
ਪੈਰਾਂ ਦੀਆਂ ਘੱਸ ਗਈਆ ਤਲ਼ੀਆਂ, ਨੈਣੀਂ ਨੀਂਦ ਨਾ ਆਵੇ । 2 ।
ਮੈਂ ਤੁਆਨੂੰ ਆਖਿਆ ਬਾਬਲ ਜੀ, ਬੇਟੀ ਦੂਰ ਨਾ ਦਈਓ । 2 ।
ਦੂਰਾਂ ਦੀਆਂ ਬਾਟਾਂ ਲੰਮੀਆਂ, ਸਾਡੇ ਤੁਰਿਆ ਨਾ ਜਾਵੇ । 2 ।
ਪੈਰਾਂ ਦੀਆਂ ਘੱਸ ਗਈਆਂ ਤਲ਼ੀਆਂ, ਨੈਂਣੀ ਨੀਂਦ ਨਾ ਆਵੇ । 2 ।
ਇਕ ਜੁ ਬੇਰੀ ਦਾ ਪੱਤ ਆ, ਓਅ ਵੀ ਲੈਂਦਾ ਹੁਲਾਰੇ । 2 ।

## ਸੁਹਾਗ ਮੈਂਨੂੰ ਤੁਹੀਉਂ ਦੇਵੇਂਗਾ

ਸੁਹਾਗ ਮੰਗਣ ਚਾਚੇ ਦੇ ਗਈਓ । 2 ।
ਚਾਚਾ ਇਕ ਮੇਰੀ ਅਰਜ ਕਬੂਲ,
ਸੁਹਾਗ ਮੈਂਨੂੰ ਤੁਈਂਉਂ ਦੇਵੇਂਗਾ । 2 ।
ਭਤੀਜੀ ਹੱਥ ਮ੍ਹੇਂਦੀ, ਬਾਹੀਂ ਚੂੜਾ ਲਾਲ,
ਸੁਹਾਗ ਤੈਂਨੂੰ ਰਾਮ ਦੇਵੇਗਾ । 2 ।
ਸੁਹਾਗ ਮੰਗਣ ਤਾਏ ਦੇ ਗਈਓ । 2 ।
ਤਾਇਆ ਇਕ ਮੇਰੀ ਅਰਜ ਕਬੂਲ,
ਸੁਹਾਗ ਮੈਂਨੂੰ ਤੁਈਂਉਂ ਦੇਵੇਂਗਾ । 2 ।
ਭਤੀਜੀ ਹੱਥ ਮ੍ਹੇਂਦੀ, ਬਾਹੀਂ ਚੂੜਾ ਲਾਲ,
ਸੁਹਾਗ ਤੈਂਨੂੰ ਰਾਮ ਦੇਵੇਗਾ ।

## ਬਾਬਲ ਦੋ-ਦਿਲਾਂ ਹੋਇਆ

ਨੀ ਤੂੰ ਜਾ ਬੀਬੀ ਬਾਬੇ ਵ੍ਹੇੜੇ, ਬਾਬੇ ਕਾਜ ਰਚਾਇਆ ।
ਨੀ ਤੂੰ ਜਾ ਬੀਬੀ ਬਾਬਲ ਵ੍ਹੇੜੇ, ਬਾਬਲ ਕਾਜ ਰਚਾਇਆ ।
ਨੀ ਤੂੰ ਦੇ, ਦੇ ਦਾਦੀ ਚਾਵਲੜੇ, ਖੰਡ ਰਸ ਮੇਵੇ ਦੀਆਂ ਪੁੜੀਆਂ
ਨੀ ਤੂੰ ਦੇ, ਦੇ ਮਾਤਾ ਚਾਵਲੜੇ, ਖੰਡ ਰਸ ਮੇਵੇ ਦੀਆਂ ਪੁੜੀਆਂ ।
ਖੰਡ ਰਸ ਥ੍ਹੋੜੀ ਸਾਜਨ ਬ੍ਹੋਤੇ ਆਏ, ਬਾਬਲ ਦੋਦਲ ਹੋਇਆ । 2 ।

ਖੰਡ ਰਸ ਥ੍ਰੋੜੀ ਸਾਜਨ ਥ੍ਰੋੜੇ ਆਏ, ਬਾਬਾ ਦੋਦਲ ਹੋਇਆ । 2 ।
ਵੇ ਨਾ ਹੋ ਬਾਬਾ ਦੋਦਲੜਾ, ਕਾਰਜ ਰਾਮ ਸਵਾਰੇ । 2 ।
ਵੇ ਨਾ ਹੋ ਬਾਬਲ ਦੋਦਲੜਾ, ਕਾਰਜ ਰਾਮ ਸਵਾਰੇ । 2 ।

## ਤੇਰੀ ਰੋਟੀ ਦਾ ਪੇੜਾ ਜੁਦਾ ਹੋ ਗਿਆ

"ਨਾ ਰੋ ਨਾ ਰੋ ਪਿਆਰੀ ਸਖੀ, ਤੇਰੀ ਰੋਟੀ ਦਾ ਪੇੜਾ ਜੁਦਾ ਹੋ ਗਿਆ । 2 ।"
ਕ੍ਹਿਨੂੰ ਆਖੂੰਗੀ ਮਾਤਾ ਪਿਤਾ, ਕ੍ਹੇਨੂੰ ਆਖੂੰਗੀ ਛੋਟੜਾ ਵੀਰ ਮੇਰਾ । 2 ।"
"ਸੱਸ ਸ੍ਹੌਰੇ ਨੇ ਆਖੇਂਗੀ ਮਾਤਾ ਪਿਤਾ, ਛੋਟੇ ਦੇਵਰ ਨੂੰ ਆਖੇਂਗੀ ਵੀਰ ਮੇਰਾ । 2 ।"
"ਕ੍ਹਿਨੂੰ ਆਖੂੰਗੀ ਚਾਚਾ ਚਾਚੀ, ਕ੍ਹੇਨੂੰ ਆਖੂੰਗੀ ਛੋਟੜਾ ਵੀਰਾ ਮੇਰਾ । 2 ।"
"ਪਤਿਔਰੇ ਪਤੀਸ ਨੂੰ ਆਖੇਂਗੀ ਚਾਚਾ ਚਾਚੀ, ਛੋਟੇ ਦੇਵਰ ਨੂੰ ਆਖੇਂਗੀ ਵੀਰ ਮੇਰਾ ।
"ਨਾ ਰੋ ਨਾ ਰੋ ਪਿਆਰੀ ਸਖੀ, ਤੇਰੀ ਰੋਟੀ ਦਾ ਪੇੜਾ ਜੁਦਾ ਹੋ ਗਿਆ । 2 ।"

## ਮੈਂ ਤਾਂ ਕੰਨਿਆਂ ਕੁਆਰੀ ਆਂ

"ਬਾਬਾ ਜੀ ਦੀਆਂ ਫੁੱਲਵਾੜੀਆਂ, ਮੈਂ ਤਾ ਕਲੀਆਂ ਚੁੱਗਣ ਜਾਨੀਂ ਆਂ । 2 ।"
"ਨੀਵੇਂ ਨੀਵੇਂ ਆਇਓ ਸਾਜਨਾ, ਮੈਂ ਤਾਂ ਕੰਨਿਆ ਕੁਆਰੀ ਆਂ । 2 ।"
"ਕੰਨਿਆਂ ਕੁਆਰੀ ਰਾਧਕੇ, ਮੈਂ ਵੀ ਕ੍ਰਿਸ਼ਨ ਮੁਰਾਰੀ ਆਂ । 2 ।"
"ਬਾਬਲ ਜੀ ਦੀਆਂ ਫੁੱਲਵਾੜੀਆਂ, ਮੈਂ ਤਾਂ ਕਲੀਆਂ ਚੁੱਗਣ ਜਾਨੀਂ ਆਂ । 2 ।"
ਨੀਵੇਂ ਨੀਵੇਂ ਆਇਓ ਸਾਜਨਾ, ਮੈਂ ਤਾਂ ਕੰਨਿਆਂ ਕੁਆਰੀ ਆਂ । 2 ।"
"ਕੰਨਿਆਂ ਕੁਆਰੀ ਰਾਧਕੇ ਮੈਂ ਵੀ ਕ੍ਰਿਸ਼ਨ ਮੁਰਾਰੀ ਆਂ । 2 ।"

## ਬੇਟੀ ਤੇਰੇ ਕਾਰਣ ਹਾਰੇ

"ਮੇਰੀ ਸੋਨੇ ਦੀ ਸਲ਼ਾਈ ਸਾਜਨ ਲੈ ਓ ਚੱਲੇ । 2 ।
ਬਾਬਲ ਤੁਮ ਕੈਸੇ ਹਾਰੇ, ਬਾਬਲ ਤੁਮ ਕੈਸੇ ਹਾਰੇ;
ਪੁੱਤਾਂ ਦੇ ਮਾਪੇ ਜੀਤ ਗਏ । 2 ।"
"ਬੇਟੀਏ ਤੇਰੇ ਕਾਰਣ ਹਾਰੇ, ਬੇਟੀਏ ਤੇਰੇ ਕਾਰਣ ਹਾਰੇ;
ਪੁੱਤਾਂ ਦੀ ਵਾਰੀ ਜੀਤਾਂ ਗੇ । 2 ।"
"ਚਾਚਾ ਤੁਮ ਕੈਸੇ ਹਾਰੇ, ਚਾਚਾ ਤੁਮ ਕੈਸੇ ਹਾਰੇ;
ਪੁੱਤਾ ਦੇ ਮਾਪੇ ਜੀਤ ਗਏ । 2 ।"
"ਭਤੀਜੀਏ ਤੇਰੇ ਕਾਰਣ ਹਾਰੇ, ਭਤੀਜੀਏ ਤੇਰੇ ਕਾਰਣ ਹਾਰੇ;
ਭਤੀਜਿਆਂ ਦੀ ਵਾਰੀ ਜੀਤਾਂਗੇ । 2 ।"

## ਪੁੱਤਰ ਬਣ ਕੇ ਕਮਾਇਆ ਘਰ ਤੇਰੇ

"ਪੁੱਤਰ ਬਣ ਕੇ ਕਮਾਇਆ ਘਰ ਤੇਰੇ, ਕਮਾਇਆ ਘਰ ਤੇਰੇ,
ਤੇ ਦਾਜ ਦੇ ਕੇ ਤੋਰੀਂ ਬਾਬਲ ਜੀ, ਤੇ ਦਾਜ ਦੇਕੇ ਤੋਰੀਂ ਬਾਬਲ ਜੀ ।"
"ਹੱਥੀਂ ਦਿੱਤੜਾ ਧੀਆਂ ਨੇ ਲੈ ਜਾਣਾ, ਧੀਆਂ ਨੇ ਲੈ ਜਾਣਾ,

ਪੁੱਤਾਂ ਨੇ ਜਗੀਰਾਂ ਮਲਣੀਆਂ, ਤੇ ਪੁੱਤਾਂ ਨੇ ਜਗੀਰਾਂ ਮਲਣੀਆਂ ।"
"ਧੱਕੇ ਦੇਣ ਸਕੀਆਂ ਭਰਜਾਈਆਂ, ਬਗਾਨੀਆਂ ਜਾਈਆਂ;
ਬਾਬਲ ਜੀ ਤੇਰੇ ਮ੍ਹੈਲਾਂ ਵਿਚੋਂ, ਬਾਬਲ ਜੀ ਤੇਰੇ ਮ੍ਹੈਲਾਂ ਵਿਚੋਂ ।
ਕਪੜੇ ਝਾੜ ਕੇ ਸਵੇਰੇ ਤੁਰ ਜਾਣਾ, ਸਵੇਰੇ ਤੁਰ ਜਾਣਾ;
ਬਾਬਲ ਜੀ ਤੇਰੇ ਮ੍ਹੈਲਾਂ ਵਿਚੋਂ, ਬਾਬਲ ਜੀ ਤੇਰੇ ਮ੍ਹੈਲਾਂ ਵਿਚੋਂ ।
ਪੁੱਤਰ ਬਣ ਕੇ ਕਮਾਇਆ ਘਰ ਤੇਰੇ ਕਮਾਇਆ ਘਰ ਤੇਰੇ,
ਦਾਜ ਦੇਕੇ ਤੋਰੀਂ ਬਾਬਲ ਜੀ, ਤੇ ਦਾਜ ਦੇਕੇ ਤੋਰੀਂ ਬਾਬਲ ਜੀ ।"

## ਬਾਬਲ ਦੇ ਬੰਗਲੇ ਸਕੂਲ ਬਨਿਆ

ਮੇਰੇ ਬਾਬਲ ਦੇ ਬੰਗਲੇ ਸਕੂਲ ਬਨਿਆ, ਜਿੱਥੇ ਪੜ੍ਹਨ ਕਨਿਆਂ ਕੁਆਰੀਆਂ ।
ਇਕ ਪੜ੍ਹ ਹਟੀ ਦੂਜੀ ਪੜ੍ਹਨ ਲੱਗੀ, ਤੀਜੀ ਨੇ ਮਾਰੀਆਂ ਲੰਮੀਆਂ ਉਡਾਰੀਆਂ ।
ਮੇਰੇ ਬੀਰੇ ਦੇ ਬੰਗਲੇ ਸਕੂਲ ਬਨਿਆਂ, ਜਿਥੇ ਪੜ੍ਹਨ ਕਨਿਆਂ ਕੁਆਰੀਆਂ ।
ਇਕ ਪੜ੍ਹ ਹਟੀ ਦੂਜੀ ਪੜ੍ਹਨ ਲੱਗੀ, ਤੀਜੀ ਨੇ ਮਾਰੀਆਂ ਲੰਮੀਆਂ ਉਡਾਰੀਆਂ ।

## ਤੈਂਨੂੰ ਸੂਰਜ ਦਾ ਵਰ ਦੇਣਾ

ਬਾਬਲ ਕ੍ਹੈਂਦਾ ਬਾਬਲ ਕ੍ਹੈਂਦਾ, "ਬੇਟੀ ਮੇਰੀਏ, ਤੈਂਨੂੰ ਸੂਰਜ ਦਾ ਵਰ ਦੇਣਾ"
"ਜਦ ਚੜ੍ਹਿਆ ਜਦ ਚੜ੍ਹਿਆ ਸੂਰਜ ਸ੍ਹਾਮਣਾ ਨੀ ਸਾਨੂੰ ਰਿਸ਼ਮਾ ਤੋਂ ਡਰ ਲੱਗਦਾ ।
ਜਦ ਬਰਸੇ ਜਦ ਬਰਸੇ ਮਾਏ ਮੇਰੀਏ ਨੀ, ਮੇਰੇ ਸਾਲੂ ਦਾ ਲੜ ਭਿੱਜਦਾ ।"
ਚਾਚਾ ਕ੍ਹੈਂਦਾ ਚਾਚਾ ਕ੍ਹੈਂਦਾ, "ਬੇਟੀ ਮੇਰੀਏ, ਤੈਂਨੂੰ ਸੂਰਜ ਦਾ ਵਰ ਦੇਣਾ ।"
"ਜਦ ਚੜ੍ਹਿਆ ਜਦ ਚੜ੍ਹਿਆ ਸੂਰਜ ਸ੍ਹਾਮਣਾ ਨੀ ਸਾਨੂੰ ਰਿਸ਼ਮਾਂ ਤੋਂ ਡਰ ਲੱਗਦਾ ।
ਜਦ ਬਰਸੇ ਜਦ ਬਰਸੇ ਮਾਏ ਮੇਰੀਏ ਨੀ, ਮੇਰੇ ਸਾਲੂ ਦਾ ਲੜ ਭਿੱਜਦਾ ।"

## ਵਰ ਟੋਲ਼ ਛੱਡਿਊ

ਬੀਬੀ ਦਾ ਬਾਬਾ ਕ੍ਹੈਂਦਾ ਸੀ ਕ ਬੀਬੀ ਵਰ ਟੋਲ਼ ਛੱਡਿਊ ।
ਬੀਬੀ ਦੀ ਦਾਦੀ ਕ੍ਹੈਂਦੀ ਸੀ ਕ ਜਿੱਥੇ ਬੀਬੀ ਰਾਜ ਕਰੇ ।
ਵਸਣਾ ਮ੍ਹੈਲਾਂ ਦਾ ਝਰੋਖੇ ਬੈਠੀ ਦਾਤਣ ਕਰੇ ।
ਖਾਣਾ ਕੌਲਾਂ ਦਾ ਰਸੋਈਆ ਏ੍ਹਦਾ ਲੰਗਰ ਕਰੇ ।
ਸੌਣਾਂ ਪਲ਼ੰਘਾਂ ਦਾ ਕ ਗੌਲੀ ਏ੍ਹਨੂੰ ਪੱਖਾ ਵੇ ਝਲੇ ।
ਤੁਰਨਾਂ ਸੜਕਾਂ ਦਾ ਕ ਸੈਂਡਲ ਏ੍ਹਦੇ ਮੋਤੀਏ ਜੜੇ ।

## ਬੇਟੀ ਕਿਹਦੀ ਕੁਆਰੀ

ਸ੍ਰੀ ਰਾਮ ਪੁੱਛਦਾ ਕਿਸੇ ਨੂੰ "ਬੇਟੀ ਕ੍ਹੇਦੀ ਕੁਆਰੀ । 2 ।"
"ਬੇਟੀ ਕੁਆਰੀ ਬਾਬਲ ਦੀ, ਜ੍ਹੇੜਾ ਧਰਮ ਕਮਾਉਂਦਾ । 2 ।"
ਸ੍ਰੀ ਰਾਮ ਲਾਮਾ ਲੈ ਲਈਆਂ, ਮਾਪੇ ਰ੍ਹੈ ਗਏ ਨੇ ਬੈਠੇ । 2 ।ਹੈ
ਸ੍ਰੀ ਰਾਮ ਘੋੜੀ ਚੜ੍ਹ ਗਿਆ, ਵੀਰੇ ਰ੍ਹੈ ਗਏ ਖਲੋਤੇ । 2 ।

ਸ੍ਰੀ ਰਾਮ ਗੱਡੀ ਚੜ੍ਹ ਗਿਆ, ਵੀਰੇ ਹ੍ਰੈ ਗਏ ਖੜੋਤੇ । 2 ।
ਸ੍ਰੀ ਰਾਮ ਪੁੱਛਦਾ ਕਿਸੇ ਨੂੰ, "ਭਾਣਜੀ ਕ੍ਰੇਦੀ ਕੁਆਰੀ । 2 ।"
"ਭਾਣਿਜੀ ਕੁਆਰੀ ਮਾਮੇ ਦੀ, ਜ੍ਹੇੜਾ ਧਰਮ ਕਮਾਉਂਦਾ । 2 ।"
ਸ੍ਰੀ ਰਾਮ ਲਾਮਾਂ ਲੈ ਲਈਆਂ, ਮਾਮੇ ਹ੍ਰੈ ਗਏ ਨੇ ਬੈਠੇ । 2 ।
ਸ੍ਰੀ ਰਾਮ ਘੋੜੀ ਚੜ੍ਹ ਗਿਆ, ਵੀਰੇ ਹ੍ਰੈ ਗਏ ਖੜੋਤੇ । 2 ।

### ਕਾਹਨੂੰ ਦੇ ਦਿੱਤਾ ਨਦੀਆਂ ਤੋਂ ਪਾਰ

"ਬਾਬਲ ਜੀ ਮੇਰਿਆ ਦੇਸਾਂ ਦਿਆ ਰਾਜਿਆ,
ਤੂੰ ਕ੍ਹਾਨੂੰ ਦੇ ਵੇ ਦਿੱਤਾ ਨਦੀਆਂ ਤੋਂ ਪਾਰ ਆ ।"
"ਬੇਟੀਏ ਨੀ ਮੇਰੀਏ ਸੰਜੋਗਾਂ ਦੀਏ ਘੇਰੀਏ,
ਲੈ ਗਏ ਤੇਰੇ ਲੇਖ ਨੀ ਕ ਨਦੀਆਂ ਤੋਂ ਪਾਰ ਆ ।"
"ਮਾਮਾ ਜੀ ਮੇਰਿਆ ਕ ਦੇਸਾਂ ਦਿਆ ਰਾਜਿਆ,
ਤੈਂ ਕ੍ਹਾਨੂੰ ਦੇ ਵੇ ਦਿੱਤਾ ਕ ਨਦੀਆਂ ਤੋਂ ਪਾਰ ਆ ।"
"ਭਾਣਜੀਏ ਨੀ ਮੇਰੀਏ ਕ ਸੰਜੋਗਾਂ ਦੀਏ ਘੇਰੀਏ,
ਲੈ ਗਏ ਤੇਰੇ ਲੇਖ ਨੀ ਕ ਨਦੀਆਂ ਤੋਂ ਪਾਰ ਆ ।"

### ਬਾਬਲ ਮਿਲਣ ਦੀ ਆਸ

"ਰੋਟੀ ਖਾ ਲੈ ਬੀਬੀ ਨੀ ਆਲੂ ਬੜੀਆਂ ਦੇ ਨਾਲ਼ । 2 ।"
"ਮੈਂ ਨਈਂ ਖਾਣੀ ਚਾਚੀ ਨੀ, ਚਾਚਾ ਮਿਲਣੇ ਦੀ ਆਸ । 2 ।"
"ਚਾਚਾ ਮਿਲਣਾ ਭਤੀਜੀਏ ਨੀ ਲਾਮਾਂ ਬੈਠੀ ਦੇ ਕੋਲ਼ । 2 ।"
"ਰੋਟੀ ਖਾ ਲੈ ਨਣਦੇ ਨੀ ਆਲੂ ਬੜੀਆਂ ਦੇ ਨਾਲ਼ । 2 ।"
"ਮੈਂ ਨਾ ਖਾਣੀ ਭਾਬੋ ਨੀ ਵੀਰਾ ਮਿਲਣੇ ਦੀ ਆਸ । 2 ।"
"ਵੀਰਾ ਮਿਲਣਾ ਨਣਦੇ ਨੀ, ਲਾਮਾਂ ਬੈਠੀ ਦੇ ਕੋਲ਼ । 2 ।"

### ਸਾਜਨ ਖੜੇ ਬੂਹਿਉਂ ਬਾਹਰ

ਅਤਰ ਚੰਨਣ ਦੀ ਕੋਠੜੀ, ਅਤਰ ਚੰਨਣ ਦੀ ਕੋਠੜੀ ।
ਅਤਰ ਲੱਗਾ ਬੂਇਉਂ ਬ੍ਹਾਰ, ਜਿਥੇ ਬਾਬਾ ਪੈ ਕੇ ਸੌਂ ਗਿਆ ।
ਹੇ ਮੇਰੇ ਦੀਨ ਦਿਆਲ ਜਿੱਥੇ ਬਾਬਾ ਪੈ ਕੇ ਸੌਂ ਗਿਆ ।
ਉੱਠ ਵੇ ਬਾਬਾ ਸੁੱਤਿਆ, ਉੱਠ ਵੇ ਬਾਬਾ ਸੁੱਤਿਆ ।
ਸਾਜਨ ਖੜ੍ਹੇ ਬੂਇਉਂ ਬ੍ਹਾਰ, ਕਰ ਲੈ ਸਾਜਨ ਅੱਗੇ ਬੇਨਤੀ ।
ਹੇ ਮੇਰੇ ਦੀਨ ਦਿਆਲ, ਕਰ ਲੈ ਸਾਜਨ ਅੱਗੇ ਬੇਨਤੀ ।
ਨਾ ਛੱਲੇ ਨਾ ਮੁੰਦੀਆਂ, ਨਾ ਛੱਲੇ ਨਾ ਮੁੰਦੀਆਂ ।
ਨਾ ਗਲ਼ ਮ੍ਹੋਰਾਂ ਦੇ ਹਾਰ, ਕਨਿਆ ਦੇਣੀ ਹਮਨੇ ਮਣਸ ਕੇ ।
ਹੇ ਮੇਰੇ ਦੀਨ ਦਿਆਲ, ਕਨਿਆਂ ਦੇਣੀ ਹਮਨੇ ਮਣਸ ਕੇ ।
ਤੁਆਡੀ ਕਨਿਆ ਰਾਧਕੇ, ਤੁਆਡੀ ਕਨਿਆ ਰਾਧਕੇ,

ਸਾਡਾ ਕਰਿਸ਼ਨ ਮਹਾਰਾਜਾ ਲੈ ਜਾਣੀ ਰੱਥ ਮੇਂ ਚ੍ਹਾੜ ਕੇ ।
ਹੇ ਮੇਰੇ ਦੀਨ ਦਿਆਲ ਲੈ ਜਾਣੀ ਰੱਥ ਮੇਂ ਚ੍ਹਾੜ ਕੇ ।

## ਬਾਬਲਾ ਵੇ ਰਘੁਬੰਸੀਆ

ਕਿਥੇ ਤਾਂ ਖੇਲਦੇ ਦੋ ਜਣੇ ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਕਿਥੇ ਦੀ ਠੰਡੜੀ ਛਾਉਂ ਵੇ ਰਾਮ ।
ਓਥੇ ਖੇਲਦੇ ਦੋ ਜਣੇ, ਮੇਰੇ ਬਾਬਲਾ ਵੇ, ਰੰਗਬੰਸੀਆ ਵੇ,
ਇਕ ਗੋਰਾ ਦੂਜਾ ਸਾਂਵਲਾ ਰਾਮ ।
ਗੋਰੇ ਦੇ ਹੱਥ ਵਿਚ ਘੁੰਗਰੂ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਕਾਲ਼ੇ ਦੇ ਹੱਥ ਵਿਚ ਡੋਰ ਵੇ ਰਾਮ ।
ਗੋਰੇ ਦੇ ਡਿੱਗ ਪਏ ਘੁੰਗਰੂ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਕਾਲ਼ੇ ਦੀ ਟੁੱਟ ਗਈ ਡੋਰ ਵੇ ਰਾਮ ।
ਗੋਰੇ ਵਰ ਨੂੰ ਮੈਂ ਵਰਾਂ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਕਾਲ਼ੇ ਵਰ ਨੂੰ ਕੋਈ ਹੋਰ ਵੇ ਰਾਮ ।
ਕੋਠੇ ਚੜ੍ਹਕੇ ਦੇਖਦੀ ਮੇਰੇ ਬਾਬਲਾ ਵੇ, ਰੰਗਬੰਸੀਆ ਵੇ,
ਕਿਤਨੀ ਕ ਆ ਗਈ ਜਨੇਤ ਵੇ ਰਾਮ ।
ਪੰਜ ਸੱਤ ਗੱਡੀਆਂ ਆ ਗਈਆਂ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਘੋੜਿਆਂ ਦੀ ਬੱਧੜੀ ਡਾਰ ਵੇ ਰਾਮ ।
ਖਾਰਿਆਂ ਬੈਠੀ ਮੈਂ ਪੁੱਛਾਂ, ਮੇਰੇ ਬਾਬਲਾ ਵੇ, ਰੰਗਬੰਸੀਆ ਵੇ,
ਕੀ ਐ ਇਨ੍ਹਾਂ ਦੀ ਜਾਤ ਵੇ ਰਾਮ ।
ਜੋ ਕੁਛ ਹੋਣਾ ਸੀ ਹੋ ਗਿਆ, ਰਾਜੇ ਬੇਟੀਏ ਨੀ ਰੰਗਬੰਸਣੇ ਨੀ,
ਹੁਣ ਕੀ ਪੁੱਛਦੀ ਜਾਤ ਵੇ ਰਾਮ ।
ਬਾਬਲ ਡੋਲ਼ੇ ਪਾ ਦਿੱਤੀ, ਮੇਰੇ ਬਾਬਲਾ ਵੇ, ਰੰਗਬੰਸੀਆ ਵੇ,
ਜਾ ਲੱਥੀ ਸੌਂਰੇ ਏ ਦੇਸ ਵੇ ਰਾਮ ।
ਪੰਜ ਸੱਤ ਨੈਣਾਂ ਆ ਗਈਆਂ, ਮੇਰੇ ਬਾਬਲਾ ਵੇ, ਰੰਗਬੰਸੀਆ ਵੇ,
ਥਾਲ਼ੀ ’ਚ ਪਾਏ ਸੰਧੂਰ ਵੇ ਰਾਮ ।
ਡੋਲ਼ੇ ਨੂੰ ਹੱਥ ਨਾ ਲਾਇਉ, ਨੈਣੋ ਨੀ ਰੰਗਬੰਸਣੋਂ ਨੀ,
ਮੈਂ ਬੜੇ ਰਾਜੇ ਦੀ ਬੇਟੜੀ ਵੇ ਰਾਮ ।
ਐਡੜੇ ਬੋਲ ਨਾ ਬੋਲ ਨੀ ਬੇਟੀਏ ਨੀ, ਰੰਗਬੰਸਣੇ ਨੀ,
ਪੈ ਜਾਣਾ ਸਾਡੜੇ ਬੱਸ ਵੇ ਰਾਮ ।
ਅੰਦਰ ਵੜ ਕੇ ਦੇਖਦੀ ਵੇ ਸੌਂਰੇ ਬਾਬਲਾ ਵੇ, ਰੰਗਬੰਸੀਆ ਵੇ,
ਪੰਜ ਸੱਤ ਗੁੱਛੀਆਂ ਟੰਗੀਆਂ ਮੇਰੇ ਰਾਮ ।
ਪੰਜ ਸੱਤ ਜੱਟੀਆਂ ਆ ਗਈਆਂ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,
ਆਈਆਂ ਸੀਸ ਗੁੰਦਾਉਣ ਵੇ ਰਾਮ ।
ਮੀਂਢੀ ਦਾ ਵਲ ਨਾ ਆਂਵਦਾ ਵੇ, ਮੇਰੇ ਬਾਬਲਾ ਵੇ ਰੰਗਬੰਸੀਆ ਵੇ,

ਆਈਆਂ ਸੀਸ ਗੁੰਦਾਉਣ ਮੇਰੇ ਰਾਮ ।
ਐਡੜੇ ਬੋਲ ਨਾ ਬੋਲ ਨੀ, ਰਾਜੇ ਬੇਟੀਏ ਨੀ, ਰੰਗਬੰਸਣੇ ਨੀ,
ਪੈ ਜਾਣਾ ਸਾਡੜੇ ਵੱਸ ਵੇ ਰਾਮ ।

## ਚੜ੍ਹਿਆ ਨੀ ਮਹਾਰਾਣੀ ਬਾਲੜਾ ਚੰਦ ਐ

ਚੜ੍ਹਿਆ ਨੀ ਮਹਾਰਾਣੀ ਬਾਲੜਾ ਚੰਦ ਐ;
ਨੀ ਚੜ੍ਹਦੇ ਨੇ ਰਿਸ਼ਮਾਂ ਛੋਡੀਆਂ ਹਰੇ ਰਾਮ ਰਾਮ । 2 ।
ਚੜ੍ਹਿਆ ਨੀ ਮਹਾਰਾਣੀ ਮਾੜੀ ਦੇ ਹੇਠ ਐ,
ਨੀ ਰਿਸ਼ਮਾਂ ਜਾ ਲਗੀਆਂ ਝਰੋਖੇ ਹਰੇ ਰਾਮ ਰਾਮ । 2 ।
ਕਿਧਰੋ ਨੀ ਮਹਾਰਾਣੀ ਆ ਲੱਥੀ ਜਨੇਤ ਐ,
ਨੀ ਕਿਧਰੋ ਆ ਲੱਥੇ ਸਾਜਨ ਹਰੇ ਰਾਮ ਰਾਮ । 2 ।
ਲ੍ਹੈ ਦਿਉਂ ਨੀ ਧੀ ਰਾਣੀ ਆ ਲੱਥੀ ਜਨੇਤ ਐ,
ਚੜ੍ਹਦਿਉਂ ਆ ਲੱਥੇ ਸਾਜਨ ਹਰੇ ਰਾਮ ਰਾਮ । 2 ।
ਹੁੰਝਿਓ ਵੇ ਮਾਲਿਓ ਬਾਗ ਬਗੀਚੜਾ,
ਦਿਓ ਮੇਰੀ ਜੰਜ ਨੂੰ ਬੈਠਣਾ ਹਰੇ ਰਾਮ ਰਾਮ । 2 ।
ਹੁੰਝਿਉ ਵੇ ਚੂੜ੍ਹਿਉ ਗਲ਼ੀਆਂ ਦਾ ਕੂੜੜਾ,
ਵੇ ਜੰਜ ਸੁਖਾਲੜੀ, ਲੰਘ ਜਾਵੇ ਹਰੇ ਰਾਮ ਰਾਮ । 2 ।
ਖੋ੍ਲੀਂ ਨੀ ਮਹਾਰਾਣੀ, ਡੇੜੀ ਦਾ ਕੁੰਡੜਾ,
ਨੀ ਸ੍ਹੇਰਿਆਂ ਵਾਲੜਾ, ਦਰ ਖੜਾ ਹਰੇ ਰਾਮ । 2 ।
ਚੋਵੀਂ ਨੀ ਭਾਬੋ ਰਾਣੀ ਤੇਲ ਦਾ ਕੂਜੜਾ,
ਨੀ ਸ੍ਹੇਰਿਆ ਵਾਲੜਾ ਆਇਆ, ਅੰਦਰ ਹਰੇ ਰਾਮ ਰਾਮ । 2 ।
ਲਾਇਉ ਵੇ ਵੀਰਿਓ ਮ੍ਹੈਲਾਂ ਨੂੰ ਪੌੜੀਆਂ,
ਵੇ ਜੰਜ ਸੁਖਾਲੜੀ ਚੜ੍ਹ ਚਲੇ ਹਰੇ ਰਾਮ ਰਾਮ । 2 ।
ਧੋਇਓ ਵੇ ਧੋਬੀਓ ਚੀਟੜੇ ਕੋਰੜੇ,
ਵੇ ਦਿਓ ਮੇਰੀ ਜੰਾਂ ਨੂੰ ਬੈਠਣਾ ਹਰੇ ਰਾਮ ਰਾਮ । 2 ।
ਮਾਜਿਓ ਵੇ ਝੀਰੋ ਥਾਲ਼ ਗ਼ਲਾਸ ਐ,
ਦਿਓ ਮੇਰੀ ਜੰਜ ਨੂੰ ਭੋਜਨ ਹਰੇ ਰਾਮ ਰਾਮ । 2 ।
ਪਾਇਓ ਵੇ ਵੀਰਿਓ ਖੰਡ ਰਸ ਮੇਵੜਾ,
ਦਿਓ ਮੇਰੀ ਜੰਜ ਨੂੰ ਛਕਣਾ ਹਰੇ ਰਾਮ ਰਾਮ । 2 ।
ਪੈਂਦੀ ਵੇ ਬਾਬਲ ਨਿੱਕੀ ਨਿੱਕੀ ਭੂਰ ਐ,
ਭਿੱਜ ਗਏ ਸਾਮ ਜੀ ਦੇ ਕਪੜੇ ਹਰੇ ਰਾਮ ਰਾਮ । 2 ।
ਛੋਡੀਂ ਵੇ ਬਾਬਲ ਦੱਖਣੀ ਹਵਾ,
ਸੁੱਕ ਜਾਣ ਸ਼ਾਮ ਜੀ ਦੇ ਕਪੜੇ ਹਰੇ ਰਾਮ ਰਾਮ । 2 ।

### ਆਪਣੇ ਭਾਗ ਧੀਏ ਤੂੰ ਲੈ ਜਾਈਂ

ਨਦੀਓ ਕਿਨਾਰੇ ਇਕ ਤਪੱਸੀਆਂ ਨ੍ਹਾਵੇ,
ਸੋਨੇ ਪਿੰਜਰਾ ਰੁੜ੍ਹਦਾ ਆਇਆ ਵੇ ਰਾਮ । 2 ।
ਸੋਨੇ ਪਿੰਜਰਾ ਤਪੱਸੀਏ ਪਕੜ ਲਿਆ,
ਵਿਚ ਕਨਿਆਂ ਕੁਆਰੀ ਵੇ ਰਾਮ । 2 ।
ਕੋਠੇ ਚੜ੍ਹਕੇ ਤਪੱਸੀਆ ਹੋਕਾ ਦੇਵੇ,
ਜੇ ਕੋਈ ਕਨਿਆ ਨੂੰ ਪਾਲ਼ੇ ਰਾਮ । 2 ।
ਬੱਚੇ ਛੜ ਜੰਗਲੋਂ ਹਰਨੀ ਆਂਦੀ,
ਉਸਦਾ ਦੁੱਧ ਪਿਲਾਇਉ ਵੇ ਰਾਮ । 2 ।
ਪਾਲ਼ੀ ਪਲ਼ੋਸੀ ਬੇਟੀ ਬਡੜੀ ਹੋਈ,
ਉਸਦਾ ਕਾਜ ਰਚਾਇਓ ਵੇ ਰਾਮ । 2 ।
ਚਿੱਟੇ ਚੋਲ਼ ਕੋਰੀ ਮੱਟੀ ਪਾਏ,
ਖੰਡ ਰਸ ਮੇਵੇ ਦੀਆਂ ਪੁੜੀਆਂ ਵੇ ਰਾਮ । 2 ।
ਖੰਡ ਰਸ ਥੋੜ੍ਹੇ ਸਾਜਨ ਬਹੁਤੇ ਆਏ,
ਬਾਬਲ ਬੇਦਲ ਹੋਇਆ ਵੇ ਰਾਮ । 2 ।
ਤੁਸੀਂ ਕਿਉਂ ਬਾਬਲ ਜੀ ਬੇਦਲ ਹੋਏ,
ਸਤਗੁਰ ਕਾਜ ਸਵਾਰੇ ਵੇ ਰਾਮ । 2 ।
ਜਦ ਮੇਰੀ ਬੇਟੀ ਦੀ ਜੰਜ ਆਈ,
ਉਚੇ ਚੜ੍ਹ ਜੰਜ ਦੇਖਾਂ ਵੇ ਰਾਮ । 2 ।
ਜੱਦ ਮੇਰੀ ਬੇਟੀ ਦੀਆਂ ਲਾਵਾਂ ਹੋਈਆਂ,
ਪਾਸ ਖਲੋਤੀ ਮੰਗਲ ਗਾਵਾਂ ਵੇ ਰਾਮ । 2 ।
ਜਦ ਮੇਰੀ ਬੇਟੀ ਦਾ ਡੋਲ਼ਾ ਚਲਿਆ,
ਇੰਦਰ ਰਾਜ ਛਮ ਛਮ ਰੋਇਆ ਵੇ ਰਾਮ । 2 ।
ਕੌਣ ਤਾਂ ਦੇਵੇ ਬਾਬਲ ਝਾੜੂ ਬ੍ਹਾਰੂ,
ਕੌਣ ਤਾਂ ਬਾਲ਼ੇ ਮੰਦਰ ਦੀਵਾ ਵੇ ਰਾਮ । 2 ।
ਨੋਂਹਾਂ ਦੇਣ ਧੀਏ ਝਾੜੂ ਬ੍ਹਾਰੂ,
ਪੁੱਤਰ ਬਾਲ਼ੇ ਮੰਦਰ ਦੀਵਾ ਵੇ ਰਾਮ । 2 ।
ਆਪਣੇ ਭਾਗ ਧੀਏ ਤੂੰ ਲੈ ਜਾਈਂ,
ਸਾਡੇ ਸਾਨੂੰ ਛੱਡ ਜਾਇਉਂ ਵੇ ਰਾਮ । 2 ।

## ਘੋੜੀਆਂ

### ਸ਼ਗਨ ਮੰਨਣ ਵਾਲੀ ਰਾਤ

ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ । 2 ।
ਬੀਰਾ ਕਿੱਥੇ ਗੁਜਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ । 2 ।

ਭੈਣੇ ਗਿਆ ਸੀ ਮੈਂ ਸੁਨਿਆਰੇ ਜੀ ਦੇ ਪਾਸ, ਗ੍ਹੈਣੇ ਘੜਾਉਣੇ ਨੂੰ । 2 ।
ਬੀਰਾ ਗ੍ਹੈਣੇ ਘੜਾਵੇ ਤੇਰਾ ਬਾਪ, ਤੈਂਨੂੰ ਕਾਹਦਾ ਫਿਕਰ ਪਿਆ । 2 ।
ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ । 2 ।
ਬੀਰਾ ਕਿਥੇ ਗੁਜਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ । 2 ।
ਭੈਣੇ ਗਿਆ ਸੀ ਮੈਂ ਪਾਂਧੇ ਜੀ ਦੇ ਪਾਸ, ਸਾਹਾ ਸੁਧਾਉਣੇ ਨੂੰ । 2 ।
ਬੀਰਾ ਸਾਹਾ ਸੁਧਾਵੇ ਤੇਰਾ ਬਾਪ, ਤੈਂਨੂੰ ਕ੍ਹਾਦਾ ਫਿਕਰ ਪਿਆ । 2 ।
ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ । 2 ।
ਬੀਰਾ ਕਿੱਥੇ ਗੁਜਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ । 2 ।

## ਅੱਜ ਬਨਰਾ ਫੁੱਲ ਗੁਲਾਬ ਦਾ

ਅੱਜ ਬਨਰਾ ਸ੍ਹੇਰਾ ਨਈਂ ਪ੍ਹੈਨਦਾ, ਅੱਜ ਬਨਰਾ ਸ੍ਹੇਰਾ ਨਈਂ ਪ੍ਹੈਨਦਾ ।
ਅੱਜ ਬਨਰਾ ਸਾਬਣ ਦੀ ਚਾਕੀ, ਅੱਜ ਬਨਰਾ ਪੌਡਰ ਦਾ ਡੱਬਾ,
ਅੱਜ ਬਨਰਾ ਲੌਂਗਾਂ ਦਾ ਗੁੱਛਾ, ਅੱਜ ਬਨਰਾ ਅਤੇ ਦੀ ਸ਼ੀਸ਼ੀ,
ਅੱਜ ਬਨਰਾ ਭਾਈਆਂ ਦਾ ਵੀਰਾ, ਅੱਜ ਬਨਰਾ ਫੁੱਲ ਗੁਲਾਬ ਦਾ ।
ਅੱਜ ਬਨਰਾ ਬਰਦੀ ਨਈਂ ਪ੍ਹੈਨਦਾ, ਅੱਜ ਬਨਰਾ ਬਰਦੀ ਨਈਂ ਪ੍ਹੈਨਦਾ ।
ਅੱਜ ਬਨਰਾ ਸਾਬਣ ਦੀ ਚਾਕੀ, … …. … … … … … … … ।
ਅੱਜ ਬਨਰਾ ਜੋੜਾ ਨਈਂ ਪ੍ਹੈਨਦਾ, ਅੱਜ ਬਨਰਾ ਜੋੜਾ ਨਈਂ ਪ੍ਹੈਨਦਾ ।
ਅੱਜ ਬਨਰਾ ਸਾਬਣ ਦੀ ਚਾਕੀ… … … … … … … … .. ।

## ਕੇਹੀ ਕ ਡਿਠੜੀ ਨਾਰ ਵੇ

ਘੋੜੀ ਚੜ੍ਹ ਕੇ ਚਲਿਆ ਸੁਣ ਵੀਰ ਮੇਰਾ,
ਵੇਖਣ ਚਲਿਆ ਵੀਰਾ ਸ੍ਹੌਰੜਾ ਪਿੰਡ ਵੇ ।
"ਕੇਹੇ ਕ ਡਿਠੜੇ ਸਹੁਰੜੇ ਸੁਣ ਵੀਰ ਮੇਰਾ,
ਕੇਹੀ ਕ ਡਿਠੜੀ ਵੀਰਾ ਜੂਹ ਵੇ ।"
"ਚੰਨਣ ਛਿੜਕੀਆਂ ਗਲ਼ੀਆਂ ਸੁਣ ਭੈਣ ਮੇਰੀ
ਸਦਾ ਹਰਿਆਵਲੀ ਸੁਣ ਜੂਹ ਵੇ ।"
"ਕ੍ਹੇਈਆਂ ਕ ਡਿਠੜੀ ਸਾਲ਼ੀਆਂ ਸੁਣ ਵੀਰ ਮੇਰਾ,
ਕੇਹੀ ਕ ਡਿਠੜੀ ਵੀਰਾ ਸੁਣ ਨਾਰ ਵੇ ।
ਸਾਲੂ ਵਾਲ਼ੀਆਂ ਸਾਲ਼ੀਆਂ ਸੁਣ ਭੈਣ ਮੇਰੀ,
ਚੂੜੇ ਵਾਲੀ ਭੈਣੇ ਸੁਣ ਨਾਰ ਵੇ ।"
"ਕੇਹਾ ਕ ਡਿਠੜਾ ਸ੍ਹੌਰੜਾ ਸੁਣ ਵੀਰ ਮੇਰਾ,
ਕੇਹੀ ਕ ਡਿਠੜੀ ਵੀਰਾ ਮੁੜ ਸੱਸ ਵੇ ।"
"ਬੁੱਢ ਖਰੁਦੜਾ ਮੇਰਾ ਸ੍ਹੌਰੜਾ, ਸੁਣ ਭੈਣ ਮੇਰੀ,
ਕੋਠੇ ਟੱਪਣੀ ਭੈਣੇ ਮੇਰੀ ਸੱਸ ਵੇ ।"
ਘੋੜੀ ਚੜ੍ਹ ਕੇ ਚਲਿਆ ਸੁਣ ਵੀਰ ਮੇਰਾ,
ਵੇਖਣ ਚਲਿਆ ਵੀਰਾ ਸ੍ਹੌਰੜਾ ਪਿੰਡ ਵੇ ।"

## ਸਿਹਰੇ ਗੁੰਦ ਲਿਆ ਰਾਜੇ ਦੀਏ ਮਾਲਣੇ

ਹਾਂ ਨੀ ਕਿਨ ਤੈਂਨੂੰ ਆਖਿਆ, ਹਾਂ ਨੀ ਕਿਨ ਤੈਂਨੂੰ ਆਖਿਆ ਮਾਲਨੇ ।
ਨੀ ਤੂੰ ਵਡੜੇ ਸਵੇਰੇ ਆ ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਨੀ ਤੂੰ ਵਡੜੇ ਸਵੇਰੇ ਆਈਕੇ, ਨੀ ਤੂੰ ਵਡੜੇ ਸਵੇਰੇ ਆਈਕੇ ।
ਨੀ ਤੂੰ ਦਰ ਵਿਚ ਖੂਹਾ ਲੁਆ, ਰਾਜੇ ਦੀਏ ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਨੀ ਤੂੰ ਦਰ ਵਿਚ ਖੂਹਾ ਲੁਆਈਕੇ, ਨੀ ਤੂੰ ਦਰ ਵਿਚ ਖੂਹਾ ਲੁਆਈਕੇ ।
ਨੀ ਤੂੰ ਕਲੀਆ ਦਾ ਬਾਗ ਲੁਆ, ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਨੂੰ ਤੂੰ ਦਰ ਵਿਚ ਬਾਗ ਲੁਆਈਕੇ, ਨੀ ਤੂੰ ਦਰ ਵਿਚ ਬਾਗ ਲੁਆਈਕੇ ।
ਤੂੰ ਬੂਟੇ ਬੂਟੇ ਪਾਣੀ ਪਾ ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਤੂੰ ਬੂਟੇ ਬੂਟੇ ਪਾਣੀ ਪਾ ਪਾਈਕੇ, ਨੀ ਤੂੰ ਬੂਟੇ ਬੂਟੇ ਪਾਣੀ ਪਾਈਕੇ,
ਨੀ ਤੂੰ ਬੂਟੇ ਬੂਟੇ ਫੇਰਾ ਪਾ, ਰਾਜੇ ਦੀਏ ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਨੀ ਤੂੰ ਬੂਟੇ ਬੂਟੇ ਫੇਰਾ ਪਾਈਕੇ, ਨੀ ਤੂੰ ਬੂਟੇ ਬੂਟੇ ਫੇਰਾ ਪਾਈਕੇ,
ਨੀ ਤੂੰ ਕਲੀਓਂ ਕਲੀ ਚੁਰਾ ਲਿਆ, ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਨੀ ਤੂੰ ਕਲੀਓਂ ਕਲੀ ਚੁਰਾ ਲਿਆਈਕੇ, ਨੀ ਤੂੰ ਕਲੀਓਂ ਕਲੀ ਚੁਰਾ ਲਿਆਈਕੇ ।
ਨੀ ਤੂੰ ਸ੍ਹੇਰੇ ਗੁੰਦ ਲਿਆ, ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਲੈ ਲੈ, ਲੈ ਲੈ ਵੇ ਬਾਬਾ ਸ੍ਹੇਰੇ ਦੀਏ, ਲੈ ਲੈ, ਲੈ ਲੈ ਵੇ ਬਾਬਾ ਸ੍ਹੇਰੇ ।
ਆਪਣੇ ਪੋਤੇ ਦੇ ਮੱਥੇ ਲਾ, ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।
ਲੈ ਲੈ, ਲੈ ਲੈ ਵੇ ਬਾਬਲ ਸ੍ਹੇਰੇ, ਲੈ ਲੈ, ਲੈ ਲੈ ਵੇ ਬਾਬਲ ਸ੍ਹੇਰੇ ।
ਆਪਣੇ ਬੇਟੇ ਦੇ ਮੱਥੇ ਲਾ, ਰਾਜੇ ਦੀਏ, ਵਡਿਆਂ ਬਾਦਸ਼ਾਹਾਂ ਦੀਏ ਮਾਲਣੇ ।

## ਆਪ ਚੜ੍ਹ ਬਹਿੰਦਾ ਘੋੜੀ

ਧੰਨ ਬੀਰਾ ਤੇਰੀ ਮਾਈ ਦਾ ਵੇ, ਜਿਨ ਤੂੰ ਪੁੱਤ ਜਾਇਆ,
ਤੂੰ ਪੁੱਤ ਜਾਇਆ, ਹਰੇ ਨੰਦ ਬੁਲਾਇਆ ।
ਹਰੇ ਨੰਦਾਂ ਨੇ ਤਾਲ ਪੁਰ ਜੰਗ ਲਾਏ ।
ਸ੍ਹੋਣੀਏਂ ਨੀ ਮਨਮ੍ਹੋਣੀਏ ਨੀ ਦੋਵੇਂ ਬਣ ਬਹਿੰਦੇ ਜੋੜੀ ।
ਰੁਕਮਣ ਡੋਲ਼ੇ ਪਾਇਕੇ ਵੇ, ਆਪ ਚੜ੍ਹ ਬਹਿੰਦਾ ਘੋੜੀ ।
ਧੰਨ ਬੀਰਾ ਤੇਰੀ ਦਾਦੀ ਦਾ ਵੇ, ਜਿਨ ਤੂੰ ਪੋਤਾ ਜਾਇਆ ।
ਤੂੰ ਪੋਤਾ ਜਾਇਆ, ਹਰੇ ਨੰਦ ਬੁਲਾਇਆ ।
ਸ੍ਹੋਣੀਏਂ ਨੀ ਮਨ ਮਨ ਮੋਣੀਏਂ ਨੀ, ਆਪ ਬਣ ਬ੍ਹੈਂਦੇ ਜੋੜੀ ।
ਰੁਕਮਣ ਡੋਲ਼ੇ ਪਾਇਕੇ ਵੇ, ਆਪ ਚੜ੍ਹ ਬ੍ਹੈਂਦਾ ਘੋੜੀ ।

## ਮਾਈ ਨੇ ਸੀਸਾਂ ਦਿੱਤੀਆਂ ਸੁਰਜੀਤ ਬਨਰਾ

ਘੋੜੀ ਤੇ ਚੜ੍ਹਦਾ ਮੈਂ ਡਿੱਠਾ ਰਣਜੀਤ ਬਨਰਾ, ਦਾਦੀ ਨੂੰ ਸੀਸ ਨਿਵਾਇਕੇ ।
ਦਾਦੀ ਨੇ ਸੀਸਾਂ ਦਿੱਤੀਆਂ ਸੁਰਜੀਤ ਬਨਰਾ, ਜੀਵੇ ਜਵਾਨੀਆਂ ਮਾਣ ਵੇ ।

ਘੋੜੀ ਤੇ ਚੜ੍ਹਦਾ ਮੈਂ ਡਿੱਠਾ ਰਣਜੀਤ ਬਨਰਾ, ਮਾਈ ਨੂੰ ਸੀਸ ਨਿਵਾਈਕੇ ।
ਮਾਈ ਨੇ ਸੀਸਾਂ ਦਿੱਤੀਆਂ ਸੁਰਜੀਤ ਬਨਰਾ, ਜੀਵੇ ਜਵਾਨੀਆਂ ਮਾਣ ਵੇ ।

## ਰੁਸ ਗਿਆ ਵੀਰ ਰੁਮਾਲਾਂ ਤੋਂ

ਬਰਦੀ ਤੈਂਨੂੰ ਮੈਂ ਦਿਨੀਆਂ ਬਨਿਆਂ, ਬਰਦੀ ਤੈਂਨੂੰ ਮੈਂ ਦਿਨੀਆ ਬਨਿਆਂ ।
ਬਟਣ ਲੈ ਲਈ ਝੰਗ ਵੇ ਸਿਆਲਾਂ ਤੋਂ, ਵੇ ਰੁੱਸ ਗਿਆ ਵੀਰ ਰੁਮਾਲਾਂ ਤੋਂ ।
ਨੀ ਛੁੱਟ ਗਈ ਹੀਰ ਸਿਆਲਾਂ ਤੋਂ, ਨੀ ਛੁੱਟ ਗਈ ਹੀਰ ਸਿਆਲਾਂ ਤੋਂ ।
ਕਲਗੀ ਵੇ ਬੀਰਾ ਲੈ ਦਿਨੀਆ ਬਨਿਆਂ, ਕਲਗੀ ਤਾਂ ਲੈ ਦਿਨੀਆਂ ਬਨਿਆਂ ।
ਬਰਦੀ ਵੇ ਲੈ ਲਈ ਝੰਗ ਵੇ ਸਿਆਲਾਂ ਤੋਂ, ਵੇ ਰੁੱਸ ਗਿਆ ਵੀਰ ਰੁਮਾਲਾਂ ਤੋਂ ।
ਨੀ ਛੁੱਟ ਗਈ ਹੀਰ ਸਿਆਲਾਂ ਤੋਂ, ਨੀ ਛੁੱਟ ਗਈ ਹੀਰ ਸਿਆਲਾਂ ਤੋਂ ।

## ਬਨਾਂ ਵਿਚ ਨੀ ਬਜਾਰ ਦੇ ਅਨਾਰ ਮੰਗਦਾ

ਬਨਾਂ ਵਿਚ ਨੀ ਬਜਾਰ ਦੇ ਅਨਾਰ ਮੰਗਦਾ । 2 ।
ਮਾਈ ਰਾਣੀ ਕੋਲੋਂ ਗਲ ਵਾਲਾ ਹਾਰ ਮੰਗਦਾ । 2 ।
ਬਾਬਲ ਰਾਜੇ ਕੋਲੋਂ ਡੇੜ੍ਹ ਹਜਾਰ ਮੰਗਦਾ । 2 ।
ਬਨਾਂ ਵਿਚ ਨੀ ਬਜਾਰ ਦੇ ਅਨਾਰ ਮੰਗਦਾ । 2 ।
ਆਪਣੀ ਭਾਬੋ ਕੋਲੋਂ ਗਲ ਵਾਲਾ ਹਾਰ ਮੰਗਦਾ । 2 ।
ਆਪਣੇ ਵੀਰ ਕੋਲੋਂ ਡੇੜ੍ਹ ਹਜਾਰ ਮੰਗਦਾ । 2 ।

## ਸੀਤਾ ਵਿਆਹ ਘਰ ਲਿਆਉਣੀ

ਘੋੜਾ ਜੁਧਿਆ ਤੇ ਆਇਆ ਚੜ੍ਹੋ ਮੇਰੇ ਵੀਰਾ । 2 ।
ਰਾਜੇ ਜਨਕ ਦੇ ਜਾਣਾ, ਲੱਗੀ ਸਾਨੂੰ ਡੇਰ । 2 ।
ਸੀਤਾ ਵ੍ਹਿਆ ਘਰ ਲਿਆਉਣੀ, ਲੱਗੀ ਸਾਨੂੰ ਡੇਰ । 2 ।
ਡੋਲ਼ਾ ਬੂਹੇ ਅੱਗੇ ਆਇਆ, ਲੱਗੀ ਸਾਨੂੰ ਡੇਰ । 2 ।
ਮਾਤਾ ਪਾਣੀ ਵਾਰੇ ਲੱਗੀ ਸਾਨੂੰ ਡੇਰ । 2 ।
ਵਰਦੀ ਜੁਧਿਆ ਤੇ ਆਈ ਪਹਿਨੋਂ… … … … ।
ਜੋੜਾ ਜੁਧਿਆ ਤੇ ਆਇਆ… … … … … … ।
ਕਲਗੀ ਜੁਧਿਆ ਤੇ ਆਈ… … … … … …. ।

## ਸ਼ਗਨਾਂ ਦੀਆਂ ਛਪ ਗਈਆਂ ਅਖਬਾਰਾਂ

ਛੱਪ ਗਈਆਂ, ਛੱਪ ਗਈਆਂ ਅਖਬਾਰਾਂ, ਬੀਰਾ ਜੀ ਤੇਰੇ ਸ਼ਗਨਾਂ ਦੀਆਂ ।
ਕੌਣ ਵੀਰੇ ਦੇ ਸ਼ਗਨ ਮਨਾਵੇ, ਕੌਣ ਪੜ੍ਹੇ ਅਖਬਾਰਾਂ,
ਬੀਰਾ ਜੀ ਤੇਰੇ ਸ਼ਗਨਾਂ ਦੀਆਂ, ਛੱਪ ਗਈਆਂ ਅਖਬਾਰਾਂ ।
ਮਾਈ ਵੀਰੇ ਦੀ ਸ਼ਗਨ ਮਨਾਵੇ, ਬਾਬਲ ਪੜ੍ਹੇ ਅਖਬਾਰਾਂ,
ਬੀਰਾ ਜੀ ਤੇਰੇ ਸ਼ਗਨਾਂ ਦੀਆਂ.. … ….. … … … .. ।

ਚਾਚੀ ਵੀਰੇ ਦੀ ਸ਼ਗਨ ਮਨਾਵੇ, ਚਾਚਾ ਪੜ੍ਹੇ ਅਖਬਾਰਾਂ,
ਵੀਰਾ ਜੀ ਤੇਰੇ ਸ਼ਗਨਾਂ ਦੀਆਂ … … …. … … … ।

## ਘੋੜੀ ਮੇਰੇ ਵੀਰ ਦੀ ਜਾਂਦੀ ਸ਼ਿਮਲੇ ਸ਼ਿਮਲੇ

ਘੋੜੀ ਤਾਂ ਮੇਰੇ ਵੀਰ ਦੀ ਨੀ, ਜਾਂਦੀ ਸ਼ਿਮਲੇ ਸ਼ਿਮਲੇ । 2 ।
ਅਗਿਉਂ ਮਾਈ ਨੇ ਰੋਕਿਆ, ਵੇ ਦੇ ਜਾ ਦੁੱਧ ਪਲ਼ਾਈ । 2 ।
ਜੋ ਕੁਛ ਮੰਗਣਾ ਮੰਗ ਨੀ ਮਾਏ ਦੇਰ ਨਾ ਲਾਈਂ । 2 ।
ਤਿੰਨ ਕਪੜੇ ਰੇਸ਼ਮੀ, ਪੰਜ ਰੁਪਈਏ, ਲਿਆਵੀਂ । 2 ।
ਘੋੜੀ ਤਾਂ ਮੇਰੇ ਵੀਰ ਦੀ ਨੀ ਜਾਂਦੀ, ਸ਼ਿਮਲੇ ਸ਼ਿਮਲੇ । 2 ।
ਅਗਿਉਂ ਭੈਣਾਂ ਨੇ ਰੋਕਿਆ ਵੇ ਦੇ ਜਾ ਵਾਂਗ ਫ਼ੜਾਈ । 2 ।
ਜੋ ਕੁਛ ਮੰਗਣਾ ਮੰਗ ਲੈ, ਨੀ ਭੈਣੇ ਦੇਰ ਨਾ ਲਾਈਂ । 2 ।
ਤਿੰਨੇ ਕਪੜੇ ਰੇਸ਼ਮੀ ਵੇ, ਬੂਰੀ ਮੱਝ ਲਿਆਈਂ । 2 ।
ਘੋੜੀ ਤਾਂ ਮੇਰੇ ਵੀ ਦੀ, ਨੀ ਜਾਂਦੀ ਸ਼ਿਮਲੇ ਸ਼ਿਮਲੇ । 2 ।
ਅਗਿਉਂ ਭਾਬੋ ਨੇ ਰੋਕਿਆ, ਵੇ ਦੇ ਜਾ ਸੁਰਮਾ ਪੁਆਈ । 2 ।
ਜੋ ਕੁਛ ਮੰਗਣਾ ਮੰਗ ਲੈ, ਨੀ ਭਾਬੋ ਦੇਰ ਨਾ ਲਾਈਂ । 2 ।
ਸਾੜ੍ਹੀ ਤਾਂ ਸੁੱਚੀ ਰੇਸ਼ਮੀ; ਵੇ ਰਾਣੀ ਹਾਰ ਲਿਆਈਂ । 2 ।
ਘੋੜੀ ਤਾਂ ਮੇਰੇ ਵੀਰ ਦੀ, ਨੀ ਜਾਂਦੀ ਸ਼ਿਮਲੇ ਸ਼ਿਮਲੇ । 2 ।

## ਵੀਰੇ ਦੀ ਟਸਰੀ ਕਮੀਜ

ਸੁਈਉ ਵੀਰੇ ਦੀ ਟਸਰੀ ਕਮੀਜ ਸ੍ਹੌਰੇ ਜਾਣੇ ਨੂੰ । 2 ।
ਬੀਰਾ ਮਾਈ ਨੂੰ ਕਰ ਲੈ ਤਿਆਰ, ਸ਼ਗਨ ਮਨਾਉਣੇ ਨੇ । 2 ।
ਬੀਰਾ ਬਾਬਲ ਨੂੰ ਕਰ ਲੈ ਤਿਆਰੇ ਜੰਜੇ ਜਾਣੇ ਨੂੰ । 2 ।
ਬੀਰਾ ਮ੍ਹੈਲੀਂ ਖੜੀ ਮੁਟਿਆਰ, ਲਾਵਾਂ ਲੈਣੇ ਨੂੰ । 2 ।
ਸੁਈਉ ਵੀਰੇ ਦੀ ਟਸਰੀ ਕਮੀਜ, ਸ੍ਹੌਰੇ ਜਾਣੇ ਨੂੰ । 2 ।
ਬੀਰਾ ਭਾਬੋ ਨੂੰ ਕਰ ਲੈ ਤਿਆਰ, ਜੰਜੇ ਜਾਣੇ ਨੂੰ । 2 ।
ਵੀਰਾ ਮ੍ਹੈਲੀਂ ਖੜੀ ਮੁਟਿਆਰ, ਲਾਵਾਂ ਲੈਣੇ ਨੂੰ । 2 ।
ਸੁਈਉ ਵੀਰੇ ਦੀ ਟਸਰੀ ਕਮੀਜ, ਸ੍ਹੌਰੇ ਜਾਣੇ ਨੂੰ । 2 ।

## ਤੂੰ ਤਾਂ ਪੁਨਿਆਂ ਦਾ ਚੰਨ ਵੇ

ਵਰਦੀ ਪ੍ਹੈਨ ਵੇ ਪ੍ਹੈਨ ਵੇ ਬਨਿਆਂ । 2 ।
ਤੂੰ ਤਾਂ ਪੁਨਿਆਂ ਦਾ ਚੰਦ ਵੇ, ਚੰਦ ਵੇ ਬਣਿਆ । 2 ।
ਵ੍ਹੌਟੀ ਗੋਭੀ ਦਾ ਫੁੱਲ ਵੇ, ਫੁੱਲ ਵੇ ਬਨਿਆਂ । 2 ।
ਸ੍ਹੇਰਾ ਪ੍ਹੈਨ ਵੇ, ਪ੍ਹੈਨ ਵੇ ਬਨਿਆਂ । 2 ।
ਤੂੰ ਤੇ ਪੁਨਿਆਂ ਦਾ ਚੰਦ ਵੇ, ਚੰਦ ਵੇ ਬਨਿਆਂ । 2 ।
ਵ੍ਹੌਟੀ ਗੋਭੀ ਦਾ ਫੁੱਲ ਵੇ, ਫੁੱਲ ਵੇ ਬਨਿਆਂ । 2 ।

## ਚੀਰਾ ਸੱਜਦਾ ਸੀ ਕਲਗੀ ਦੇ ਨਾਲ ਤੈਂਨੂੰ

ਸੁਣ ਤਾਂ ਚੀਰਾ ਵਾਲ਼ਿਆ, ਚੀਰਾ ਸੱਜਦਾ ਸੀ ਕਲਗੀ ਦੇ ਨਾਲ਼ ਤੈਂਨੂੰ ।
ਪ੍ਹੈਨਣ ਦੀ ਸਾਰ ਨਾ ਜਾਣਾ, ਲੋਕੋ ਮੇਲੇ ਜੀਂਦਿਆ ਦੇ... ... .... ... ।
ਸੁੰਣੇ ਤਾਂ ਚੀਰੇ ਵਾਲ਼ਿਆ, ਘੋੜਾ ਸੱਜਦਾ ਸੀ ਕਾਠੀ ਦੇ ਨਾਲ਼ ਤੈਂਨੂੰ ।
ਪ੍ਹੈਨਣ ਦੀ ਸਾਰ ਨਾ ਜਾਣਾ ਲੋਕੋ, ਮੇਲੇ ਜੀਂਦਿਆ ਦੇ... ... ... .. ।
ਸੁੰਣੇ ਤਾਂ ਵਰਦੀ ਵਾਲ਼ਿਆ ਜੀ, ਵਰਦੀ ਸਜਦੀ ਸੀ ਬਟਣਾਂ ਦੇ ਨਾਲ ਤੈਂਨੰ ।
ਪ੍ਹੈਨਣ ਦੀ ਸਾਰ ਨਾ ਜਾਣਾ ਲੋਕੋ, ਮੇਲੇ ਜੀਂਦਿਆ ਦੇ.... .... ।
ਸੁੰਣੇ ਤਾਂ ਜੋੜੇ ਵਾਲਿਆ ਜੀ, ਜੋੜਾ ਸੱਜਦਾ ਸੀ ਤਿੱਲੇ ਨਾਲ ਤੈਨੂੰ ।
ਪ੍ਹੈਨਣ ਦੀ ਸਾਰ ਜਾਣਾ ਲੋਕੋ, ਮੇਲੇ ਜੀਂਦਿਆ ਦੇ............ ।
ਸੁੰਣੇ ਤਾਂ ਸਾਲੂ ਵਾਲੀਏ ਨੀ, ਸਾਲੂ ਤਾਂ ਸੱਜਦਾ ਸੀ ਗੋਟੇ ਨਾਲ ਤੈਨੂੰ ।
ਪ੍ਹੈਨਣ ਦੀ ਸਾਰ ਨਾ ਜਾਣਾ ਲੋਕੋ, ਮੇਲੇ ਜੀਂਦਿਆ ਦੇ........... ।
ਸੁੰਣੇ ਤਾਂ ਚੂੜੇ ਵਾਲੀਏ, ਨੀ ਚੂੜਾ ਸਜਦਾ ਸੀ ਬੋਰਾਂ ਦੇ ਨਾਲ ਤੈਨੂੰ ।
ਪ੍ਹੈਨਣ ਦੀ ਸਾਰ ਨਾ ਜਾਣਾ ਲੋਕੋ, ਮੇਲੇ ਜੀਂਦਿਆਂ ਦੇ...........

## ਨੀਲੀ ਸੀ ਘੋੜੀ ਲਾਲ ਵਛੇਰਾ

ਨੀਲੀ ਸੀ ਘੋੜੀ ਲਾਲ ਵਛੇਰਾ । 2 ।
ਬੂਨੀਂ ਵੇ ਲਾੜਿਆ ਬਾਬੇ ਹਵੇਲੀ । 2 ।
ਦਾਦੀ ਤਾਂ ਰਾਣੀ ਨੇ ਸੀਸ ਜੇ ਦਿੱਤੀ । 2 ।
ਜੀਮੀ ਵੇ ਪੋਤਿਆ ਲੱਖ ਬੱਰਸੇ । 2 ।
ਨੀਲੀ ਸੀ ਘੋੜੀ ਲਾਲ ਵਛੇਰਾ । 2 ।
ਬੂਨੀਂ ਵੇ ਲਾੜਿਆ ਤਾਏ ਹਵੇਲੀ । 2 ।
ਤਾਈ ਤਾਂ ਰਾਣੀ ਨੇ ਸੀਸ ਜੋ ਦਿੱਤੀ । 2 ।
ਜੀਮੀਂ ਵੇ ਜਠੀਆ ਲੱਖ ਬੱਰਸੇ । 2 ।

## ਬਨਾਂ ਮੋਟਰ ਤੇ ਆਇਆ

ਸ਼ਿਮਲਾ ਪਹਾੜੀ ਤੇ ਦੂਰ ਨੀ ਬਨਾਂ ਮੋਟਰ ਤੇ ਆਇਆ । 2 ।
ਇਸ ਬਨੇਂ ਨੂੰ ਕਾਠੀ ਚਾਹੀਏ, ਇਸ ਬਨੇਂ ਨੂੰ ਘੋੜੀ ਚਾਹੀਏ । 2 ।
ਕਾਠੀ ਨੇ ਲਾ ਲਈ ਬਹਾਰ ਨੀਂ ਬਨਾਂ ਮੋਟਰ ਤੇ ਆਇਆ । 2 ।
ਇਸ ਬਨੇਂ ਨੂੰ ਚੀਰਾ ਵੀ ਚਾਹੀਏ, ਇਸ ਬਨੇਂ ਨੂੰ ਚੀਰਾ ਚਾਹੀਏ । 2 ।
ਕਲਗੀ ਨੇ ਲਾ ਲਈ ਬਹਾਰ, ਨੀ ਬਨਾਂ ਮੋਟਰ ਤੇ ਆਇਆ । 2 ।
ਇਸ ਬਨੇਂ ਨੂੰ ਬਰਦੀ ਵੀ ਚਾਹੀਏ, ਇਸ ਬਨੇਂ ਨੂੰ ਬਰਦੀ ਚਾਹੀਏ । 2 ।
ਬਟਨਾਂ ਨੇ ਲਾ ਲਈ ਬਹਾਰ, ਜੀ ਬਨਾਂ ਮੋਟਰ ਤੇ ਆਇਆ । 2 ।
ਇਸ ਬਨੇਂ ਨੂੰ ਜੋੜਾ ਵੀ ਚਾਹੀਏ; ਇਸ ਬਨੇਂ ਨੂੰ ਜੋੜਾ ਚਾਹੀਏ । 2 ।
ਤਿੱਲੇ ਨੇ ਲਾ ਲਈ ਬਹਾਰ ਜੀ, ਨੀ ਬਨਾਂ ਮੋਟਰ ਤੇ ਆਇਆ । 2 ।
ਸ਼ਿਮਲਾ ਪਹਾੜੀ ਤੇ ਦੂਰ ਜੀ, ਬਨਾਂ ਮੋਟਰ ਤੇ ਆਇਆ । 2 ।

## ਇਥੋਂ ਤੀ ਲੰਘਣਾ ਮੇਰੇ ਵੀਰ ਦਾ ਘੋੜਾ

ਮੈਂ ਤੈਂਨੂੰ ਆਖਿਆ ਮਾਲੀ ਦੇ ਬੇਟੇ, ਮੈਂ ਤੈਂਨੂੰ ਆਖਿਆ ਮਾਲੀ ਦੇ ਬੇਟੇ ।
ਰਾਹ ਵਿਚ ਹੱਟ ਨਾ ਪਾ, ਰਾਹ ਵਿਚ ਹੱਟ ਨਾ ਪਾ ਓ ਰਜਾਦਾ ।
ਰਾਹ ਵਿਚ ਹੱਟ ਨਾ ਪਾ, ਓਂ ਰਜਾਦਾ, ਰਾਹ ਵਿੱਚ ਹੱਟ ਨਾ ਪਾ ।
ਇਥੋਂ ਦੀ ਲੰਘਣਾ ਮੇਰੇ ਵੀਰੇ ਦਾ ਘੋੜਾ, ਇਥੋਂ ਦੀ ਲੰਘਣਾ ਮੇਰੀ ਭਾਬੋ ਦਾ ਡੋਲਾ ।
ਹੱਟ ਪੱਲਟਿਆ ਜਾ ਰੱਟ ਪੱਲਟਿਆ ਜਾ ਓ ਰਜਾਦਾ ।
ਹੱਟ ਪੱਲਟਿਆ ਜਾ ਓ ਰਜਾਦਾ, ਰਾਹ ਵਿੱਚ ਹੱਟ ਨਾ ਪਾ ।
ਮੈਂ ਤੈਂਨੂੰ ਆਖਿਆ ਸੁਨਿਆਰੇ ਦੇ ਬੇਟੇ, ਮੈਂ ਤੈਂਨੂੰ ਆਖਿਆ ਸੁਨਿਆਰੇ ਦੇ ਬੇਟੇ ।
ਰਾਹ ਵਿਚ ਹੱਟ ਨਾ ਪਾ, ਪਾ ਓ ਰਜਾਦਾ... ... ... ... ... ।
ਮੈਂ ਤੈਂਨੂੰ ਆਖਿਆ ਮੋਚੀ ਦੇ ਬੇਟੇ, ਮੈਂ ਤੈਂਨੂੰ ਆਖਿਆ ਮੋਚੀ ਦੇ ਬੇਟੇ ।
ਰਾਹ ਵਿੱਚ ਹੱਟ ਨਾ ਪਾ, ਪਾ ਓ ਰਜਾਦਾ... ... ... ... ... ।
ਮੈਂ ਤੈਂਨੂੰ ਆਖਿਆ ਲਲਾਰੀ ਦੇ ਬੇਟੇ, ਮੈਂ ਤੈਂਨੂੰ ਆਖਿਆ ਲਲਾਰੀ ਦੇ ਬੇਟੇ ।
ਰਾਹ ਵਿੱਚ ਹੱਟ ਨਾ ਪਾ, ਰਾਹ ਵਿੱਚ ਹੱਟ ਨਾ ਪਾ ਓ ਰਜਾਦਾ ।
ਰਾਹ ਵਿਚ ਹੱਟ ਨਾ ਪਾ ਓ ਰਜਾਦਾ, ਰਾਹ ਵਿਚ ਹੱਟ ਨਾ ਪਾ ।
ਇਥੋਂ ਦੀ ਲੰਘਣਾ ਮੇਰੇ ਬੀਰੇ ਦਾ ਘੋੜਾ, ਇਥੋਂ ਦੀ ਲੰਘਣਾ ਮੇਰੀ ਭਾਬੋ ਦਾ ਡੋਲਾ ।
ਹੱਟ ਪੱਲਟਿਆ ਜਾ, ਹੱਟ ਪੱਲਟਿਆ ਜਾ ਓ ਰਜਾਦਾ ।
ਰਾਹ ਵਿਚ ਹੱਟ ਨਾ ਪਾ ਓ ਰਜਾਦਾ, ਰਾਹ ਵਿਚ ਹੱਟ ਨਾ ਪਾ ।

## ਬਨਾਂ ਫਿਰੇ ਗਲ਼ੀਆਂ

ਵਰਦੀ ਪ੍ਰੈਨ ਬਨਿਆਂ ਪਰਨੇ ਲੱਗਣ ਕਲ਼ੀਆਂ । 2 ।
ਪਰਨੇ ਲੱਗਣ ਕਲੀਆਂ, ਬਨਾਂ ਫਿਰੇ ਗਲ਼ੀਆਂ । 2 ।
ਨੀ ਲਹੌਰ ਦੀ ਗਲ਼ੀ, ਨੀ ਪਸ਼ੌਰ ਦੀ ਗਲ਼ੀ । 2 ।
ਨੀ ਸ਼ਤਾਨ ਬਨੀਂ ਦਾ ਬਨਾਂ ਫਿਰੇ ਗਲ਼ੀਆਂ । 2 ।
ਘੋੜਾ ਪ੍ਰੈਨ ਬਨਿਆਂ, ਕਾਫੀ ਲੱਗਣ ਕਲੀਆਂ । 2 ।
ਨੀ ਲਹੌਰ ਦੀ ਗਲੀ ਨੀ ਪਸ਼ੌਰ ਦੀ ਗਲ਼ੀ । 2 ।
ਨੀ ਸ਼ਤਾਨ ਬਨੀਂ ਦਾ ਬਨਾਂ ਫਿਰੇ ਗਲ਼ੀਆਂ । 2 ।

## ਜੇਬੇ ਪਾ ਲੈ ਵੀਰਾ ਲੌਂਗ ਲੈਚੀ ਦਾਣਾ

"ਘੋੜਾ ਪ੍ਰੈਨ ਵੀਰਾ ਸਾਵਰੇ ਘਰ ਜਾਣਾ । 2 ।
ਜੇਬੇ ਪਾ ਲੈ ਵੀਰਾ, ਲੌਂਗ ਲੈਚੀ ਦਾਣਾ । 2 ।"
"ਏ੍ਹ ਕੀ ਕਰਨਾ ਭੈਣੇ, ਲੌਂਗ ਲੈਚੀ ਦਾਣਾ । 2 ।"
"ਸਾਲ਼ੀਆਂ ਮੰਗਦੀਆਂ ਵੀਰਾ ਲੌਂਗ ਲੈਚੀ ਦਾਣਾ । 2 ।
ਲੌਂਗ ਦੇ ਦਿਓ ਵੀਰ, ਲੈਚੀਆਂ ਮੋੜ ਲਿਆਇਉ । 2 ।"
"ਜੋੜਾ ਪ੍ਰੈਨ ਵੀਰਾ, ਸਾਵਰੇ ਘਰ ਜਾਣਾ । 2 ।"
ਜੇਬੇ ਪਾ ਲੈ ਵੀਰਾ, ਲੌਂਗ ਲੈਚੀ ਦਾਣਾ । 2 ।

“ਏ੍ਹੇ ਕੀ ਕਰਨਾ ਭੈਣੇਂ ਲੌਂਗ ਲੈਚੀ ਦਾਣਾ । 2 ।”
“ਸਾਲ਼ੀਆਂ ਮੰਗਦੀਆ ਵੀਰਾ ਲੌਂਗ ਲੈਚੀ ਦਾਣਾ । 2 ।
ਲੌਂਗ ਦੇ ਦਿਉ ਵੀਰਾ, ਲੈਚੀਆਂ ਮੋੜ ਲਿਆਇਉ । 2 ।”

## ਲਾਡਲਿਆ ਮੱਖਣ ਖਾਇ ਕੇ ਜਾਵੀਂ

ਦਾਦੀ ਤਾਂ ਬਨੇਂ ਦੀ ਦੁੱਧ ਵਰੋਲ਼ੇ, ਦਾਦੀ ਤਾਂ ਬਨੇਂ ਦੀ ਦੁੱਧ ਵਰੋਲੇ ।
ਦਾਦੀ ਦਿਆ ਲਾਡਲਿਆ, ਮੱਖਣ ਖਾਇ ਕੇ ਜਾਵੀਂ । 2 ।
ਬਿੰਦਰਾਬਣ ਦੀਆਂ ਭੀੜੀਆਂ ਗਲ਼ੀਆਂ । 2 ।
ਦਾਦੀ ਦਿਆ ਲਾਡਲਿਆ, ਘੋੜਾ ਸ੍ਹੈਜੇ ਦੁੜਾਵੀਂ । 2 ।
ਬਿਦਰਾ ਤਾਂ ਬਣ ਦੀਆਂ ਸ੍ਹੋਣੀਆ ਨਾਰਾਂ । 2 ।
ਦਾਦੀ ਦਿਆ ਲਾਡਲਿਆ, ਅੱਖਿਆਂ ਨੀਵੀਆਂ ਰੱਖੀਂ । 2 ।
ਮਾਈ ਤਾਂ ਬਨੇਂ ਦੀ ਦੁੱਧ ਵਰੋਲੇ, ਮਾਈ ਤਾਂ ਬਨੇਂ ਦੀ ਦੁੱਧ ਵਰੋਲੇ ।
ਮਾਈ ਦਿਆ ਲਾਡਲਿਆ, ਮੱਖਣ ਖਾਇ ਕੇ ਜਾਵੀਂ । 2 ।
ਬਿਦਰਾਬਣ ਦੀਆਂ ਭੀੜੀਆਂ ਗਲੀਆਂ । 2 ।
ਮਾਈ ਦਿਆ ਲਾਡਲਿਆ, ਘੋੜਾ ਸ੍ਹੈਜੇ ਦੁੜਾਵੀਂ । 2 ।
ਬਿੰਦਰਾਬਣ ਦੀਆਂ ਸ੍ਹੋਣੀਆਂ ਨਾਰਾਂ । 2 ।
ਮਾਈ ਦਿਆ ਲਾਡਲਿਆ, ਅੱਖੀਆਂ ਨੀਵੀਆਂ ਰੱਖੀਂ । 2 ।

## ਵਰਦੀ ਪਹਿਨੇ ਸਾਡਾ ਛੋਟਾ ਜਿਹਾ ਦੇਰ

“ਦੇਖੋ ਸ੍ਹਈਉ ਨੀ ਸਾਡਾ ਛੋਟਾ ਜੇਹਾ ਦੇਰ,
ਵਰਦੀ ਪ੍ਹੈਨੇ ਸਾਡਿਆਂ ਮ੍ਹੈਨਾਂ ਦੇ ਹੇਠ,
ਤੁਸੀਂ ਪ੍ਹੈਨੋਂ ਅਸੀਂ ਪੇਈਏ ਚਲੇ । 2 ।”
“ਕਿਉਂ ਹੋਈ ਭਾਬੋ ਏਡੀ ਦਲਗੀਰ,
ਪਾ ਦੇਵਾਂ ਚਿੱਠਿਆਂ ਮੰਗਾਂ ਦੇਵਾਂ ਵੀਰ,
ਛੁੱਟੀਆਂ ਲੈ ਕੇ ਨੌਕਰ ਘਰਾਂ ਨੂੰ ਆਏ ।”
“ਦੇਖੋ ਸ੍ਹਈਉ ਨੀ ਸਾਡਾ ਛੋਟਾ ਜੇਹਾ ਦੇਰ ।
ਚੀਰੇ ਪ੍ਹੈਨੋ ਸਾਡੇ ਮ੍ਹੈਲਾਂ ਦੇ ਹੇਠ,
ਤੁਸੀਂ ਪ੍ਹੈਨੇ ਅਸੀਂ ਪੇਈਏ ਚਲੇ ।”
“ਤੂੰ ਕਿਉਂ ਨੀ ਭਾਬੋ ਹੋਈ ਦਲਗੀਰ,
ਪਾ ਦੇਵਾਂ ਚਿੱਠੀਆਂ ਮੰਗਾ ਦੇਵਾ ਵੀਰ,
ਛੁੱਟੀਆਂ ਲੈ ਕੇ ਨੌਕਰ ਘਰਾਂ ਨੂੰ ਆਏ ।”

## ਹੇਠਾਂ ਨੀਲਾ ਜੋ ਘੋੜਾ

ਮੇਰੇ ਵ੍ਹੇੜੇ ਦਿਆ ਨਿੰਬੂਆਂ, ਤੇਰੀ ਹਰ ਠੰਡੀ ਛਾਂ ਵੇ, । 2 ।
ਪੋਤਾ ਕ੍ਹੇਦਾਂ ਜੁ ਕ੍ਹਈਏ, ਕੌਣ ਜੁ ਰ੍ਹਾ ਵਲ ਜਾਵੇ । 2 ।

ਪੋਤਾ ਬਾਬੇ ਦਾ ਕੁਈਏ, ਬੇਟਾ ਰ੍ਹਾ ਵੱਲ ਜਾਵੇ । 2 ।
ਨਾਲ ਭਰਾਵਾ ਦੀ ਜੋੜੀ, ਬ੍ਹਾਂ ਲਟਕੇਂਦੜਾ ਜਾਵੇ । 2 ।
ਹੇਠਾਂ ਨੀਲਾ ਜੋ ਘੋੜਾ, ਪੌੜ ਵਜਦੇ ਨੀ ਜਾਵਣ । 2 ।
ਸੀਸ ਸੋਨੇ ਦਾ ਸ੍ਹੇਰਾ, ਝਾਲਰ ਝੁਲਦੀ ਨੀ ਜਾਵੇ । 2 ।
ਪੈਰੀਂ ਮਖਮਲ ਜੌੜਾ, ਚਾਲ ਸ਼ਪ੍ਹਾਈਆ ਦੀ ਆਵੇ । 2 ।
ਸੀਸ ਸ੍ਹੋਣਾ ਜੁ ਚੀਰਾ, ਕਲਗੀ ਚਮਕਾਂ ਨੀ ਮਾਰੇ । 2 ।
ਮੇਰੇ ਵ੍ਹੇੜੇ ਦਿਆ ਨਿੰਬੂਆ, ਤੇਰੀ ਹਰੀ ਠੰਡੀ ਛਾਂ ਵੇ । 2 ।

## ਸੱਜ ਰਹੀਆਂ ਸੀ ਕਲੀਆਂ ਓਇ

ਲੰਮਾਂ ਸੀ ਵ੍ਹੇੜਾ ਓਇ,
ਵੀਰਨਾ ਵਿਚ ਕਲੀਆ ਦਾ ਬੂਟਾ ਓਇ । 2 ।
ਵਗਦਾ ਸੀ ਦੱਖਣ ਓਇ,
ਵੀਰਨਾ ਖਿੜ ਰ੍ਹਈਆਂ ਸੀ ਕਲੀਆਂ ਓਇ । 2 ।
ਚੁਗ ਚੁਗ ਕੇ ਕਲੀਆਂ ਓਇ,
ਵੀਰਨਾ ਪਰੋਂਦੀ ਸੀ ਲੜੀਆਂ ਓਇ । 2 ।
ਪਰੋਂਦੀ ਸੀ ਲੜੀਆਂ ਓਇ,
ਸ੍ਹੋਣਿਆਂ ਤੇਰੇ ਸ੍ਹੇਰੇ ਪਰ ਜੜੀਆਂ ਓਇ । 2 ।
ਸ੍ਹੇਰੇ ਤੋਂ ਡਿਗਿਆਂ ਓਇ,
ਵੀਰਨਾ ਤੇਰੀ ਵਰਦੀ ਪਰ ਪਈਆਂ ਓਇ । 2 ।
ਵਰਦੀ ਸੀ ਸ੍ਹੋਣੀ ਓਇ,
ਵੀਰਨਾ ਸੱਜ ਰ੍ਹਈਆ ਸੀ ਕਲੀਆਂ ਓਇ । 2 ।
ਜੋੜਾ ਸੀ ਸ੍ਹੌਣਾ ਓਇ,
ਵੀਰਨਾ ਸੱਜ ਰ੍ਹਈਆ ਸੀ ਕਲੀਆਂ ਓਇ । 2 ।
ਜੋੜੇ ਤੋਂ ਗਿਰਿਆਂ ਓਇ,
ਵੀਰਨਾ ਤੇ ਡੋਲੇ ਪਰ ਪਈਆਂ ਓਇ । 2 ।
ਡੋਲਾ ਸੀ ਸ੍ਹੋਣਾ ਓਇ,
ਵੀਰਨਾ ਸੱਜ ਰ੍ਹਈਆਂ ਸੀ ਕਲੀਆਂ ਓਇ । 2 ।
ਡੋਲੇ ਤੋਂ ਗਿਰਿਆਂ ਓਇ,
ਸ੍ਹੋਣਿਆਂ ਤੇਰੀ ਬਨਰੋ ਪਰ ਪਈਆਂ ਓਇ । 2 ।
ਬਨਰੋ ਸੀ ਸ੍ਹੋਣੀ ਓਇ,
ਵੀਰਨਾ ਸੱਜ ਰ੍ਹਈਆਂ ਸੀ ਕਲੀਆਂ ਓਇ । 2 ।

## ਖੇੜਾ ਜਿੱਤ ਲਿਆ ਸੀ

ਵਰਦੀ ਪ੍ਹੈਨ ਕੇ ਵੀਰਾ, ਸ੍ਹੌਰੇ ਚਲਿਆ ਸੀ ।
ਹੱਥ ਸੋਨੇ ਦੀਆਂ ਛਮਕਾਂ, ਕੋਈ ਹਾਕਮ ਚੜ੍ਹਿਆ ਸੀ ।

ਭੈਣਾਂ ਵੱਲ ਹੋਈਆ ਰਾਹੀ ਵੱਲ ਹੋਏ ਕੋਈ।
ਸੌਰੇ ਦੇ ਦੇਸ ਨੂੰ ਚਲਿਆ ਸੀ।
ਕੌਣ ਬੋਰੀ ਵਾਰੇ, ਕੌਣ ਬੁੱਕ ਵਾਰੇ ਕੋਈ,
ਕੌਣ ਲੱਖ ਰੁਪਈਏ ਵਾਰਦਾ ਸੀ।
ਬਾਬਾ ਬੋਰੀ ਵਾਰੇ ਬਾਬਲ ਬੁੱਕ ਵਾਰੇ ਕੋਈ,
ਲਾਵਾਂ ਲੈ ਲਈਆਂ ਖੇੜਾ ਜਿੱਤ ਲਿਆ ਸੀ ਵੀਰਾ।
ਵੀਰਾ ਬੜਿਆਂ ਨੂੰ ਸੀਸ ਨਿਵਾਉਂਦਾ ਸੀ।
ਲਾਵਾਂ ਲੈ ਲਈਆਂ, ਖੇੜਾ ਜਿੱਤ ਲਿਆ ਸੀ ਵੀਰਾ।
ਵੀਰਾ ਭਾਈਆ ਬਰੋਬਰ ਬ੍ਹੈ ਗਿਆ ਸੀ।
ਅੱਗੇ ਨੀਲਾ ਘੋੜਾ ਪਿੱਛੋਂ ਰੱਤਾ ਡੋਲਾ,
ਵੀਰਾ ਬਾਬਲ ਦੇ ਦੇਸ ਨੂੰ ਆ ਗਿਆ ਸੀ।
ਕੌਣ ਤੇਲ ਚੋਵੇ ਕੋਣ ਪਾਣੀ ਵਾਰੇ ਕੌਣ,
ਕੌਣ ਖੜੀਓ ਵਧਾਈਆ ਮੰਨਦੀ ਸੀ।
ਭਾਬੋ ਤੇਲ ਚੋਵੇ, ਮਾਤਾ ਪਾਣੀ ਵਾਰੇ, ਭੈਣਾਂ,
ਭੈਣਾਂ ਖੜੀਓ ਵਧਾਈਆਂ ਮੰਨਦੀ ਸੀ।
ਅੰਦਰ ਵੜ ਗਿਆ, ਬੂਹਾ ਟੱਪ ਗਿਆ ਵੀਰਾ,
ਬੀਰਾ ਬੜਿਆਂ ਨੂੰ ਸੀਸ ਨਿਵਾਂਵਦਾ ਸੀ।

## ਨੀ ਇਹ ਸੁੱਚੇ ਲੌਂਗ ਦਾ ਮੋਤੀ

ਬਨਾਂ ਨੀ ਮੇਰਾ ਪ੍ਹੈਨ ਕੇ ਚੀਰਾ ਨੀ ਜਾਂਦਾ ਦਾਦੀ ਦੇ ਵ੍ਹੇੜੇ। 2।
ਨੀ ਜਾਂਦਾ ਦਾਦੀ ਦੇ ਵ੍ਹੇੜੇ, ਨੀ ਖਾਂਦੀ ਲੱਡੂ ਤੇ ਪੇੜੇ। 2।
ਨੀ ਜਾਂਦਾ ਦਾਦੀ ਦੇ ਵ੍ਹੇੜੇ, ਨੀ ਪਾਉਂਦਾ ਪੰਜ ਸੱਤ ਫੇਰੇ। 2।
ਨੀ ਪਾਉਂਦਾ ਪੰਜ ਸੱਤ ਫੇਰੇ, ਨੀ ਖਾਂਦਾ ਲੱਡੂ ਦੇ ਪੇੜੇ। 2।
"ਨੀ ਸੁਈਆਂ ਮੈਂਨੂੰ ਪੁੱਛਣ ਲੱਗੀਆਂ, ਨੀ ਇਹ ਕੀ ਲੱਗਦਾ ਤੇਰਾ। 2।"
"ਨੀ ਏ੍ਹ ਮੇਰੀ ਨੱਥ ਦੀ ਮਛਲੀ, ਨੀ ਸੁੱਚੇ ਲੌਂਗ ਦਾ ਮੋਤੀ।
ਬਨਾਂ ਨੀ ਮੇਰਾ ਪ੍ਹੈਨ ਕੇ ਵਰਦੀ ਨੀ ਜਾਂਦਾ ਮਾਈ ਦੇ ਵ੍ਹੇੜੇ।
ਨੀ ਜਾਂਦਾ ਮਾਈ ਦੇ ਵ੍ਹੇੜੇ... ... ... ... ... ... ... .....

PunjabiLibrary.com